ਜਸਾਵਾਂ ਸਿੱਖਾਂ ਦਾ

ਕਤਲੇਆਮ

"Nov. 1984"

ਹੁਕਮਤ ਦਾ ਹੱਥ !

ਹਜਾਰਾਂ

ਸਿੱਖਾਂ ਦਾ

ਕਤਲੇਆਮ

''Nov. 1984''

ਹਕੂਮਤ ਦਾ ਹੱਥ

Qaumipatrika Newspaper Group
5, Bahadur Shah Zafar Marg, Press Area
ITO, New Delhi-110002
Phone No. : 9971359517, 9312262300,
011-65167910, 011-23315814
website: aisc-b.org

Author : Sardar Gurcharan Singh Babbar.

Rs. : 350/-
USD 12

Copyright © Sardar Gurcharan Singh Babbar, 2010

PRINTED IN INDIA
Published by Sardar Gurcharan Singh Babbar
printed at Qaumi Patrika press A-4/144 Tronica City Loni Ghaziabad (U.P) published at 415, Qaumi Patrika Newspaper Group 5, Bahudur Shah Zafar Marg, Press Area, ITO, New Delhi-110002

THIS BOOK IS DEDICATED TO THE MEMORY of MY BELOVED PARENTS

- **Late Sardar Jaswant Singh** (Father)
  Birth Place
  Village- Gaia,Tehsil Chakwal,
  Distt. Jhelam (Now in Pakistan)
- **Late Smt. Dhanvanti Jee** (Mother)
  Father's Name: Shri Lala Prabh Dayal Ji
  Birth Place
  Tehsil Chakwal,
  Distt. Jhelam (Now in Pakistan)
- **Late Smt. Daljeet Kaur** (Dharam Mata)
- **Late Sardar Inder Singh** (Elder Brother)

And

This book is also dedicated to the memory of 5,000 Sikh who were killed and hundreds of Gurudwara and Sri Guru Granth Shaib that were burnt in November 1984

MY FIGHTER TEAM MATE LEADERS

- GIANI HARJEET SINGH –*ROHINI*
- S. ATMA SINGH LUBANA –*TILAK NAGAR*
- S.GURBACHANN SINGH KHALSA – *NEW SHAIB PURA*
- S.JARNAIL SINGH – *SANGAM PARK*
- S.SATTU SINGH - *SANGAM PARK*
- S.HARDEV SINGH PARDESI - *JHEEL YAMUNA PAAR*
- S.KARTAR SINGH JOHAL - *HAKIKAT NAGAR*
- S.DARSHAN SINGH BHATIA –*GEETA COLONY*
- S.MAAN SINGH - *KALKAJI*
- S.PRITAM SINGH - *KALKAJI*
- S.JAGMOHAN SINGH – *SANT GARH*

MY REAL POWER

Smt.Tejinder Kaur Babbar(wife)
Ms. Simmi Babbar (Daughter)

Sardar Gurcharan Singh Babbar (Author) Spend long 25 years for justice publically on record but Mr. Babbar totally failed to achieve the goal due to Corrupt judicial system in India. For more information please look into chapter 2 & page No. 5.

About Author

Sardar Gurcharan Singh Babbar
Date of Birth: 23 April 1957
Birth Place: Delhi
Education from: Delhi University
Author
Indian Government Organized Carnage (Nov. 1984)
Government Organized Carnage
"Sarkari Qat-le-aam"
In English, Hindi, Punjabi, Urdu Language Editions
(www.1984carnage.com)
President
All India Sikh Conference (Babbar)
www.aisc-b.org
Editor- in- Chief Qaumi Patrika Group
Qaumi Patrika Hindi Daily Newspaper
Qaumi Patrika Punjabi Daily Newspaper
Qaumi Patrika Urdu Daily Newspaper
Sandhya Qaumi Patrika Daily Newspaper (Evening)
www.qphindi.indiareport.com
E-MAIL-Qaumipatrika_hr@yahoo.com
Qaumipatrika_new@yahoo.co.in

Editor- in- Chief
The Sikh Times Daily English Newspaper Group
www.thesikhtimes.net
E-MAIL- thesikhtimes@gmail.com
editor@sikhtimes.net
Corporate Office Address:
5, Bahadur Shah Zafar Marg,
Press Area, ITO, New Delhi -110002

Phone numbers: 0112-65167910, 0112-23315814
FAX: 0112-41509689

Office Address: A/7 Jai Building Top floor Commercial Complex,
Dr. Mukherjee Nagar Delhi -110009
Sub-office: A8/9 Ansal Building Basement, Dr. Mukherjee Nagar Delhi- 110009

Phone Number : 0112-27651938, 0112-27658475

Co-ordination Office: A4/144 Tronica City Industrial Area Ghaziabad (U.P)

Residence Address: N-31, Dr. Mukherjee Nagar, Delhi-110009

Residence Phone number: 0112-27651645, 0112-65950608
Personal
You can type Sardar Gurcharan Singh Babbar in google search to know more about him.

Mobile Numbers: 9971359517, 9312262300
You can also free download this book from our website: www.1984carnage.com in Hindi, English, Punjabi and Urdu languages through pdf file on A4 size sheet.

ਤਤਕਰਾ

ਲੜੀ ਨੰ :	ਤਤਕਰਾ	ਪੰਨਾ
1.	ਖ਼ੂਨ ਕਾ ਬਦਲਾ ਖ਼ੂਨ	1
2.	ਸੁਪਰੀਮ ਕੋਰਟ ਤੇ ਕਲੰਕ ਦਾ ਕਾਲਾ ਟਿੱਕਾ	5
3.	ਵਿਧਵਾਵਾਂ ਅਤੇ ਪੀੜਤਾਂ ਦੀ ਆਪਬੀਤੀ	11
4.	ਹੱਤਿਆਕਾਂਡ ਤੇ ਵਿਸ਼ੇਸ਼ ਅਧਿਅਨ	39
5.	ਸੋਚੀ ਸਮਝੀ ਸਾਜ਼ਿਸ਼	55
6.	ਹਮਲਾਵਰਾਂ ਦਾ ਪਿਛੋਕੜ	71
7.	ਘਟਨਾਕ੍ਰਮ	103
8.	ਚਸ਼ਮਦੀਦਾਂ ਦੇ ਬਿਆਨ	109
9.	ਘਟਨਾਵਾਂ ਨਾਲ ਸੰਬੰਧਤ ਅਖ਼ਬਾਰੀ ਰਿਪੋਰਟਾਂ	123
10.	ਦੋਸ਼ੀ ਵਿਅਕਤੀਆਂ ਦੀ ਲਿਸਟ	135
11.	ਕਾਨਪੁਰ ਵਿੱਚ ਦੰਗਾ ਫ਼ਸਾਦ	141
12.	ਨਿਰਦੋਸ਼ਾਂ ਦਾ ਕਤਲੇਆਮ ਕਿਵੇਂ ਤੇ ਕਿਉਂ ਹੋਇਆ?	153
13.	ਨਵੰਬਰ '84' ਹਤਿਆਕਾਂਡ ਚੱਕਰਵਿਯੂ-ਰਚਨਾ ਦੇ ਮੁੱਖ ਕਰਣਧਾਰ-ਰਾਓ	165
14.	ਇਹ ਸਭ ਸਿੱਖਾਂ ਨੂੰ ਸਬਕ ਸਿਖਾਣ ਲਈ ਕੀਤਾ ਗਿਆ	171
15.	ਯੋਜਨਾਬੱਧ ਤਰੀਕੇ ਨਾਲ ਕਤਲੇਆਮ	179
16.	ਸਬੂਤ ਮਿਟਦੇ ਜਾ ਰਹੇ ਹਨ	183
17.	ਭਾਰਤ ਦਾ ਨਿਆਂ-ਪ੍ਰਬੰਧ	185
18.	ਸਿੱਖਾਂ ਨੂੰ ਕਿਹਾ ਜਾਂਦਾ ਹੈ ਕਿ ਨਵੰਬਰ '84' ਦੇ ਹੱਤਿਆਕਾਂਡ ਨੂੰ ਭੁੱਲ ਜਾਓ	189
19.	ਮਿਸ਼ਰਾ ਕਮਿਸ਼ਨ ਰਿਪੋਰਟ ਦੀ ਚੀਰਫ਼ਾੜ	193
20.	1965 ਪ੍ਰਦਰਸ਼ਨ-ਲੇਕਿਨ ਨਿਆਂ ਖਾਮੋਸ਼ 'ਸੰਘਰਸ਼ ਅਜੇ ਜਾਰੀ ਹੈ'	217

My Life is Targeted By -Killers & Conspirator's

Already my life is in danger, after the release of this book I will be in more danger as I am getting frequent threatens that me and my family will be destroyed. There have been attacks before on me. The criminally accused big Politicians who are now in ruling party in Central Government and the accused High Ranked Officers in Delhi Police have tried level best to restrict my pen and my voice against the injustice, but they never succeeded in their evil intensions. But it is understood that these big Politicians and the High rank officers are very powerful and are capable of doing any thing. I, declare here that if me and my family members are been eliminated then the accused Politicians and the accused Policemen will be fully responsible, as I have already mentioned their names in my book.

Author
-Sardar Gurcharan Singh Babbar

ਭੂਮਿਕਾ

'ਨਵੰਬਰ 1984' ਵਿੱਚ ਕਾਂਗਰਸ ਸਰਕਾਰ ਵਲੋਂ ਬੜੇ ਯੋਜਨਾਬੰਧ ਤਰੀਕੇ ਨਾਲ ਨਿਰਦੋਸ਼ ਸਿੱਖਾਂ ਦਾ ਕਤਲੇਆਮ ਕਰਵਾਇਆ । ਇਸ ਭਿਆਨਕ ਹੱਤਿਆਕਾਂਡ ਦੀ ਵਿਯੂ-ਰਚਨਾ ਕਰਨ ਵਾਲਿਆਂ ਵਿੱਚੋਂ ਪ੍ਰਮੁੱਖ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਰਾਜੀਵ ਗਾਂਧੀ, ਤੱਤਕਾਲੀਨ ਗ੍ਰਹਿ ਮੰਤਰੀ ਪੀ. ਵੀ. ਨਰਸਿਮ੍ਹਾ ਰਾਓ, ਅਰੁਨ ਨਹਿਰੂ, ਭਜਨ ਲਾਲ, ਸਾਬਕਾ ਕੇਂਦਰੀ ਮੰਤਰੀ ਐਚ. ਕੇ. ਐਲ. ਭਗਤ, ਸਾਬਕਾ ਕੇਂਦਰੀ ਮੰਤਰੀ ਜਗਦੀਸ਼ ਟਾਈਟਲਰ, ਤਤਕਾਲੀਨ ਗ੍ਰਹਿ ਸੈਕਟਰੀ ਐਮ. ਐਮ. ਕੇ. ਵਲੀ, ਦਿੱਲੀ ਦੇ ਉੱਪਰਾਜਪਾਲ ਪੀ. ਜੀ. ਗੱਵਈ ਅਤੇ ਦਿੱਲੀ ਦੇ ਪੁਲਿਸ ਕਮਿਸ਼ਨਰ ਸੁਭਾਸ਼ ਟੰਡਨ ਤੇ ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸੈਕਟਰੀ ਸੱਜਣ ਕੁਮਾਰ ਸਨ ।

ਇਸ ਹੱਤਿਆਕਾਂਡ ਵਿੱਚ 5000 **ਨਿਰਦੋਸ਼** ਸਿੱਖ ਮਾਰੇ ਗਏ, 50,000 ਤੋਂ ਜ਼ਿਆਦਾ ਲੋਕ ਸ਼ਰਨਾਰਥੀ ਬਣੇ, 20,000 ਲੋਕ ਜ਼ਖ਼ਮੀ ਹੋਏ, ਸੈਂਕੜੇ ਗੁਰਦਵਾਰੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜਲਾਏ ਗਏ ।

ਸਰਵਜਨਿਕ ਤੌਰ ਤੇ ਸਿੱਖ ਔਰਤਾਂ ਨਾਲ ਬਲਾਤਕਾਰ ਕੀਤੇ ਗਏ । ਸਿੱਖਾਂ ਦੀ ਅਰਬਾਂ-ਖਰਬਾਂ ਰੁਪਇਆਂ ਦੀ ਸੰਪਤੀ ਨੂੰ ਲੁੱਟ ਲਿਆ ਗਿਆ ਤੇ ਸਾੜ ਦਿੱਤਾ ਗਿਆ । ਹਜ਼ਾਰਾਂ ਵਿਧਵਾਵਾਂ ਹੋਈਆਂ ਅਤੇ ਸੈਂਕੜੇ ਬੱਚੇ ਯਤੀਮ ਹੋਏ ਅਤੇ ਹਜ਼ਾਰਾਂ ਬਜ਼ੁਰਗ ਬੇਸਹਾਰਾ ਬਣੇ । ਇਤਨਾ ਵੱਡਾ ਅਤੇ ਭਿਆਨਕ ਹੱਤਿਆਕਾਂਡ ਕਰਨ ਤੋਂ ਬਾਦ ਦੂਰਦਰਸ਼ਨ ਦੇ ਰਾਹੀਂ ਦੇਸ਼ ਦੇ ਕਰੋੜਾਂ ਲੋਕਾਂ ਦੇ ਸਾਹਮਣੇ ਛਾਤੀ ਠੋਕ ਕੇ ਅਨਾਊਂਸਮੈਂਟ ਕੀਤੀ

"ਜਬ ਕੋਈ ਬੜਾ ਪੇੜ ਗਿਰਤਾ ਹੈ, ਧਰਤੀ ਤੋ ਹਿਲਤੀ ਹੀ ਹੈ ।"

ਇਸ ਦਿੱਲ ਦਹਿਲਾ ਦੇਣ ਵਾਲੇ ਹੱਤਿਆਕਾਂਡ ਦੇ ਬਾਵਜੂਦ ਸੁਪਰੀਮ ਕੋਰਟ ਸਮੇਤ ਦੇਸ਼ ਭਰ ਦੀਆਂ ਸਾਰੀਆਂ ਨਿਆਇਕ ਸੰਸਥਾਵਾਂ ਖਾਮੋਸ਼ ਰਹੀਆਂ ।

ਕੀ ਬੋਫ਼ੋਰਸ ਕਾਂਡ, ਹਵਾਲਾ ਕਾਂਡ, ਯੂਰੀਆ ਕਾਂਡ, ਲੱਖੂ ਭਾਈ ਪਾਠਕ ਕਾਂਡ, ਡੇਂਗੂ ਬੁਖਾਰ, ਚਾਰਾ ਘੋਟਾਲਾ ਤੋਂ ਛੋਟੀ ਘਟਨਾ ਹੈ 5,000 ਨਿਰਦੋਸ਼ ਲੋਕਾਂ ਦੀ ਹੱਤਿਆ ?

ਜਦ ਉਪਰਲੇ ਮੁੱਦਿਆਂ ਤੇ ਸੁਪਰੀਮ ਕੋਰਟ ਤੇ ਦਿੱਲੀ ਹਾਈ ਕੋਰਟ ਅਤੇ ਪਟਨਾ ਹਾਈ ਕੋਰਟ ਆਪ ਐਕਸ਼ਨ ਲੈ ਸਕਦੀਆਂ ਹਨ ਤਾਂ—

'ਨਵੰਬਰ 84' ਹੱਤਿਆਕਾਂਡ ਤੇ ਕਿਉਂ ਨਹੀਂ?

ਗੁਰਚਰਨ ਸਿੰਘ ਬੱਬਰ

ਲੇਖਕ ਦੇ ਬਾਰੇ 'ਚ.....

ਇਸ ਪੁਸਤਕ ਦੇ ਲੇਖਕ ਸਰਦਾਰ ਗੁਰਚਰਨ ਸਿੰਘ ਬੱਬਰ ਨੇ ਦਿੱਲੀ ਯੂਨੀਵਰਸਿਟੀ ਤੋਂ ਸਿੱਖਿਆ ਪ੍ਰਾਪਤ ਕੀਤੀ ਹੈ। ਅਤੇ ਉਹ ਕੌਮੀ ਪਤ੍ਰਿਕਾ ਰਾਸ਼ਟਰੀ ਰੋਜ਼ਾਨਾ ਹਿੰਦੀ ਅਖ਼ਬਾਰ ਅਤੇ ਰਾਸ਼ਟਰੀ ਰੋਜ਼ਾਨਾ ਕੌਮੀ ਪਤ੍ਰਿਕਾ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਨ। ਇਸ ਪੁਸਤਕ ਦੇ ਲੇਖਕ ਨੇ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਦੇ ਬਾਅਦ ਹੋਏ ਸਰਕਾਰੀ ਕੱਤਲੇਆਮ ਦੇ ਵਿਰੋਧ 'ਚ 5 ਨੰਵਬਰ '1984' ਨੂੰ ਨਿਆਂ ਦੇ ਲਈ ਪੀੜ੍ਹਤਾਂ ਦੀ ਆਵਾਜ਼ ਬੁਲੰਦ ਕਰਨ ਦੇ ਲਈ ਇਕ ਬਹੁਤ ਅਸਰਦਾਰ ਸੰਗਠਨ ਬਣਾਇਆ। ਇਸ ਸੰਗਠਨ ਦਾ ਨਾਂ ਹੈ ਆਲ ਇੰਡੀਆ ਸਿੱਖ ਕਾਨਫ੍ਰੰਸ।

ਲੇਖਕ ਨੇ 7 ਨਵੰਬਰ '1984' ਨੂੰ ਹਜ਼ਾਰਾਂ ਸਿੱਖ ਦੰਗਾ ਪੀੜ੍ਹਤਾਂ ਦੇ ਨਾਲ ਇੰਡੀਆ ਗੇਟ 'ਤੇ ਅਮਰ ਜਵਾਨ ਜੋਤੀ ਨੂੰ ਪ੍ਰਣਾਮ ਕਰਕੇ ਦੇਸ਼ ਦੇ ਰਾਸ਼ਟਰਪਤੀ ਨੂੰ ਇਕ ਮੈਮੋਰੰਡਮ ਦੇ ਕੇ ਭਾਰਤ ਸਰਕਾਰ ਨੂੰ ਇਸ ਭਿਆਨਕ ਹੱਤਿਆਕਾਂਡ ਦੀ Judicial enquiry ਦੀ ਮੰਗ ਕੀਤੀ ਸੀ। ਲੇਖਕ ਨੇ ਉਸ ਦਿਨ ਤੋਂ ਲੈ ਕੇ ਅੱਜ ਤਕ ਨਿਆਂ ਦੇ ਲਈ 1970 Protest ਕੀਤੇ ਜਿਨ੍ਹਾਂ ਵਿਚ ਭੁੱਖ ਹੜਤਾਲਾਂ, ਮਰਣ-ਵ੍ਰਤ, ਪੈਦਲ-ਮਾਰਚ ਅਤੇ ਪ੍ਰਧਾਨ ਮੰਤਰੀ, ਰਾਸ਼ਟਰਪਤੀ, ਸੰਸਦ, ਗਵਰਨਰ, ਕਮਿਸ਼ਨਰ, ਸੁਪ੍ਰੀਮ ਕੋਰਟ, ਹਾਈ-ਕੋਰਟ ਵਗੈਰਾ ਨੂੰ ਵਾਰ-ਵਾਰ ਮੈਮੋਰੰਡਮ ਦਿੱਤੇ, ਭਾਰਤ-ਯਾਤਰਾ ਕਰਕੇ ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਇਨਸਾਫ ਦੇ ਲਈ ਆਵਾਜ਼ ਬੁਲੰਦ ਕੀਤੀ ਅਤੇ ਧਰਨੇ ਦਿੱਤੇ, Indefinite Hunger Strike, Black Day, Black Week, ਸ਼ਹੀਦੀ ਕਾਨਫ੍ਰੰਸਾਂ ਆਦਿ ਕੀਤੀਆਂ। ਇਸ ਪੁਸਤਕ ਦੇ ਲੇਖਕ ਨੂੰ ਸਾਲ 1987 ਵਿਚ ਦਿੱਲੀ ਪੁਲਿਸ ਨੇ ਖ਼ੂੰਖਾਰ ਅੱਤਵਾਦੀ ਦੱਸ ਕੇ Most Wanted Person Declare ਕਰ ਦਿੱਤਾ ਸੀ।

ਪਰ ਇਸਦੇ ਜਲਦ ਬਾਅਦ ਦੇਸ਼ ਦੇ ਸਾਰੀਆਂ ਵੱਡੀਆਂ ਪਾਰਟੀਆਂ, ਬੁੱਧੀਜੀਵੀ ਅਤੇ ਸਮਾਜ-ਸੇਵੀ ਅਦਾਰਿਆਂ ਦੀ ਪ੍ਰਮੁੱਖ ਹਸਤੀਆਂ ਇਸ ਪੁਸਤਕ ਦੇ ਲੇਖਕ ਦੇ ਹੱਕ ਵਿਚ ਆ ਖੜ੍ਹੀਆਂ ਹੋਈਆਂ, ਅਤੇ ਉਨ੍ਹਾਂ ਨੇ ਸਰਕਾਰ ਦੇ ਇਸ ਅਨਿਆਂ-ਪੂਰਣ ਕੰਮ ਦਾ ਜ਼ਬਰਦਸਤ ਵਿਰੋਧ ਕੀਤਾ ਅਤੇ ਸਰਕਾਰ ਨੂੰ ਖ਼ਬਰਦਾਰ ਰਹਿਣ ਦੀ ਚੁਣੌਤੀ ਦਿੱਤੀ। ਦੇਸ਼ ਦੀ ਸਭ ਤੋਂ ਵੱਡੀ ਹਸਤੀਆਂ ਵਿਚ ਪ੍ਰਮੁੱਖ ਸਨ ਸ਼੍ਰੀ ਅਟਲ ਬਿਹਾਰੀ ਵਾਜਪੇਈ, ਸਾਬਕਾ ਪ੍ਰਧਾਨ ਮੰਤਰੀ, ਭਾਰਤ ਸਰਕਾਰਸ਼੍ਰੀ ਵਿਸ਼ਵਨਾਥ ਪ੍ਰਤਾਪ ਸਿੰਘ, ਸਾਬਕਾ ਪ੍ਰਧਾਨ ਮੰਤਰੀ, ਭਾਰਤ ਸਰਕਾਰ, ਸ਼੍ਰੀ ਇੰਦਰ ਕੁਮਾਰ ਗੁਜਰਾਲ, ਸਾਬਕਾ ਪ੍ਰਧਾਨ ਮੰਤਰੀ ਭਾਰਤ ਸਰਕਾਰ, ਸ਼੍ਰੀ ਲਾਲ ਕ੍ਰਿਸ਼ਣ ਅਡਵਾਨੀ, ਸਾਬਕਾ ਉਪ ਪ੍ਰਧਾਨ ਮੰਤਰੀ, ਭਾਰਤ ਸਰਕਾਰ, ਸ਼੍ਰੀ ਜਾਰਜ ਫਰਨਾਂਡਿਜ਼, ਸਾਬਕਾ ਕੇਂਦਰੀ ਮੰਤਰੀ, ਸ਼੍ਰੀਮਤੀ ਮੇਨਕਾ ਗਾਂਧੀ, ਸਾਬਕਾ ਕੇਂਦਰੀ ਮੰਤਰੀ, ਸਵਾਮੀ ਅਗਨੀਵੇਸ਼, ਪ੍ਰਸਿੱਧ ਸਮਾਜ ਸੇਵੀ ਆਰੀਆ ਸਮਾਜ ਨੇਤਾ, ਜਸਟਿਸ ਰੰਜੀਤ ਸਿੰਘ ਨਰੂਲਾ (ਹਾਈ ਕੋਰਟ), ਸੀਨੀਅਰ ਪੱਤਰਕਾਰ ਅਤੇ

ਰਾਜਨਾਇਕ, ਸ਼੍ਰੀ ਕੁਲਦੀਪ ਨਈਅਰ, ਸ਼੍ਰੀ ਪੀ. ਉਪੇਂਦਰ, ਸਾਬਕਾ ਕੇਂਦਰੀ ਮੰਤਰੀ, ਸਈਦ ਸ਼ਹਾਬੁਦੀਨ, ਸਾਬਕਾ ਸਾਂਸਦ, ਆਰਿਫ ਮੁਹੰਮਦ ਖਾਨ, ਸਾਬਕਾ ਕੇਂਦਰੀ ਮੰਤਰੀ, ਸੈਫੁਦੀਨ ਚੌਧਰੀ, ਸਾਬਕਾ ਸਾਂਸਦ, ਚੌਧਰੀ ਅਜੀਤ ਸਿੰਘ, ਸਾਬਕਾ ਕੇਂਦਰੀ ਮੰਤਰੀ, ਜਸਟਿਸ ਰਾਜਿੰਦਰ ਸੱਚਰ (ਹਾਈ ਕੋਰਟ), ਜਸਟਿਸ ਵੀ.ਐਮ. ਤਾਰਕੁੰਡੇ, (ਸੁਪ੍ਰੀਮ ਕੋਰਟ ਆਫ ਇੰਡੀਆ), ਰਿਟਾਇਰਡ ਲੈਫਟੀਨੈਂਟ ਜਨਰਲ, ਜਗਜੀਤ ਸਿੰਘ ਅਰੋੜਾ, (ਸਾਬਕਾ ਸਾਂਸਦ), ਅਤੇ ਸ਼੍ਰੀ ਸੁਰਿੰਦਰ ਮੋਹਨ, ਸਾਬਕਾ ਸਾਂਸਦ। ਇਸ ਕਿਤਾਬ ਦਾ ਲੇਖਕ ਦੇਸ਼ ਭਰ ਵਿਚ ਇਕਲਾ ਅਜਿਹਾ ਵਿਅਕਤੀ ਹੈ, ਜਿਸ ਨੂੰ ਸਰਕਾਰ ਨੇ ਖੂੰਖਾਰ ਅੱਤਵਾਦੀ ਅਤੇ Most Wanted Person Declare ਕੀਤਾ, ਪਰ ਇਸਦੇ ਜਲਦ ਬਾਅਦ ਹੀ ਭਾਰਤ ਦੇ ਸਾਰੇ ਵੱਡੇ ਲੋਕਾਂ ਨੇ ਸਰਕਾਰ ਨੂੰ ਝਾੜ ਲਗਾਈ। ਜਿਸਦੇ ਫੌਰਨ ਬਾਅਦ ਦਿੱਲੀ ਪੁਲਿਸ ਨੂੰ ਦਿੱਲੀ ਹਾਈ ਕੋਰਟ ਵਿਚ ਜਾ ਕੇ ਇਹ ਕਹਿਣਾ ਪਿਆ ਕਿ– **No no Mr. Babbar is not Terrorist and not Wanted.**

ਲੇਖਕ ਨੂੰ ਉਸੀ ਵੇਲੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਵਿਸ਼ਵਨਾਥ ਪ੍ਰਤਾਪ ਸਿੰਘ ਜੀ ਨੇ ਕਿਹਾ ਸੀ ਕਿ ਬੱਬਰ ਜੀ ਅਕਸਰ ਸਰਕਾਰਾਂ ਵੱਡੇ–ਵੱਡੇ ਅਵਾਰਡ ਆਪਣੀ ਸੋਚ ਅਤੇ ਪਾਰਟੀ ਦੇ ਸ਼ੁਭ ਚਿੰਤਕਾਂ ਨੂੰ ਦਿਆ ਕਰਦੀ ਹੈ, ਯਾਨੀ ਕਿ ਅਵਾਰਡ ਮਿਲਣ ਵਾਲੇ ਵਿਅਕਤੀ ਦੀ ਸਹਿਮਤੀ ਵਿਚ ਸਭ ਪਾਰਟੀਆਂ ਇੱਕਜੁਟ ਨਹੀਂ ਹੋਇਆ ਕਰਦੀਆਂ, ਪਰ ਤੁਹਾਡੇ ਹੱਕ ਵਿਚ ਸਾਰੀਆਂ ਪਾਰਟੀਆਂ ਦੇ ਵੱਡੇ ਲੋਕ ਇਕਜੁੱਟ ਹੋ ਕੇ ਖੜ੍ਹੇ ਹੋ ਗਏ ਹਨ। ਇਸੀ ਲਈ ਇਹ ਅਪੀਲ ਸਿਰਫ ਸਰਕਾਰ ਨੂੰ ਅਪੀਲ ਕਰਨ ਵਾਲਾ ਇਕ ਕਾਗਜ਼ ਨਹੀਂ ਹੈ, ਬਲਕਿ 'ਭਾਰਤ ਰਤਨ' ਦਾ ਅਵਾਰਡ ਹੈ। ਅਤੇ ਜਦ ਵਿਸ਼ਵਨਾਥ ਪ੍ਰਤਾਪ ਸਿੰਘ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਤਾਂ ਲੇਖਕ ਨੂੰ ਬੁਲਾ ਕੇ ਉਨ੍ਹਾਂ ਨੇ ਕਿਹਾ ਸੀ ਕਿ ਹੁਣ ਤੁਸੀਂ ਸਾਡੀ ਪਾਰਟੀ ਵਿਚ ਆ ਜਾਉ, ਤਾਂ ਉਸ ਵੇਲੇ ਲੇਖਕ ਨੇ ਪ੍ਰਧਾਨ ਮੰਤਰੀ ਸ਼੍ਰੀ ਵਿਸ਼ਵਨਾਥ ਪ੍ਰਤਾਪ ਸਿੰਘ ਨੂੰ ਕਿਹਾ ਸੀ ਕਿ ਮੈਨੂੰ ਹਾਲੀ ਪੀੜ੍ਹਤਾਂ ਦੇ ਲਈ ਤੁਹਾਡੇ ਤੋਂ ਮਦਦ ਲੈਣੀ ਹੈ। ਇਸਦੇ ਬਾਅਦ ਮੈਂ ਰਾਜਨੀਤੀ ਵਿਚ ਆਪਣੀ ਹਿੱਸੇਦਾਰੀ ਸੁਨਿਸ਼ਚਿਤ ਕਰਾਂਗਾ, ਪਰ ਅਜਿਹਾ ਹਾਲੀ ਤਕ ਸੰਭਵ ਨਹੀਂ ਹੋਇਆ।

ਇਸ ਕਿਤਾਬ ਦੇ ਲੇਖਕ ਨੂੰ ਨਿਆਂ ਦੇ ਲਈ ਜੂਝਦੇ ਹੋਏ ਕਈ ਵਾਰ ਸਰਕਾਰੀ ਅੱਤਵਾਦ ਦਾ ਸਾਹਮਣਾ ਕਰਨਾ ਪਿਆ ਹੈ, ਕਈ ਵਾਰ ਤਿਹਾੜ ਜੇਲ ਵਿਚ ਜਾਣਾ ਪਿਆ। Lal Qilla Terrorist Cell ਵਿਚ ਅਤੇ ਥਾਣਿਆਂ ਆਦਿ ਵਿਚ ਤਸੀਹੇ ਵੀ ਝੇਲਣੇ ਪਏ।

ਲੇਖਕ ਦਾ ਜੀਵਨ '1984' ਕੱਤਲੇਆਮ ਦੇ ਸ਼ਿਕਾਰ ਪਰਿਵਾਰਾਂ ਦੇ ਯਤੀਮ ਬੱਚਿਆਂ ਅਤੇ ਹਜ਼ਾਰਾਂ ਵਿਧਵਾ ਔਰਤਾਂ ਅਤੇ ਹਜ਼ਾਰਾਂ ਬੇਸਹਾਰਾ ਬਜ਼ੁਰਗਾਂ ਦੀ ਸੇਵਾ ਕਰਦੇ ਹੋਏ ਲੰਘਾਇਆ ਹੈ। ਲੇਖਕ ਨੇ ਹਮੇਸ਼ਾਂ ਇਸ ਕੰਮ ਦਾ ਸਿਹਰਾ ਆਪਣੀ ਮਾਤਾ ਜੀ ਸ਼੍ਰੀਮਤੀ ਧਨਵੰਤੀ ਜੀ ਅਤੇ ਪਿਤਾ ਸਰਦਾਰ ਜਸਵੰਤ ਸਿੰਘ ਜੀ ਅਤੇ ਆਪਣੀ ਧਰਮ ਮਾਤਾਜੀ ਸ਼੍ਰੀਮਤੀ ਦਲਜੀਤ ਕੌਰ ਜੀ ਅਤੇ ਆਪਣੀ ਧਰਮ–ਪਤਨੀ ਸ਼੍ਰੀਮਤੀ ਤੇਜਿੰਦਰ

ਕੌਰ ਬੱਬਰ ਸਹਿਤ ਆਪਣੇ ਹਜ਼ਾਰਾਂ ਸਾਥੀਆਂ ਅਤੇ ਸਮਰਥਕਾਂ ਨੂੰ ਦਿੱਤਾ।

ਲੇਖਕ ਨੇ 2 ਫਰਵਰੀ 1990 ਨੂੰ ਆਪਣਾ ਵਿਆਹ ਵੀ ਨਵੰਬਰ '1984' ਦੇ ਦੰਗਾ ਪੀੜ੍ਹਤ ਪਰਿਵਾਰ ਵਿਚ ਰਚਾ ਕੇ ਆਪਣੇ Commitment ਨੂੰ ਹੋਰ ਵੀ ਮਜ਼ਬੂਤ ਕੀਤਾ। ਲੇਖਕ ਦੇ ਪਰਿਵਾਰ ਵਿਚ ਉਨ੍ਹਾਂ ਦੀ ਇਕ ਬੇਟੀ ਕਾਕੋ ਸਿੰਘ ਬੱਬਰ ਅਤੇ ਪਤਨੀ ਤੇਜਿੰਦਰ ਕੌਰ ਬੱਬਰ ਹਨ। ਲੇਖਕ 'ਤੇ ਭਾਰਤ ਸਰਕਾਰ ਨੇ ਕਈ ਝੂਠੇ ਮੁਕਦਮੇ ਬਣਾ ਕੇ ਮਾਨਸਿਕ ਤੌਰ 'ਤੇ ਪਰੇਸ਼ਾਨ ਕੀਤਾ। ਵੈਸੇ ਤਾਂ ਲੇਖਕ ਦੇ ਘਰ 'ਤੇ ਅਤੇ ਹੋਰ ਟਿਕਾਣਿਆਂ 'ਤੇ ਸਰਕਾਰ ਦੀ ਕਈ ਏਜੰਸੀਆਂ ਨੇ ਛਾਪੇ ਮਾਰੇ ਹਨ, ਪਰ ਲੇਖਕ ਦੇ ਘਰ ਅਤੇ ਅਖ਼ਬਾਰ ਦੇ ਪੰਜ ਦਫਤਰਾਂ 'ਤੇ ਇਕ ਗਹਿਰੀ ਅਪਰਾਧਕ ਸਾਜਿਸ਼ ਦੇ ਤਹਿਤ ਬਹੁਤ ਵੱਡੇ ਛਾਪੇ (DRI) Department ਨੇ ਮਾਰ ਕੇ ਨਵੰਬਰ '1984' ਦੇ ਪੀੜ੍ਹਤਾਂ ਦੀ ਸੈਂਕੜੇ ਫਾਈਲਾਂ, ਪੁਲਿਸ ਰਿਪੋਰਟ, ਸਹੁੰ-ਪੱਤਰ ਅਤੇ ਹੱਤਿਆਵਾਂ ਕਰਾਉਣ ਵਾਲੇ ਵੱਡੇ ਲੋਕਾਂ ਦੇ ਖਿਲਾਫ ਪੁਖ਼ਤਾ ਸਬੂਤ ਜਬਰਨ ਚੁੱਕ ਕੇ ਲੈ ਗਏ ਸਨ, ਜੋ ਅੱਜ ਤਕ ਸਰਕਾਰ ਨੇ ਵਾਪਸ ਨਹੀਂ ਕੀਤੇ, ਅਤੇ ਇਹ ਸਬੂਤ ਲੇਖਕ ਦੀ ਗੈਰ ਮੌਜੂਦਗੀ ਵਿਚ ਦਫਤਰਾਂ ਦੇ ਬਾਹਰ ਚਾਹ ਵੇਚਣ ਵਾਲਿਆਂ ਅਤੇ ਦਫਤਰ ਵਿਚ ਝਾੜੂ-ਪੋਚਾ ਕਰਨ ਵਾਲੇ ਅਤੇ **Peon** ਵਗੈਰ੍ਹਾ ਦੇ ਹਸਤਾਖਰ ਕਰਵਾ ਕੇ ਚੁੱਕੇ ਕੇ ਲੈ ਗਏ। **DRI Department** ਦੇ ਸੀਨੀਅਰ ਅਧਿਕਾਰੀਆਂ ਨੇ ਉਨ੍ਹਾਂ ਲੋਕਾਂ ਦੇ ਹਸਤਾਖਰ ਕਰਵਾਏ ਜਿਨ੍ਹਾਂ ਨੂੰ ਨਾ ਤਾਂ ਹਿੰਦੀ ਪੜ੍ਹਨੀ ਆਉਂਦੀ ਹੈ ਅਤੇ ਨਾ ਹੀ ਅੰਗ੍ਰੇਜ਼ੀ, ਅਤੇ ਇਹ ਸਾਰੇ ਅਪਰਾਧਕ ਕੰਮ ਕੇਂਦਰ ਦੀ ਕਾਂਗਰਸ ਸਰਕਾਰ ਦੇ ਇਸ਼ਾਰੇ 'ਤੇ ਹੋਇਆ।

ਇਸ ਕਿਤਾਬ ਦੇ ਲੇਖਕ ਨੇ ਆਪਣੀ ਜ਼ਿੰਦਗੀ ਦੇ ਤਕਰੀਬਨ 25 ਸਾਲ ਯਤੀਮ ਬੱਚਿਆਂ, ਵਿਧਵਾ ਔਰਤਾਂ, ਬੇਸਹਾਰਾ ਬਜ਼ੁਰਗਾਂ ਦੀ ਚੌਖਟ 'ਤੇ ਰੋਜ਼ਾਨਾ ਦਸਤਕ ਦੇ ਕੇ ਬਿਤਾਏ ਹਨ। ਜਦਕਿ ਲੇਖਕ ਬਹੁਤ ਜ਼ਿਆਦਾ ਧਾਰਮਕ ਤਬੀਅਤ ਦਾ ਵਿਅਕਤੀ ਨਹੀਂ ਸੀ ਅਤੇ ਨਾ ਹੈ। ਲੇਖਕ ਦੀ ਮਾਂ ਇਕ ਹਿੰਦੂ ਪਰਿਵਾਰ ਨਾਲ ਤਅੱਲਕ ਰੱਖਦੇ ਸਨ, ਪਰ ਲੇਖਕ ਦੇ ਪਿਤਾ ਸਰਦਾਰ ਜਸਵੰਤ ਸਿੰਘ ਜੀ ਇਕ ਕੱਟੜ ਸਿੱਖ ਘਰਾਣੇ ਨਾਲ ਸਬੰਧਤ ਸਨ। ਇਸ ਕਿਤਾਬ ਦੇ ਲੇਖਕ ਨੂੰ ਇਕ ਵਾਰ ਦਿੱਲੀ ਪੁਲਿਸ ਦੇ Special Cell ਵਾਲੇ ਅੱਧੀ ਰਾਤ ਨੂੰ ਅੱਖਾਂ 'ਤੇ ਪੱਟੀ ਬੰਨ੍ਹ ਕੇ ਕਿਸੀ ਅਨਜਾਣ ਥਾਂ ਲੈ ਗਏ (ਬਾਅਦ ਵਿਚ ਲੇਖਕ ਨੂੰ ਪਤਾ ਲਗਾ ਕਿ ਉਹ ਲਾਲ ਕਿਲਾ ਸੀ), ਜਿੱਥੇ ਤਕਰੀਬਨ 30-35 ਸੀਨੀਅਰ ਅਧਿਕਾਰੀਆਂ ਨੇ ਲੇਖਕ ਨੂੰ ਭਾਰੀ ਮਾਨਸਿਕ ਤਕਲੀਫ ਦਿੱਤੀ ਅਤੇ ਲੇਖਕ ਨੂੰ ਦਿੱਲੀ ਬੰਬ-ਧਮਾਕਿਆਂ ਵਿਚ ਫਸਾਉਣ ਦੀ ਨਾਕਾਮ ਕੋਸ਼ਿਸ਼ ਕੀਤੀ, ਪਰ ਲੇਖਕ ਦੇ ਸਮਰਥਕਾਂ ਦੇ ਭਾਰੀ ਦਬਾਅ ਦੇ ਅੱਗੇ ਦਿੱਲੀ ਪੁਲਿਸ ਨੂੰ ਮਜਬੂਰਨ ਲੇਖਕ ਨੂੰ ਛੱਡਣਾ ਪਿਆ।

ਲੇਖਕ ਨੂੰ ਲਗਾਤਾਰ ਜਾਨ ਤੋਂ ਮਾਰਨ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਅਤੇ ਮਿਲਦੀਆਂ ਰਹਿੰਦੀਆਂ ਹਨ, ਪਰ ਲੇਖਕ ਨੇ ਹੱਤਿਆਰਿਆਂ ਦੇ ਖਿਲਾਫ ਨਿਆਂ ਦੇ ਲਈ ਆਪਣਾ ਸੰਘਰਸ਼ ਬੰਦ ਨਹੀਂ ਕੀਤਾ, ਵੈਸੇ ਲੇਖਕ ਨੂੰ ਕਈ ਵਾਰ ਵੱਡੇ ਲੋਕ, ਜਿਨ੍ਹਾਂ 'ਚ ਜ਼ਿਆਦਾਤਰ ਸਿੱਖ ਬਿਜ਼ਨਸਮੈਨ ਸਨ, ਸਰਕਾਰ ਦੀ

ਤਰਫ ਤੋਂ ਵਿਚੋਲੇ ਬਣ ਕੇ ਮਿਲਣ ਆਉਂਦੇ ਸਨ ਅਤੇ ਸਰਕਾਰ ਦੀ ਤਰਫ ਤੋਂ ਭਾਰੀ ਲਾਲਚ ਦਿੰਦੇ ਸਨ ਅਤੇ ਦਬਾਅ ਵੀ ਬਣਾਉਂਦੇ ਸਨ ਕਿ ਲੇਖਕ '1984' ਦੇ ਮੁੱਦੇ ਨੂੰ ਉਠਾਣਾ ਬੰਦ ਕਰ ਦੇਵੇ।

ਇਕ ਵਾਰ ਲੇਖਕ ਨੂੰ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਸ਼੍ਰੀ ਰਾਜੀਵ ਗਾਂਧੀ ਨੇ ਗਲਬਾਤ ਕਰਨ ਦੇ ਲਈ ਸਦਿਆ। ਲੇਖਕ ਆਪਣੇ ਸਾਥੀਆਂ ਦੇ ਨਾਲ ਰਾਜੀਵ ਗਾਂਧੀ ਨੂੰ ਮਿਲਣ ਉਨ੍ਹਾਂ ਦੇ ਘਰ 7 ਰੇਸ ਕੋਰਸ ਗਿਆ, ਤਾਂ ਰਾਜੀਵ ਗਾਂਧੀ ਨੇ ਕਿਹਾ "ਬੱਬਰ ਜੀ" ਮੈਂ ਕੁਝ ਗੱਲਾਂ ਤੁਹਾਡੇ ਨਾਲ ਇਕੱਲੇ 'ਚ ਕਰਨਾ ਚਾਹੁੰਦਾ ਹਾਂ। ਲੇਖਕ ਨੇ ਕਿਹਾ, ਠੀਕ ਹੈ। ਤਦ ਰਾਜੀਵ ਗਾਂਧੀ ਆਪਣੇ ਘਰ ਦੇ ਲਾਨ ਵਿਚ ਆ ਗਏ ਅਤੇ ਲੇਖਕ ਦੇ ਨਾਲ ਪਾਰਕ ਵਿਚ ਟਹਿਲਣ ਲਗੇ, ਅਤੇ ਜਦ ਗਲਾਂ ਦਾ ਸਿਲਸਲਾ ਸ਼ੁਰੂ ਹੋਇਆ ਤਾਂ ਮੋਟੇ ਤੌਰ 'ਤੇ ਰਾਜੀਵ ਗਾਂਧੀ ਨੇ ਲੇਖਕ ਨੂੰ ਕਿਹਾ ਕਿ ਹੁਣ ਇਸ ਮੁੱਦੇ ਨੂੰ ਤੁਸੀਂ ਛੱਡ ਦਿਉ ਅਤੇ ਸਾਡੀ ਤੁਹਾਨੂੰ ਬੇਨਤੀ ਸਿਰਫ ਇੰਨੀ ਹੈ ਕਿ ਤੁਸੀਂ ਚੁੱਪ ਹੋ ਜਾਉ ਅਤੇ ਇਸਦੇ ਬਦਲੇ ਵਿਚ ਤੁਸੀਂ ਜੋ ਨਾ ਸੋਚਿਆ ਹੋਵੇ ਅਤੇ ਨਾ ਵੇਖਿਆ ਹੋਵੇ, ਉਹ ਸਾਡੇ ਤੋਂ ਮੰਗ ਲਉ, ਅਸੀਂ ਉਹ ਤੁਹਾਨੂੰ ਦੇਣ ਦੇ ਲਈ ਤਿਆਰ ਹਾਂ। ਇਸਦੇ ਨਾਲ-ਨਾਲ ਇਹ ਵੀ ਕਿਹਾ ਕਿ ਅਗਰ ਤੁਸੀਂ ਵਿਦੇਸ਼ ਵਿਚ ਕਿਤੇ Settle ਹੋਣਾ ਚਾਹੁੰਦੇ ਹੋ ਤਾਂ ਵੀ ਤੁਹਾਨੂੰ ਉਥੇ Settle ਕਰਵਾ ਦਿਆਂਗੇ। ਇਸ 'ਤੇ ਜਦ ਲੇਖਕ ਨੇ ਰਾਜੀਵ ਗਾਂਧੀ ਦੀ ਗਲ ਨਹੀਂ ਮੰਨੀ ਤਾਂ ਲੇਖਕ 'ਤੇ ਸਰਕਾਰ ਨੇ ਭਾਰੀ ਤਸ਼ਦੱਦ ਕਰਨੇ ਸ਼ੁਰੂ ਕਰ ਦਿੱਤੇ।

ਲੇਖਕ ਦਾ ਨਿਆਂ ਦੇ ਲਈ ਅੰਦੋਲਨ ਚਲਾਉਣ ਦਾ ਤਰੀਕਾ ਬੜਾ ਅਜੀਬ ਸੀ। ਇਥੇ ਇੱਕ ਗੱਲ ਬਹੁਤ ਮਹੱਤਵਪੂਰਣ ਹੈ ਕਿ ਇਸ ਕਿਤਾਬ ਦੇ ਲੇਖਕ ਨੇ ਸਿੱਖ ਪੀੜ੍ਹਤਾਂ ਦੇ ਨਿਆਂ ਦੇ ਲਈ ਸੈਂਕੜੇ ਧਰਨੇ, ਭੁੱਖ ਹੜਤਾਲਾਂ, ਮਰਣ-ਵਰਤ, ਮਾਰਚ ਵਗੈਰਾ-ਵਗੈਰਾ ਕੀਤੇ ਤਾਂ ਇਸ ਨੂੰ ਚਲਾਉਣ ਦੇ ਲਈ ਪੈਸਾ ਕਿਥੋਂ ਦੀ ਆਉਂਦਾ ਸੀ?

ਕਿਉਂਕਿ ਲੇਖਕ ਸਰਕਾਰ ਦੇ ਖਿਲਾਫ ਅੰਦੋਲਨ ਕਰ ਰਿਹਾ ਸੀ, ਇਸ ਲਈ ਸਰਕਾਰ ਤੋਂ ਮਦਦ ਦਾ ਸਵਾਲ ਹੀ ਨਹੀਂ ਉਠਦਾ ਸੀ। ਭਾਜਪਾ ਦੇ ਨਾਲ ਲੇਖਕ ਦਾ ਕੋਈ ਸਰੋਕਾਰ ਨਹੀਂ ਸੀ। ਹੋਰ ਰਾਜਨੀਤਕ ਪਾਰਟੀਆਂ ਨਾਲ ਕੋਈ ਸੰਪਰਕ ਨਹੀਂ ਸੀ। ਅਕਾਲੀ ਦਲ ਨਾਲ ਸਬੰਧ ਨਹੀਂ ਸੀ। ਗੁਰਦੁਆਰਾ ਕਮੇਟੀਆਂ ਨਾਲ ਕੋਈ ਵਾਸਤਾ ਨਹੀਂ ਸੀ, ਤਾਂ ਫਿਰ ਸੈਂਕੜੇ ਪ੍ਰਦਰਸ਼ਨਾਂ 'ਤੇ ਲਗਾ ਲੱਖਾਂ ਰੁਪਿਆ ਕਿਥੋਂ ਦੀ ਆਉਂਦਾ ਸੀ? ਲੇਖਕ ਆਪਣੇ ਸਾਥੀ ਵਰਕਰਾਂ ਨੂੰ ਕਿਵੇਂ ਆਰਥਿਕ ਮਦਦ ਕਰਦਾ ਸੀ?

ਇਸ ਸਵਾਲ ਦਾ ਜਵਾਬ ਵੀ ਪਾਠਕਾਂ ਨੂੰ ਇਥੇ ਦੇਣਾ ਸਹੀ ਸਮਝਿਆ ਗਿਆ ਹੈ। ਅਸਲ ਵਿਚ ਲੇਖਕ ਇਕ ਪੱਤਰਕਾਰ ਸੀ ਅਤੇ ਸਮਾਜਿਕ ਕਾਰਜਾਂ ਵਿਚ ਦਿਲਚਸਪੀ ਰਖਦਾ ਸੀ, ਤਾਂ ਲੇਖਕ ਨੇ ਅੰਦੋਲਨ ਚਲਾਉਣ ਦੇ ਲਈ ਇਕ ਮਹੱਤਵਪੂਰਣ ਅਤੇ ਸੀਕ੍ਰੇਟ ਯੋਜਨਾ ਬਣਾ ਲਈ ਸੀ। ਜਿਸ ਨਾਲ ਲੇਖਕ ਨੂੰ ਅੰਦੋਲਨ ਚਲਾਉਣ ਵਿਚ ਘੱਟ ਅਸੁਵਿਧਾ ਹੋਈ ਸੀ। ਲੇਖਕ ਨੇ ਸਭ ਤੋਂ ਪਹਿਲਾਂ ਦਿੱਲੀ ਪੁਲਿਸ ਦੇ ਕੁਝ ਸਿੱਖ

ਅਧਿਕਾਰੀਆਂ ਨਾਲ ਚੰਗੇ ਸੰਬੰਧ ਬਣਾ ਲਏ ਸਨ ਜੋ ਲੇਖਕ ਦੀ ਕਿਸੀ ਵੀ ਜਾਇਜ਼ ਸਿਫਾਰਸ਼ ਨੂੰ ਮੰਨ ਲੈਂਦੇ ਸਨ। ਅਤੇ ਇਸ ਦੌਰ ਵਿਚ ਦਿੱਲੀ ਪੁਲਿਸ ਅਤੇ ਸਰਕਾਰ ਸਿੱਖਾਂ ਨੂੰ ਸ਼ਕ ਦੀ ਨਜ਼ਰ ਨਾਲ ਵੇਖਦੀ ਸੀ ਅਤੇ ਸਿੱਖਾਂ ਨੂੰ ਬੇਵਜ੍ਹਾ ਉਗ੍ਰਵਾਦੀਆਂ ਦੇ ਨਾਲ ਜੋੜ ਕੇ ਪੈਸਾ ਐਂਠਦੀ ਸੀ ਅਤੇ ਲੇਖਕ ਅਜਿਹੇ ਨਿਰਦੋਸ਼ ਵਪਾਰੀ ਸਿੱਖਾਂ ਦੀ ਫੌਰਨ ਮਦਦ ਕਰਦਾ ਸੀ, ਜਿਸ ਨਾਲ ਮਿਸਟਰ ਬੱਬਰ ਦਾ ਦਿੱਲੀ ਵਿਚ ਕਾਫੀ ਚੰਗਾ ਦਾਇਰਾ ਬਣ ਗਿਆ ਸੀ, ਅਤੇ ਇਸੀ ਦਾਇਰੇ ਦਾ ਫਾਇਦਾ ਉਠਾ ਕੇ ਲੇਖਕ ਆਪਣੇ ਵਪਾਰੀ ਦੋਸਤਾਂ ਤੋਂ ਕੈਸ਼ ਰੁਪਏ ਨਾ ਲੈ ਕੇ ਉਨ੍ਹਾਂ ਤੋਂ ਟੈਂਟ, ਬਸਾਂ, ਪੋਸਟਰ, ਬੈਨਰ, ਖਾਣਾ, ਪ੍ਰੈਸ ਕਾਨਫ੍ਰੰਸ ਆਦਿ ਆਯੋਜਿਤ ਕਰਵਾ ਲੈਂਦਾ ਸੀ ਅਤੇ ਉਸਦੇ ਨਾਲ ਹੀ ਲੇਖਕ ਅਕਸਰ ਵੱਡੇ-ਵੱਡੇ ਧਾਰਮਕ ਸਮਾਗਮਾਂ ਦਾ ਵੀ ਆਯੋਜਨ ਕਰਦਾ ਸੀ, ਜਿਸ ਨਾਲ ਭਾਰੀ ਗਿਣਤੀ 'ਚ ਆਉਣ ਵਾਲੀ ਸਿੱਖ ਸੰਗਤ ਤੋਂ ਲੇਖਕ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਮੋਟਾ ਮੱਥਾ ਟੇਕਣ ਦੀ ਅਪੀਲ ਕਰਦਾ ਸੀ ਅਤੇ ਉਹ ਰੁਪਿਆ ਵਰਕਰਾਂ 'ਤੇ ਖਰਚ ਕਰ ਦਿੰਦਾ ਸੀ। ਅਤੇ ਜਦ-ਜਦ ਲੇਖਕ ਨੂੰ ਅੰਦੋਲਨ ਚਲਾਉਣ ਚ ਪੈਸੇ ਦੀ ਘਾਟ ਆਉਂਦੀ ਸੀ, ਤਦ-ਤਦ ਲੇਖਕ ਧਾਰਮਕ ਸਮਾਗਮ ਦਾ ਆਯੋਜਨ ਕਰਕੇ ਆਪਣੇ ਅੰਦੋਲਨ ਦੀ ਤਾਕਤ ਬਟੋਰ ਲੈਂਦਾ ਸੀ, ਕਿਉਂਕਿ ਲੇਖਕ ਨੂੰ ਇੱਕ ਗਲ ਪਤਾ ਸੀ ਕਿ ਅੰਦੋਲਨ ਚਲਾਉਣ ਦੇ ਲਈ ਅਗਰ ਪਹਿਲਾਂ ਲੋਕਾਂ ਤੋਂ ਪੈਸਾ ਮੰਗਣ ਜਾਣਗੇ ਤਾਂ ਲੋਕ ਸਾਡੇ 'ਤੇ ਭਰੋਸਾ ਨਹੀਂ ਕਰਨਗੇ ਅਤੇ ਸਾਡੇ ਉਪਰ ਕਈ ਤਰ੍ਹਾਂ ਦੇ ਬੇਬੁਨਿਆਦ ਦੋਸ਼ ਲਗ ਜਾਣਗੇ, ਕਿਉਂਕਿ ਲੇਖਕ ਦੀ ਪਹਿਲਾਂ ਕੋਈ ਸਮਾਜਿਕ, ਰਾਜਨੀਤਕ ਅਤੇ ਧਾਰਮਕ ਪੱਧਰ ਦੀ ਪਛਾਣ ਨਹੀਂ ਸੀ। ਲੇਖਕ ਨੂੰ 25 ਸਾਲਾਂ ਤਕ ਅੰਦੋਲਨ ਲਾਉਣ ਵੇਲੇ ਕਿਸੀ ਵੀ ਤਰ੍ਹਾਂ ਦੇ ਇਲਜ਼ਾਮਾਂ ਦਾ ਸਾਹਮਣਾ ਨਹੀਂ ਕਰਨਾ ਪਿਆ।

ਲੇਖਕ ਨੂੰ ਇਸ ਗੱਲ ਦਾ ਸੰਤੋਸ਼ ਹੈ ਕਿ ਨਵੰਬਰ '1984' ਹੱਤਿਆਕਾਂਡ ਵਿਚ ਹੋਈਆਂ 1964 ਵਿਧਵਾਵਾਂ ਦੇ ਵਿਚ ਬੈਠ ਕੇ ਅਤੇ ਰਾਤ ਦਿਨ ਉਨ੍ਹਾਂ ਦੀ ਸੇਵਾ ਕਰਦੇ ਹੋਏ ਉਨ੍ਹਾਂ ਨੂੰ ਉਨ੍ਹਾਂ ਦਾ ਬੇਹੱਦ ਜਜ਼ਬਾਤੀ ਪਿਆਰ ਮਿਲਿਆ, ਕਿਉਂਕਿ '1984' ਦੰਗਿਆਂ ਵਿਚ 80 ਫੀਸਦੀ ਵਿਧਵਾਵਾਂ 18 ਸਾਲ ਤੋਂ ਲੈ ਕੇ 25 ਸਾਲ ਦੀਆਂ ਸਨ ਅਤੇ ਉਸ ਵੇਲੇ ਲੇਖਕ ਦੀ ਉਮਰ ਸਿਰਫ 24 ਸਾਲ ਹੋਣ ਦੇ ਬਾਵਜੂਦ ਲੇਖਕ 'ਤੇ ਕਰੈਕਟਰ ਲੈਸ ਹੋਣ ਦਾ ਦੋਸ਼ ਵੀ ਲਗਾਉਣਦੀ ਕਿਸੀ ਨੇ ਹਿੰਮਤ ਨਹੀਂ ਕੀਤੀ।

ਲੇਖਕ ਨੂੰ ਇਸ ਗੱਲ ਦਾ ਬੇਹੱਦ ਅਫਸੋਸ ਹੈ ਕਿ ਬੇਕਸੂਰ ਸਿੱਖਾਂ ਦੀਆਂ ਹੱਤਿਆਵਾਂ ਕਰਨ ਵਾਲੇ 10 ਹਜ਼ਾਰ ਕਾਤਲ ਦਿੱਲੀ ਵਿਚ ਰਹਿੰਦੇ ਹਨ। ਉਹ ਸੁੱਖ ਅਤੇ ਆਰਾਮ ਦੀ ਨੀਂਦ ਸੌਂਦੇ ਹਨ। ਉਹ ਕਾਤਲ ਬਿਨਾਂ ਡਰ ਅਤੇ ਭੈ ਦੇ ਆਜ਼ਾਦ ਘੁੰਮਦੇ ਹਨ। ਇਸ ਕਿਤਾਬ ਦਾ ਲੇਖਕ ਹੁਣ ਇਹ ਸੋਚਦਾ ਹੈ ਕਿ ਉਹ ਇਹ ਨਿਆਂ ਹਾਸਲ ਕਰਨ ਦੀ ਜੰਗ ਹਾਰ ਗਿਆ ਹੈ, ਅਤੇ ਸ਼ਾਇਦ ਉਸਦੀ ਜ਼ਿੰਦਗੀ ਦੇ ਬੇਸ਼ੁਮਾਰ ਕੀਮਤੀ 25 ਸਾਲ ਬੇਕਾਰ ਚਲੇ ਗਏ ਹਨ। ਫੈਸਲਾ ਤਾਂ ਇਤਿਹਾਸ ਹੀ ਕਰੇਗਾ।

Sarkari Qatl-e-Aam

Indian Government Organised Carnage

Conspirator's



Mr. P.V. Narshimha Rao
Then Home Minister of India

Late Mr. Rajiv Gandhi
Then Prime Minister of India

Mr. M.K. Wali
Then home secretary

Mr. Bhajan Lal
Then Chief Minister of Haryana

Sarkari Qatl-e-Aam

Indian Government Organised Carnage

Killer's

Mr. Jagdish Tytler
Then Union Minister of India



Mr. Sajjan Kumar
Then Member of Parliament



Mr. H.K.L. Bhagat
Then Union Minister of India

Mr. Arun Nehru
Then Union Minister of India

Mr. P.G. Gavai
Then Lt. Governor of Delhi

Mr. Subhash Tandon
Then Police Commissioner of Delh

ਸਿੱਖਾਂ ਦੀਆਂ ਲਾਸ਼ਾਂ ਕਿੱਥੇ ਗਈਆਂ

ਸ਼੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਦੇ ਬਾਅਦ ਰਾਜੀਵ ਗਾਂਧੀ ਅਤੇ ਉਨ੍ਹਾਂ ਦੇ ਨੇੜਲੇ ਭਰੋਸੇਯੋਗ ਸਿਪਹਸਾਲਾਰ ਮਿੱਤਰਾਂ ਨੇ ਇਕਲੇ ਸਿਰਫ ਦਿੱਲੀ ਵਿਚ 5000 ਬੇਕਸੂਰ ਸਿੱਖਾਂ ਦੀ ਹੱਤਿਆਵਾਂ ਕਰਾਉਣ ਦੇ ਬਾਅਦ ਸਿੱਖਾਂ ਦੀਆਂ ਲਾਸ਼ਾਂ ਦਾ ਘੋਰ ਅਪਮਾਨ ਕੀਤਾ। ਇਤਿਹਾਸ ਵਿਚ ਇਤਨੀ ਵੱਡੀ ਤ੍ਰਾਸਦੀ ਕਿਤੇ ਵੀ ਨਾ ਵੇਖਣ ਨੂੰ ਅਤੇ ਨਾ ਹੀ ਸੁਣਨ ਨੂੰ ਮਿਲੀ ਹੈ। ਲਗਾਤਾਰ ਚਾਰ ਦਿਨ ਅਤੇ ਚਾਰ ਰਾਤਾਂ ਸਿੱਖਾਂ ਦੀਆਂ ਲਾਸ਼ਾਂ ਨੂੰ ਸਰਕਾਰੀ ਹੱਤਿਆਰੇ ਸੁੱਟਦੇ ਰਹੇ, ਅਤੇ ਫਿਰ ਇਨ੍ਹਾਂ ਲਾਸ਼ਾਂ ਨੂੰ ਟਿਕਾਣੇ ਲਗਾਉਣ ਦੇ ਲਈ ਵੀ ਰਾਜੀਵ ਸਰਕਾਰ ਨੇ ਬੜੀ ਚਲਾਕੀ ਅਤੇ ਮੱਕਾਰੀ ਦੇ ਨਾਲ ਸਿੱਖਾਂ ਦੀਆਂ ਲਾਸ਼ਾਂ ਨੂੰ ਬੜੇ ਯੋਜਨਾਬਧ ਤਰੀਕੇ ਨਾਲ ਟਿਕਾਣੇ ਲਗਾ ਦਿੱਤਾ। ਇਹ ਕੰਮ ਇਤਨੇ ਸੋਚੇ ਸਮਝੇ ਤਰੀਕੇ ਨਾਲ ਕੀਤਾ ਗਿਆ ਕਿ ਕਿਸੀ ਨੂੰ ਭਣਕ ਤਕ ਨਹੀਂ ਲਗੀ। ਜਦਕਿ ਅਗਰ ਦੁਸ਼ਮਨ ਦੇਸ਼ ਦਾ ਕੋਈ ਸਿਪਾਹੀ ਵੀ ਸਾਡੇ ਇਥੇ ਮਾਰਿਆ ਜਾਂਦਾ ਹੈ ਤਾਂ ਉਸਦਾ ਵੀ ਅੰਤਮ ਸੰਸਕਾਰ ਬੜੇ ਆਦਰ ਅਤੇ ਸਨਮਾਨ ਦੇ ਨਾਲ-ਨਾਲ ਉਸ ਧਰਮ ਅਤੇ ਕੌਮ ਦੇ ਮੰਨਣ ਵਾਲੇ ਵਿਅਕਤੀ ਦੀ ਧਾਰਮਕ ਮਰਿਆਦਾ ਦੇ ਅਨੁਸਾਰ ਕੀਤਾ ਜਾਂਦਾ ਹੈ। ਇਤਨਾ ਹੀ ਨਹੀਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਹੱਤਿਆ ਕਰਨ ਵਾਲੇ ਨੱਥੂਰਾਮ ਗੋਡਸੇ ਦੀ ਲਾਸ਼ ਦਾ ਵੀ ਉਸਦੇ ਧਰਮ ਦੇ ਅਨੁਸਾਰ ਅੰਤਮ ਸੰਸਕਾਰ ਕੀਤਾ ਗਿਆ ਸੀ।

ਇਥੇ ਇਹ ਪਤਾ ਹੀ ਨਹੀਂ ਲਗਾ ਕਿ ਬੇਕਸੂਰ ਸਿੱਖਾਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਕਿਸਨੇ ਕੀਤਾ, ਕਿੱਥੇ ਕੀਤਾ, ਅਤੇ ਕਿਸ ਥਾਂ 'ਤੇ ਕੀਤਾ ਗਿਆ? 5000 ਬੇਕਸੂਰ ਸਿੱਖਾਂ ਦੀਆਂ ਲਾਸ਼ਾਂ ਨੂੰ ਸਾੜਨਾ ਅਸਾਨ ਕੰਮ ਨਹੀਂ ਸੀ। ਹਜ਼ਾਰਾਂ ਦੀ ਗਿਣਤੀ ਵਿਚ ਪਈਆਂ ਲਾਸ਼ਾਂ ਦਾ ਅੰਤਮ ਸੰਸਕਾਰ ਕਰਨ ਵਿਚ ਸਰਕਾਰ ਨੂੰ ਕਿੰਨੇ ਦਿਨ ਲਗੇ ਅਤੇ ਇਕ ਦਿਨ ਵਿਚ ਕਿੰਨੀਆਂ ਲਾਸ਼ਾਂ ਨੂੰ ਸਾੜਿਆ ਗਿਆ? ਅਤੇ ਜਦ ਲਾਸ਼ਾਂ ਨੂੰ ਸਾੜਿਆ ਜਾ ਰਿਹਾ ਸੀ ਤਦ ਤਕ ਲਾਸ਼ਾਂ ਨੂੰ ਕਿਥੇ ਅਤੇ ਕਿਸ ਹਾਲਤ ਵਿਚ ਅਤੇ ਕਿਸ ਮੁਰਦਾ-ਘਰ 'ਚ ਜਾਂ ਕਿਸ ਥਾਂ ਰੱਖਿਆ ਗਿਆ ਸੀ?

ਸਰਕਾਰ ਦੇ ਕੋਲ ਇਸ ਗਲ ਦਾ ਜਵਾਬ ਨਹੀਂ ਹੈ ਕਿ ਹਜ਼ਾਰਾਂ ਸਿੱਖਾਂ ਦੀਆਂ ਲਾਸ਼ਾਂ ਦਾ ਪੋਸਟਮਾਰਟਮ ਕਿੱਥੇ ਹੋਇਆ? ਕਿਸ ਹਸਪਤਾਲ ਵਿਚ ਕੀਤਾ ਗਿਆ? ਡਾਕਟਰ ਕੌਣ ਸਨ? ਅਤੇ ਕਿਤਨੇ ਡਾਕਟਰਾਂ ਦੀਆਂ ਟੀਮਾਂ ਨੇ 5000 ਲਾਸ਼ਾਂ ਦਾ ਪੋਸਟਮਾਰਟਮ ਕੀਤਾ? ਸਰਕਾਰ ਨੇ ਇਹ ਵੀ ਨਹੀਂ ਦਸਿਆ ਕਿ ਸਿੱਖਾਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਇਕ-ਇਕ ਕਰਕੇ ਕੀਤਾ ਗਿਆ ਜਾਂ 10-10 ਲਾਸ਼ਾਂ ਦੇ ਬੰਡਲ ਨੂੰ ਇਕੱਠਾ ਕਰਕੇ ਸਾੜਿਆ ਗਿਆ ਜਾਂ 20-20 ਲਾਸ਼ਾਂ ਨੂੰ ਬੰਨ੍ਹ ਕੇ ਸਾੜਿਆ ਗਿਆ? ਮਾਰੇ ਗਏ ਬੇਕਸੂਰ ਸਿੱਖਾਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਉਨ੍ਹਾਂ ਦੀ ਧਾਰਮਕ ਮਰਿਆਦਾ ਦੇ ਅਨੁਸਾਰ ਨਹੀਂ ਕੀਤਾ ਗਿਆ। ਲਾਸ਼ਾਂ ਨੂੰ ਬਿਜਲੀ ਨਾਲ ਸਾੜਿਆ ਗਿਆ।

ਚਾਰ ਦਿਨ ਚਾਰ ਰਾਤਾਂ ਬੇਕਸੂਰ ਨਿਹੱਥੇ ਸਿੱਖਾਂ ਨੂੰ ਅਚਾਨਕ ਧੋਖੇ ਨਾਲ ਸੈਂਕੜੇ ਲੋਕਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਅਤੇ ਇਕ-ਇਕ ਸਿੱਖ ਪਰਿਵਾਰ ਨੂੰ ਘੇਰ ਕੇ ਮਾਰ ਦਿੱਤਾ। ਇਵੇਂ ਤਾਂ ਜੰਗਲ ਦੇ 10 ਕੁੱਤੇ ਵੀ ਮਿਲ ਕੇ ਇਕ ਬੱਬਰ ਸ਼ੇਰ ਨੂੰ ਗਿਰਾ ਦਿੰਦੇ ਹਨ। ਇਹ ਕੋਈ ਬਹੁਤ ਵੱਡਾ ਬਹਾਦਰੀ ਦਾ ਕੰਮ ਨਹੀਂ ਸੀ, ਬਲਕਿ ਕਾਇਰਤਾ, ਬੁਜ਼ਦਿਲੀ ਅਤੇ ਪਿੱਠ 'ਚ ਛੁਰਾ ਘੋਪਣ ਜਿਹਾ ਕੰਮ ਸੀ।

ਸਿੱਖਾਂ ਦੀਆਂ ਲਾਸ਼ਾਂ ਦਾ ਘੋਰ ਨਿਰਾਦਰ

ਹਜ਼ਾਰਾਂ ਸਿੱਖਾਂ ਦੀਆਂ ਲਾਸ਼ਾਂ ਨੂੰ ਇਕੱਠਾ ਕਰਨ ਦੇ ਲਈ ਸਰਕਾਰ ਨੇ ਸਰਕਾਰੀ ਕਰਮਚਾਰੀਆਂ ਨੂੰ ਇੰਗਲਿਸ਼ ਸ਼ਰਾਬ ਪਿਆ ਕੇ ਨਸ਼ੇ ਵਿਚ ਧੁੱਤ ਕਰਕੇ ਇੰਦਰਾ ਗਾਂਧੀ ਨੂੰ ਦੁਰਗਾ ਮਾਂ ਦੱਸ ਕੇ, ਉਨ੍ਹਾਂ ਦੇ ਦਿਲੋ ਦਿਮਾਗ 'ਚ ਇਹ ਗੱਲ ਬਿਠਾ ਦਿੱਤੀ ਕਿ ਸਿੱਖ ਲੋਕ ਦੇਸ਼ ਦੇ ਗੱਦਾਰ ਹਨ ਅਤੇ ਪਾਕਿਸਤਾਨ ਦੇ ਏਜੰਟ ਹਨ। ਇਹ ਦੇਸ਼ ਨੂੰ ਤੋੜਨਾ ਚਾਹੁੰਦੇ ਹਨ, ਅਤੇ ਇਨ੍ਹਾਂ ਨੇ ਸਾਡੀ ਮਾਂ, ਸਾਡੀ ਰਾਸ਼ਟਰ ਮਾਂ, ਪਿਆਰੀ ਦੁਰਗਾ ਮਾਂ ਦਾ ਕਤਲ ਕਰ ਦਿੱਤਾ ਹੈ। ਅਜਿਹੇ ਪਾਪੀ ਸਿੱਖਾਂ ਦੀ ਲਾਸ਼ਾਂ ਨੂੰ ਟੁਕੜੇ-ਟੁਕੜੇ ਕਰਕੇ ਤੁਹਾਨੂੰ ਸਾੜ ਦੇਣਾ ਹੈ। ਇਹ ਪੁੰਨ ਦਾ ਕੰਮ ਕਰਨ 'ਤੇ ਮਾਂ ਦੁਰਗਾ ਪ੍ਰਸੰਨ ਹੋਵੇਗੀ, ਅਤੇ ਤੁਹਾਨੂੰ ਇਸਦਾ ਫਲ ਮਿਲੇਗਾ। ਸਰਕਾਰ ਨੇ ਬੜੇ ਸੋਚੇ ਸਮਝੇ ਤਰੀਕੇ ਨਾਲ ਸਫਾਈ ਕਰਮਚਾਰੀਆਂ ਨੂੰ ਸ਼ਰਾਬ ਪਿਲਾ ਕੇ ਅਤੇ ਮੋਟੀ ਰਕਮ ਦੇ ਕੇ ਸਿੱਖਾਂ ਦੀਆਂ ਲਾਸ਼ਾਂ ਨੂੰ ਪੁਲਿਸ ਦੇ ਸਖ਼ਤ ਪਹਿਰੇ ਹੇਠ ਇਕੱਠਾ ਕਰਵਾ ਲਿਆ। ਸਫਾਈ ਕਰਮਚਾਰੀਆਂ ਨੇ ਬੜੇ ਭੈੜੇ ਅਤੇ ਬੜੇ ਬੇਰਹਿਮ ਤਰੀਕੇ ਨਾਲ ਲਾਸ਼ਾਂ ਨੂੰ ਗਲੀ-ਮੁਹੱਲਿਆਂ ਵਿਚ ਘੋਰ ਨਿਰਾਦਰ ਕਰਦੇ ਹੋਏ ਕੂੜੇ ਦੀਆਂ ਰੇਹੜੀਆਂ, ਠੇਲਿਆਂ, ਰਿਕਸ਼ਿਆਂ, ਤਿੰਨ ਪਹੀਆ ਸਕੂਟਰਾਂ ਵਿਚ ਇਕ ਦੇ ਉਪਰ ਇਕ ਲਗਾ-ਲਗਾ ਕੇ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਫਿਰ ਬੜੇ ਯੋਜਨਾ ਬਧ ਤਰੀਕੇ ਨਾਲ ਸਰਕਾਰ ਨੇ ਪੁਲਿਸ ਦੀ ਨਿਗਰਾਨੀ ਵਿਚ ਇਕ-ਇਕ ਟੈਂਪੂ ਵਿਚ 25-25 ਅਤੇ 30-30 ਲਾਸ਼ਾਂ ਨੂੰ ਲੱਦ ਕੇ ਦੂਰ-ਦੂਰ ਖੇਤਾਂ ਵਿਚ ਲਿਜਾ ਕੇ ਮਿੱਟੀ ਦਾ ਤੇਲ, ਪੈਟ੍ਰੋਲ ਅਤੇ ਡੀਜ਼ਲ ਪਾ ਕੇ ਸਾੜਨਾ ਸ਼ੁਰੂ ਕਰ ਦਿੱਤਾ।

ਸਿੱਖਾਂ ਦੀਆਂ ਲਾਸ਼ਾਂ ਨੂੰ ਸਾੜਨ ਵਿਚ 10 ਦਿਨ ਲੱਗ ਗਏ। ਇਹ ਸਿਲਸਲਾ ਰਾਤ-ਦਿਨ ਚਲਦਾ ਰਿਹਾ। ਇਨ੍ਹਾਂ ਦਸ ਦਿਨਾਂ ਵਿਚ 5000 ਲਾਸ਼ਾਂ ਨੂੰ ਬੜੇ ਭੈੜੇ ਅਤੇ ਘੋਰ ਅਪਮਾਨ ਦੇ ਨਾਲ ਸਾੜਿਆ ਗਿਆ, ਕਿਉਂਕਿ ਹਰ ਰੋਜ਼ 500 ਦੇ ਕਰੀਬ ਸਿੱਖਾਂ ਦੀਆਂ ਲਾਸ਼ਾਂ ਨੂੰ ਬੜੇ ਸੀਕ੍ਰੇਟ ਗੁਪ ਚੁਪ ਤਰੀਕੇ ਨਾਲ ਸਾੜਨਾ ਸੀ, ਤਾਂਕਿ ਕਿਸੀ ਨੂੰ ਕਰੂਰ ਤਸੀਹੇ ਦੇ ਕੇ ਲਾਸ਼ਾਂ ਨੂੰ ਸਾੜਨ ਦੀ ਭਣਕ ਨਾ ਲਗ ਜਾਵੇ।

ਲਾਸ਼ਾਂ ਨੂੰ ਸਾੜ ਕੇ ਫੌਰਨ ਹੀ ਉਥੋਂ ਦੀ ਗਰਮ ਸੁਆਹ ਨੂੰ ਤਸਲੇ-ਫਾਵੜਿਆਂ ਨਾਲ ਭਰ ਕੇ, ਉਸੀ ਟ੍ਰਕ ਵਿਚ ਭਰ ਕੇ ਵੱਖ-ਵੱਖ ਦਿਸ਼ਾਵਾਂ ਵਿਚ ਗਹਿਰੇ ਪਾਣੀ 'ਚ ਵਹਾ ਦਿੱਤਾ। ਇਥੇ ਇਕ ਕਹਾਵਤ ਠੀਕ ਬੈਠਦੀ

ਹੈ ਕਿ ਨਾ ਰਹੇਗਾ ਬਾਂਸ ਨਾ ਵਜੇਗੀ ਬਾਂਸਰੀ, 5000 ਸਿੱਖਾਂ 'ਤੇ ਪੈਟ੍ਰੋਲ, ਡੀਜ਼ਲ, ਮਿੱਟੀ ਦਾ ਤੇਲ ਪਾਉਣ ਦੇ ਲਈ ਸਰਕਾਰ ਨੂੰ ਕਈ ਹਜ਼ਾਰ ਲੀਟਰ ਤੇਲ ਖਰੀਦਣਾ ਪਿਆ। ਕਰੀਬ 2000 ਲੋਕਾਂ ਨੂੰ ਸਿੱਖਾਂ ਦੀਆਂ ਲਾਸ਼ਾਂ ਨੂੰ ਸਾੜ ਕੇ ਠਿਕਾਣੇ ਲਗਾਣ ਦਾ ਕੰਮ ਦਿੱਤਾ ਗਿਆ। ਇਸ ਕੰਮ ਦੇ ਲਈ 100 ਟੈਂਪੋ ਦਾ ਜੁਗਾੜ ਕੀਤਾ ਗਿਆ। ਹਜ਼ਾਰਾਂ ਪੇਟੀ ਸ਼ਰਾਬ ਦੀਆਂ ਵੰਡੀਆਂ ਗਈਆਂ, ਤੱਦ ਕਿਤੇ ਜਾ ਕੇ ਸਿੱਖਾਂ ਦੀਆਂ ਲਾਸ਼ਾਂ ਦੀ ਮਿੱਟੀ ਨੂੰ ਵਹਿੰਦੇ ਪਾਣੀ 'ਚ ਪਾਇਆ ਜਾ ਸਕਿਆ।

21ਵੀਂ ਸਦੀ ਦਾ ਭਾਰਤ

ਭਾਰਤ ਵਿਚ ਇਨਸਾਨੀ ਜ਼ਿੰਦਗੀਆਂ ਦਾ ਘੋਰ ਨਿਰਾਦਰ ਹੋਇਆ ਅਤੇ ਇਹ ਨਿਰਾਦਰ ਉਸ ਥਾਂ ਹੋਇਆ ਜਿੱਥੇ ਨਿਆਂ ਦਾ ਸਭ ਤੋਂ ਉਚਾ ਮੰਦਰ ਹੈ, ਅਤੇ ਇਸ ਮੰਦਰ ਵਿਚ ਲਗਾਤਾਰ ਚਾਰ ਦਿਨਾਂ ਤਕ ਤਾਲੇ ਲਗੇ ਰਹੇ, ਪਰ ਨਿਆਂ ਮੂਰਤੀ ਕੁੰਭਕਰਣ ਦੀ ਨੀਂਦ ਸੌਂਦੇ ਰਹੇ, ਅਤੇ ਹੀਜੜਿਆਂ ਦੀ ਤਰ੍ਹਾਂ ਆਪਣੀਆਂ ਔਰਤਾਂ ਦੀ ਗੋਦ ਵਿਚ ਸਿਰ ਰੱਖ ਕੇ ਬੈਠੇ ਰਹੇ, ਜਦਕਿ ਉਨ੍ਹਾਂ ਦੇ ਸਿਰ ਤਾਂ ਨਿਆਂ ਕਰਨ ਦੇ ਲਈ ਸਨ, ਪਰ ਅਜਿਹਾ ਨਹੀਂ ਹੋਇਆ। ਉਨ੍ਹਾਂ ਦੀ ਕੁਰਸੀ ਤਾਂ ਲੋਕਾਂ ਦੀ ਉਮੀਦ ਦੀ ਕਿਰਣ ਸੀ।

ਬੇਕਸੂਰ ਸਿੱਖਾਂ ਦੀਆਂ ਹੱਤਿਆਵਾਂ ਨੂੰ ਸਾਲਾਂ ਬੀਤ ਗਏ, ਪਰ ਨਿਆਂ ਨਹੀਂ ਹੋਇਆ, ਤਾਂ ਫਿਰ ਨਿਆਂ ਦਾ ਮੰਦਰ ਕਦ ਜਾਗੇਗਾ, ਕਦ ਇਸ ਮੰਦਰ ਦੇ ਪੁਜਾਰੀਆਂ ਦੀ ਨੀਂਦ ਖੁਲ੍ਹੇਗੀ, ਕਦ ਇਸ ਮੰਦਰ ਦੇ ਪੁਜਾਰੀਆਂ ਦੀ ਆਤਮਾ ਇਨ੍ਹਾਂ ਨੂੰ ਝੰਜੋੜੇਗੀ, ਕਿਉਂਕਿ ਮੁਕਦਮਾ ਹਾਲੀ ਬੰਦ ਨਹੀਂ ਹੋਇਆ ਹੈ। ਪੀੜ੍ਹਤ ਜ਼ਿੰਦਾ ਹਨ ਅਤੇ ਅਪਰਾਧੀ ਆਜ਼ਾਦ ਘੁੰਮ ਰਹੇ ਹਨ, ਅਤੇ ਉਹ ਵੀ ਸਭ ਤੋਂ ਉਚੇ ਨਿਆਂ ਦੇ ਮੰਦਰ ਦੇ ਨੇੜੇ-ਤੇੜੇ।

ਸੁਪ੍ਰੀਮ ਕੋਰਟ ਨੂੰ ਨਵੰਬਰ 1984 ਕੱਤਲੇਆਮ 'ਤੇ ਖ਼ੁਦ ਮੰਥਨ ਕਰਕੇ ਫੌਰਨ ਐਕਸ਼ਨ ਲੈਣਾ ਹੋਵੇਗਾ, ਵਰਨਾ ਇਸ ਸਰਵੋਚ ਨਿਆਂ ਦੇ ਮੰਦਰ ਦੇ ਮਾਣ 'ਤੇ ਹਮੇਸ਼ਾਂ ਸਵਾਲੀਆ ਨਿਸ਼ਾਨ ਲਗਾ ਰਹੇਗਾ, ਅਤੇ ਇਤਿਹਾਸਕਾਰ ਸੁਪ੍ਰੀਮ ਕੋਰਟ ਦੀ ਭੂਮਕਾ 'ਤੇ ਸੁਪ੍ਰੀਮ ਕੋਰਟ ਨੂੰ ਕਟਘਰੇ 'ਚ ਖੜਾ ਕਰਨਗੇ।

ਹਤਿਆਰੇ ਕੌਣ ਸਨ?

ਕਿਥੋਂ ਦੀ ਆਏ ਸਨ?

ਅਤੇ ਹੁਣ ਕਿਥੇ ਹਨ?

ਕੀ ਹੱਤਿਆਰੇ ਪਾਕਿਸਤਾਨ ਤੋਂ ਆਏ? ਕੀ ਬੰਗਲਾਦੇਸ਼ ਤੋਂ ਆਏ ਸਨ? ਕੀ ਕਿਸੀ ਹੋਰ ਦੇਸ਼ ਤੋਂ ਆਏ ਸਨ?

ਹੱਤਿਆਰੇ ਕੀ ਮਹਾਰਾਸ਼ਟਰ ਤੋਂ ਆਏ ਸਨ ਜਾਂ ਰਾਜਸਥਾਨ ਤੋਂ ਆਏ ਸਨ ਜਾਂ ਕਿਸੀ ਹੋਰ ਰਾਜ ਤੋਂ ਆਏ ਸਨ? ਨਹੀਂ, ਹੱਤਿਆਰੇ ਤਾਂ ਦਿੱਲੀ ਦੇ ਸਨ ਅਤੇ ਦਿੱਲੀ ਵਿਚ ਹੀ ਹਨ।

ਤਾਂ ਫਿਰ 500 ਲੋਕਾਂ ਨੂੰ ਮਾਰਨ ਵਾਲੇ ਕਿਤਨੇ ਕਾਤਿਲ ਹਨ, 20000 ਤੋਂ ਵੱਧ ਲੋਕਾਂ ਨੂੰ ਜ਼ਖਮੀ ਕਰਨ ਵਾਲੇ ਕਿਤਨੇ ਅਪਰਾਧੀ ਹਨ। ਸੈਂਕੜੇ ਗੁਰਦੁਆਰੇ ਅਤੇ ਗੁਰੂ ਗ੍ਰੰਥ ਸਾਹਿਬ ਸਾੜਨ ਵਾਲੇ ਵੀ ਦਿੱਲੀ ਦੇ ਹਨ?

ਇਸ ਲਈ ਹਜ਼ਾਰਾਂ ਬੇਕਸੂਰ ਸਿੱਖਾਂ ਦਾ ਬੜੀ ਬੇਰਹਿਮੀ ਨਾਲ ਕੱਤਲ ਕਰਨ ਵਾਲੇ ਪਿਛਲੇ 24 ਸਾਲਾਂ ਤੋਂ ਦਿੱਲੀ 'ਚ ਸ਼ਰੇਆਮ ਘੁੰਮ ਰਹੇ ਹਨ। ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਨਾ ਤਾਂ ਦਿੱਲੀ ਹੈਡਕੁਆਟਰ 'ਚ ਅਤੇ ਨਾ ਹੀ ਸੁਪ੍ਰੀਮ ਕੋਰਟ ਵਿਚ ਹਿੰਮਤ ਹੈ। ਕੋਰਟ ਨੂੰ ਜੈਸਿਕਾ ਲਾਲ ਮਰਡਰ ਕੇਸ ਜਾਂ ਚਾਰਾ ਘੁਟਾਲਾ, ਗੁਜਰ ਅੰਦੋਲਨ, ਜਮਨਾ ਮੈਲੀ, ਪ੍ਰਦੂਸ਼ਣ 30 ਸਾਲ ਪੁਰਾਣੇ ਬਣੇ ਮਕਾਨ ਅਤੇ ਦੁਕਾਨਾਂ ਸੀਲ ਕਰਨ, ਮੱਟੂ ਮਰਡਰ ਕੇਸ, ਆਰ ਕੇ ਆਨੰਦ ਕੇਸ, ਆਈਯੂ ਖਾਨ ਕੇਸ ਯਾਦ ਰਹਿੰਦੇ ਹਨ ਇਨ੍ਹਾਂ ਦੇ ਖਿਲਾਫ ਅਗਰ ਕੋਰਟ ਸੋਮੋਟੋ ਐਕਸ਼ਨ ਲੈ ਸਕਦੀ ਹੈ ਤਾਂ ਫਿਰ ਕੋਈ ਇਹ ਸਰਕਾਰ ਤੋਂ ਕਿਉਂ ਨਹੀਂ ਪੁੱਛਦਾ ਕਿ ਪੰਜ ਹਜ਼ਾਰ ਬੇਕਸੂਰ ਸਿੱਖਾਂ ਦੇ ਹੱਤਿਆਰਿਆਂ ਨੂੰ ਕੀ ਜ਼ਮੀਨ ਖਾ ਗਈ ਜਾਂ ਅਸਮਾਨ ਉਡਾ ਲੈ ਗਿਆ, ਉਹ ਕਿੱਥੇ ਹਨ? ਕੋਰਟ ਨੇ ਕਿਉਂ ਨਹੀਂ ਪੁੱਛਿਆ ਕਿ ਉਹ ਲਾਸ਼ਾਂ ਕਿੱਥੇ ਹਨ? ਪੋਸਟਮਾਰਟਮ ਰਿਪੋਰਟ ਕਿੱਥੇ ਹੈ? ਉਨ੍ਹਾਂ ਦੇ ਭਰੇ ਗਏ ਪੰਚਨਾਮੇ ਕਿੱਥੇ ਹਨ? ਉਨ੍ਹਾਂ ਦਾ ਦਾਹ ਸੰਸਕਾਰ ਕਿੱਥੇ ਕੀਤਾ ਗਿਆ ਹੈ?

ਸਿੱਖਾਂ ਦੀਆਂ ਲਾਸ਼ਾਂ ਨੂੰ ਜਾਨਵਰਾਂ ਅਤੇ ਪੰਛੀਆਂ ਨੇ ਨੋਚ-ਨੋਚ ਕੇ ਖਾਧਾ।

ਚਾਰ ਦਿਨ ਚਾਰ ਰਾਤਾਂ ਸਿਰਫ ਸਿੱਖਾਂ ਦੀਆਂ ਲਾਸ਼ਾਂ ਸੁੱਟਦੀ ਰਹੀ। ਦਿੱਲੀ ਖਾਮੋਸ਼ ਸੀ, ਲੱਖਾਂ ਲੋਕ ਸੜਕਾਂ 'ਤੇ ਸਿੱਖਾਂ ਦੇ ਨਾਲ ਖੂਨ ਦੀ ਹੋਲੀ ਦਾ ਨਜ਼ਾਰਾ ਵੇਖ ਰਹੇ ਸਨ। ਸਿੱਖਾਂ ਨੂੰ ਕਸਾਈਆਂ ਦੀ ਤਰ੍ਹਾਂ ਕੱਟ-ਕੱਟ ਕੇ ਜ਼ਿੰਦਾ ਸਾੜ ਕੇ ਤੜਫਾ-ਤੜਫਾ ਕੇ ਮਾਰਿਆ ਜਾ ਰਿਹਾ ਸੀ। ਸੜਦੇ ਸਿੱਖਾਂ ਨੂੰ ਵੇਖ ਕੇ ਲੋਕ ਖੁਸ਼ੀਆਂ ਮਨਾ ਰਹੇ ਸਨ। ਲਾਸ਼ਾਂ ਡਿਗਦੀਆਂ ਜਾ ਰਹੀਆਂ ਸਨ, ਤਾਂ ਮੁਹੱਲੇ ਦੇ ਕੁੱਤਿਆਂ ਦੀ ਮੌਜ ਹੋ ਗਈ ਸੀ ਅਤੇ ਇੱਲਾਂ-ਕਾਵਾਂ ਦੇ ਲਈ ਸਿੱਖਾਂ ਦੀਆਂ ਲਾਸ਼ਾਂ ਉਨ੍ਹਾਂ ਦਾ ਭੋਜਨ ਬਣ ਗਈਆਂ ਸਨ। ਦਿੱਲੀ ਵਿਚ 10 ਦਿਨਾਂ ਤਕ ਸਿੱਖਾਂ ਦੀਆਂ ਲਾਸ਼ਾਂ ਦੇ ਟੁਕੜਿਆਂ ਨੂੰ ਕੁੱਤਿਆਂ ਨੇ ਨੋਚ-ਨੋਚ ਕੇ ਖਾਧਾ। ਕੁੱਤਿਆਂ ਦੇ ਮੂੰਹ ਵਿਚ ਸਿੱਖਾਂ ਦੇ ਹੱਥਾਂ ਪੈਰਾਂ ਦੇ ਟੁਕੜੇ ਆਮ ਵੇਖੇ ਗਏ, ਕਿਉਂਕਿ ਲਹੂਲੁਹਾਨ, ਲਾਵਾਰਿਸ ਲਾਸ਼ਾਂ ਗਲੀ, ਮੁਹੱਲਿਆਂ, ਪਾਰਕਾਂ, ਸੜਕਾਂ, ਮੈਦਾਨਾਂ 'ਤੇ ਪਈਆਂ ਹੋਈਆਂ ਸਨ, ਪੁਲਿਸ ਪ੍ਰਸ਼ਾਸਨ ਅਤੇ ਸਰਕਾਰ ਨਾਂਅ ਦੀ ਕੋਈ ਚੀਜ਼ ਨਹੀਂ ਸੀ, ਤਾਂ ਜਾਨਵਰਾਂ ਨੇ ਲਾਸ਼ਾਂ ਨੂੰ ਖਾਣਾ ਹੀ ਸੀ। ਇਸੀ ਤਰ੍ਹਾਂ ਅਕਾਸ਼ ਵਿਚ ਉਡ ਰਹੇ ਇੱਲਾਂ-ਕਾਵਾਂ ਨੂੰ ਨਹੀਂ ਰੋਕਿਆ ਜਾ ਸਕਿਆ। ਕਈ ਥਾਂ ਕਰੂਰ ਲੋਕਾਂ ਨੇ ਕਿਸੀ ਦੀਆਂ ਲਾਸ਼ਾਂ ਨੂੰ ਗੰਦੇ ਨਾਲੇ ਵਿਚ ਪਾ ਦਿੱਤਾ। ਕਈ ਥਾਂ ਸਿੱਖਾਂ ਦੀਆਂ ਲਾਸ਼ਾਂ ਨੂੰ ਜਮਨਾ 'ਚ ਸੁੱਟ ਦਿੱਤਾ, ਕਈ ਥਾਂ ਸਿੱਖਾਂ ਦੀਆਂ ਲਾਸ਼ਾਂ ਨੂੰ ਦੂਰ ਦੂਰ ਖੇਤਾਂ ਵਿਚ ਪਾ ਦਿੱਤਾ ਅਤੇ ਕਈ ਥਾਂ ਸਿੱਖਾਂ ਦੀਆਂ ਲਾਸ਼ਾਂ ਨੂੰ ਗੰਦੇ ਗੱਢਿਆਂ 'ਚ ਸੁੱਟ ਦਿੱਤਾ, ਕਿਉਂਕਿ ਮੁਹੱਲਿਆਂ ਤੋਂ ਬਾਜ਼ਾਰਾਂ ਤੋਂ ਪ੍ਰਸ਼ਾਸਨ ਰਾਹੀਂ ਲਾਸ਼ਾਂ ਚੁਕੀਆਂ ਨਹੀਂ ਜਾ ਰਹੀਆਂ ਸਨ, ਤਾਂ ਫਿਰ ਲੋਕਾਂ ਨੇ ਖ਼ੁਦ ਰਾਤ ਦੇ ਹਨ੍ਹੇਰੇ 'ਚ ਲਾਸ਼ਾਂ ਨੂੰ ਆਪਣੇ ਘਰਾਂ ਦੇ ਨੇੜੇ-ਤੇੜੇ ਤੋਂ ਚੁੱਕ ਕੇ ਦੂਰ ਸੁੱਟਣਾ ਸ਼ੁਰੂ ਕਰ ਦਿੱਤਾ। ਜਿਸ ਨਾਲ ਇਨਸਾਨੀ ਜ਼ਿੰਦਗੀਆਂ ਦੀਆਂ ਲਾਸ਼ਾਂ ਦਾ ਘੋਰ ਨਿਰਾਦਰ ਹੋਇਆ। ਕੀ ਅਜਿਹਾ ਨਹੀਂ ਹੋਇਆ?

ਸਿੱਖਾਂ ਦੀਆਂ ਲਾਸ਼ਾਂ ਕਿਥੇ ਗਈਆਂ? ਇਸ ਗਲ ਦਾ ਜਵਾਬ ਸਰਕਾਰ ਦੇ ਕੋਲ ਨਹੀਂ ਹੈ?

1. 5000 ਬੇਕਸੂਰ ਸਿੱਖਾਂ ਦੀਆਂ ਲਾਸ਼ਾਂ ਕਿੱਥੇ ਗਈਆਂ?

2. ਬੇਕਸੂਰ ਸਿੱਖਾਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਕਿਸਨੇ ਕੀਤਾ?

3. ਸਿੱਖਾਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਕਿਥੇ ਅਤੇ ਕਿਸ ਥਾਂ 'ਤੇ ਕੀਤਾ ਗਿਆ?

4. 5000 ਬੇਕਸੂਰ ਸਿੱਖਾਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਕਰਨ ਵਿਚ ਕਿਤਨੇ ਦਿਨ ਲਗੇ?

5. ਇਕ ਦਿਨ ਵਿਚ ਕਿਤਨੇ ਲੋਕਾਂ ਦਾ ਸੰਸਕਾਰ ਕੀਤਾ ਗਿਆ?

6. ਸਿੱਖਾਂ ਦੀਆਂ ਲਾਸ਼ਾਂ ਕਿਥੇ, ਕਿਸ ਹਸਪਤਾਲ, ਕਿਸ ਮੁਰਦਾ-ਘਰ ਅਤੇ ਕਿਸ ਥਾਂ ਰਖੀਆਂ ਗਈਆਂ ਸਨ?

7. ਲਾਸ਼ਾਂ ਦਾ ਪੋਸਟਮਾਰਟਮ ਕਿਥੇ ਅਤੇ ਕਿਸ-ਕਿਸ ਹਸਪਤਾਲ ਵਿਚ ਕੀਤਾ ਗਿਆ?

8. 5000 ਲਾਸ਼ਾਂ ਦਾ ਪੋਸਟਮਾਰਟਮ ਕਰਨ 'ਚ ਕਿਤਨੇ ਡਾਕਟਰ ਸਨ?

9. ਸਿੱਖਾਂ ਦੀਆਂ ਲਾਸ਼ਾਂ ਦਾ ਇਕ-ਇਕ ਕਰਕੇ ਦਾਹ ਸੰਸਕਾਰ ਕੀਤਾ ਗਿਆ ਜਾਂ 10-10 ਲਾਸ਼ਾਂ ਨੂੰ ਇਕੱਠਾ ਕਰਕੇ ਦਾਹ ਸੰਸਕਾਰ ਕੀਤਾ ਗਿਆ? ਜਾਂ 100-100 ਲਾਸ਼ਾਂ ਨੂੰ ਇਕੱਠਾ ਰੱਸੀਆਂ ਨਾਲ ਬੰਨ੍ਹ ਕੇ ਉਨ੍ਹਾਂ ਦਾ ਅੰਤਮ ਸੰਸਕਾਰ ਕੀਤਾ ਗਿਆ?

10. ਕੀ ਲਾਸ਼ਾਂ ਦਾ ਅੰਤਮ ਸੰਸਕਾਰ ਬਿਜਲੀ ਦੇ ਸ਼ਮਸ਼ਾਨ ਘਾਟ 'ਤੇ ਕੀਤਾ ਗਿਆ?

11. ਕੀ ਸਿੱਖਾਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਲਕੜੀ-ਧੂਪ ਸਮਗ੍ਰੀ, ਦੇਸੀ ਘਿਉ ਆਦਿ ਪਾ ਕੇ ਕੀਤਾ ਗਿਆ?

12. ਕੀ ਸਿੱਖਾਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਪੂਰੀ ਸਿੱਖ ਮਰਿਆਦਾ ਦੇ ਨਾਲ ਕੀਤਾ ਗਿਆ ਜਾਂ ਨਹੀਂ?

13. ਕੀ ਸਿੱਖਾਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਮਿੱਟੀ ਦਾ ਤੇਲ ਪਾ ਕੇ ਜਾਂ ਪੈਟ੍ਰੋਲ, ਡੀਜ਼ਲ ਪਾ ਕੇ ਕੀਤਾ ਗਿਆ ਜਾਂ ਕੋਈ ਹੋਰ ਕੈਮੀਕਲ ਪਾ ਕੇ ਕੀਤਾ ਗਿਆ?

14. ਸਿੱਖਾਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਕਰਨ ਦੇ ਲਈ ਜੋ ਵੀ ਸਮਾਨ ਲਿਆਇਆ ਗਿਆ ਉਹ ਕਿੱਥੋਂ ਦੀ ਆਇਆ? ਸਰਕਾਰ ਦੇ ਕਿਸ ਖਾਤੇ ਤੋਂ ਆਇਆ? ਦਿੱਲੀ ਸਰਕਾਰ ਨੇ ਖਰਚ ਕੀਤਾ ਜਾਂ ਕੇਂਦਰ ਸਰਕਾਰ ਨੇ ਖਰਚ ਕੀਤਾ?

15. ਸਿੱਖਾਂ ਦੇ ਅੰਤਮ ਸੰਸਕਾਰ ਦੇ ਬਾਅਦ ਸਿੱਖਾਂ ਦੀਆਂ ਅਸਥੀਆਂ ਕਿਥੇ ਗਈਆਂ? ਕਿਸ ਥਾਂ ਸੁੱਟੀਆਂ ਗਈਆਂ? ਕਿਵੇਂ ਗਈਆਂ ਅਤੇ ਕਿਸ ਧਾਰਮਕ ਮਰਿਆਦਾ ਦੇ ਨਾਲ ਸੁੱਟੀਆਂ ਗਈਆਂ? ਕੀ ਹਰਿਦੁਆਰ ਵਿਚ ਸੁੱਟੀਆਂ ਗਈਆਂ ਜਾਂ ਪੰਜਾਬ ਦੇ ਕਰਤਾਰਪੁਰ ਸਾਹਿਬ ਵਿਚ ਸੁੱਟੀਆਂ ਗਈਆਂ?

16. ਸਿੱਖਾਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਕਰਨ ਵਾਲੇ ਕੌਣ ਸਨ? ਕਿਸ ਧਰਮ ਅਤੇ ਜਾਤ ਦੇ ਲੋਕ ਸਨ? ਕੀ ਲਾਸ਼ਾਂ ਦਾ ਅੰਤਮ ਸੰਸਕਾਰ ਕਰਨ ਵਾਲੇ ਧਾਰਮਕ ਪੰਡਿਤ ਜਾਂ ਮੌਲਵੀ ਜਾਂ ਗਿਆਨੀ ਸਨ?

17. ਸਿੱਖਾਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਕਰਨ ਵਾਲੇ ਕਿਤਨੇ ਗੁਰਦੁਆਰਿਆਂ ਤੋਂ ਅੰਤਮ ਅਰਦਾਸ

ਕਰਨ ਵਾਲੇ ਸਿੱਖ ਭਾਈ ਬੁਲਾਏ ਗਏ?

18. ਇਨ੍ਹਾਂ ਸਾਰੀਆਂ ਸਿੱਖ ਲਾਸ਼ਾਂ ਦਾ ਅੰਤਮ ਸੰਸਕਾਰ ਕਰਦੇ ਵਕਤ ਇਨ੍ਹਾਂ ਦੇ ਖਿੱਚੇ ਗਏ ਫੋਟੋ ਕਿੱਥੇ ਹਨ?

19. ਅਗਰ ਸਰਕਾਰ ਨੇ ਇਨ੍ਹਾਂ ਲਾਸ਼ਾਂ ਨੂੰ ਲਾਵਾਰਿਸ ਕਰਕੇ ਵੀ ਇਨ੍ਹਾਂ ਦਾ ਅੰਤਮ ਸੰਸਕਾਰ ਕੀਤਾ ਹੈ ਤਾਂ ਵੀ ਦੇਸ਼ ਵਿਚ ਇਸਦੀ ਵੀ ਇਕ ਪੂਰੀ ਪ੍ਰਕ੍ਰਿਆ ਹੈ, ਤਾਂ ਕਾਨੂੰਨੀ ਪ੍ਰਕ੍ਰਿਆ ਦਾ ਰਿਕਾਰਡ ਕਿੱਥੇ ਹੈ?

20. 5000 ਬੇਕਸੂਰ ਸਿੱਖਾਂ ਦੀਆਂ ਲਾਵਾਰਿਸ ਲਾਸ਼ਾਂ ਦਾ ਅੰਤਮ ਸੰਸਕਾਰ ਕਰਨ ਤੋਂ ਪਹਿਲਾਂ ਸਰਕਾਰ ਨੇ ਕਿਹੜੀ-ਕਿਹੜੀ ਕਾਨੂੰਨੀ ਪ੍ਰਕ੍ਰਿਆ ਪੂਰੀ ਕੀਤੀ ਸੀ?

21. ਇਨ੍ਹਾਂ ਲਾਵਾਰਿਸ ਸਿੱਖਾਂ ਦੀਆਂ ਲਾਸ਼ਾਂ ਦਾ ਅੰਤਮ ਸੰਸਕਾਰ ਕਰਨ ਤੋਂ ਪਹਿਲਾਂ ਉਸ ਵੇਲੇ ਦੇ ਚਸ਼ਮਦੀਦ ਗਵਾਹ ਕੌਣ ਸਨ ਅਤੇ ਕਿਹੜੇ ਅਧਿਕਾਰੀਆਂ ਦੇ ਹਸਤਾਖਰਾਂ ਦੇ ਤਹਿਤ ਸਿੱਖ ਲਾਸ਼ਾਂ ਦਾ ਅੰਤਮ ਸੰਸਕਾਰ ਹੋਇਆ ਸੀ?

22. ਇਹ ਲਾਵਾਰਿਸ ਸਿੱਖਾਂ ਦੀਆਂ ਲਾਸ਼ਾਂ ਨੂੰ ਜੋ ਟ੍ਰੇਨਾਂ ਵਿਚ, ਰੇਲ ਪੱਟੜੀਆਂ 'ਤੇ, ਰੇਲਵੇ ਸਟੇਸ਼ਨਾਂ 'ਤੇ, ਬਸ ਅੱਡਿਆਂ 'ਤੇ, ਸੜਕਾਂ 'ਤੇ, ਗੱਲੀਆਂ ਵਿਚ, ਏਅਰਪੋਰਟ ਦੇ ਨੇੜੇ, ਟ੍ਰਕਾਂ ਵਿਚ, ਕਾਰਾਂ ਵਿਚ, ਬਸਾਂ ਵਿਚ, ਟੈਂਪੋ ਵਿਚ, ਪਾਰਕਾਂ ਵਿਚ, ਖੇਤਾਂ ਵਿਚ, ਗਟਰਾਂ ਵਿਚ, ਗੰਦੇ ਨਾਲਿਆਂ ਵਿਚ, ਘਰਾਂ ਦੀਆਂ ਛੱਤਾਂ 'ਤੇ ਪਈਆਂ ਸਨ, ਉਨ੍ਹਾਂ ਨੂੰ ਸਰਕਾਰ ਨੇ ਕਿਵੇਂ ਇਕੱਠਾ ਕੀਤਾ? ਸਰਕਾਰ ਦੇ ਕਿਸ ਮਹਿਕਮੇ ਨੇ ਇਹ ਕੰਮ ਕੀਤਾ? ਇਨ੍ਹਾਂ ਸਿੱਖ ਲਾਸ਼ਾਂ ਨੂੰ ਇਕੱਠਾ ਕਰਨ ਵਿਚ ਕਿਤਨੇ ਦਿਨ ਲਗੇ? ਸਿੱਖ ਇਤਿਹਾਸ ਵਿਚ ਇਤਨਾ ਵੱਡਾ ਅਤੇ ਭਿਆਨਕ ਅਤੇ ਕਰੂਰ ਹੱਤਿਆਕਾਂਡ, ਸਿੱਖ ਔਰਤਾਂ ਦਾ ਸਮੂਹਕ ਬਲਾਤਕਾਰ, ਚੀਰ ਹਰਣ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰਦੁਆਰਿਆਂ ਨੂੰ ਇਤਨੇ ਵੱਡੇ ਪੱਧਰ 'ਤੇ ਸਾੜ ਦੇਣਾ, ਅਜਿਹਾ ਕਦੀ ਨਹੀਂ ਹੋਇਆ ਸੀ, ਨਾ ਹੀ ਮੁਗਲ ਸ਼ਾਸਕਾਂ ਦੇ ਦੌਰ ਵਿਚ, ਅਤੇ ਨਾ ਹੀ ਅੰਗ੍ਰੇਜ਼ਾਂ ਦੇ ਸ਼ਾਸਨ ਦੇ ਦੌਰਾਨ ਅਜਿਹਾ ਹੋਇਆ। ਅਤੇ ਇਹ ਹੋਇਆ, ਆਪਣੇ ਦੇਸ਼ ਵਿਚ, ਆਪਣੀ ਹੀ ਸਰਕਾਰ ਨੇ, ਆਪਣੇ ਹੀ ਲੋਕਾਂ ਦੇ ਹੱਥੀਂ ਕਰਾਇਆ।

We are exposing Secret Documents for the interest of Justice

As, a general secretary of All India Sikh Conference, we have enclosed the affidavits on behalf of widows, victims and survivors. The affidavits have been given to the Jain Banerjee committee. We have all necessary credentials as proof. The Indian government had appealed Sikh families to register their complaints with affidavits. Those Sikh families who were not able to register FIR in 1984 under political pressure. The Jain Banerjee committee was formed to hear the plea of 1984 victims. Widows of the killed Sikh men gave testimony against accused. However, Indian Government did not take any step against these accused. Thus, it reflects the dark side of Indian Government that how much they are corrupt and disloyal towards their own country men.

All India Sikh Conference has taken pledge to fight till the end. On behalf of victims many a times, we have requested the Central Government to take action against the criminals. But the positive outcome is yet to be seen. As of now, victims await justice. In this way accused are loitering in Delhi without fear of law. We request you to read these affidavits. We are sure that the heads will be down with shame.

By
Gurcharan Singh Babbar

Affidavit

Before the Justice M.L.Jain and Shri.A.K Bannerji Committee

I, Vidya Devi wife of Shri. Arjun Singh age 35 yrs, r/o C-13D, Tilak Vihar , New Delhi, do hereby solemnly affirm and declare as under:-

1. That I was residing at C-13D, Tilak Vihar prior to Nov.1984.
2. That on 1.11.1984, Sajjan Kuamr Member of Parliament, led a mob laced with lathis, rods, canns etc. to my house and directed them kill, burn and loot. At this Danny, Prem Raju, Pappu, Gopi dragged my husband aged 40yrs, inflicted head injury with sharp edged weapon and burnt him by pouring kerosene cylinders. They also looted my entire property including dowry prepared for marriage of my daughter and burnt my house. I was not able to save my husband or intervene as I was pushed away and threshed by the assailants.
3. That I fully know Danny, Prem, Raju, Pappu, Gopi being known figures of the locality who led the mob along with Sajjan Kumar, which committed Violence murdered my husband and set my house on fire .
4. That on 3.11.1984, military rescued us and took us to Rani Bagh camp from where we forcibly turned out on 12.11.1984 to fend for ourselves the camp having been declared closed.
5. That my statement was not recorded by Police and instead they just handed over a paper purported to be a copy of the Police report. This was merely a statement of loss suffered. Despite my repeated requests to the Police to apprehend the culprits nothing was done.
6. That I pointed out the grave lapses is not correctly recording the statement and narration of events but was curtly turned away by the Police.
7. That no investigation whatsoever has seen made in the murder of my husband and burning of my heinous crimes freely roaming about in the area.
8. That my above stated deposition has been recoded as per my instructions, the same has been translated and read out to me, in vernacular. I understand the same fully and is correct.

Deponent

Verification

I, the above named deponent do hereby verified that the statement given above is true and correct to my personal knowledge and that nothing has been concealed thereof.

Deponent

Declared at Delhi on this 16th July, 1987.

Affidavit

Before the Justice M.L.Jain and Shri.A.K Bannerji Committee

I, Sugri Bai w/o Shri. Sarup Singh aged 40yrs, r/o C-804, Tilak Vihar, New Delhi, do hereby solemnly affirm and declare as under:-

1. That I was residing at 38/13, Triklok puri, Delhi, prior to Nov.1984.
2. That on 1.11.1984, a morning a meeting was held at block 33 by Rampal Saroj, Sukhan Lal, Kanak Singh as they have killed Mata Smt. Indira Gandhi. After some time these people leading a crowd with lethal weapons and burning towns attacked Sarup Singh, Partap Singh, Dheru Singh, Jeru Singh, Arjan Singh, Jagat Singh, mercilessly beat them and burnt while alive and burnt my house.
3. On 3.11.1984, at about 7.30 am we were taken to Farash Bazaar camp, Delhi.
4. That no proper report was registered and were merely handed out a filled in form about the loss suffered in camp.
5. That no investigation has been made into the murder of my husband and criminals who committed the heinous crimes are roaming about freely.
6. That my above statement deposition has been recorded as per my instructions, the same has been translated and read out to me, in vernacular. I understand the same fully and is correct.

Deponent

Verification

I, the above named deponent do hereby verified that the statement given above is true and correct to my personal knowledge and that nothing has been concealed thereof.

Deponent

Declared at Delhi on this 16th July, 1987.

Before the justice M.L.Jain and Sh.A.K Banner Committee

Affidavit

I,Sidhari Kaur w/o Anand Singh 48 years ,r/o B-37D,.Tilak nagar, New Delhi ,do I hereby solemnly affirm and declared as under :-

1. That I was residing at A-4/B1 sultan puri, New Delhi prior to nov.1984.
2. That on 1.11.1984,our Ilaka Member of Parliament , Sajjan Kumar, and held a meeting .after the meeting Indira Gandhi "Khoon Ka badla khoon "Sardaron ko jaan se maar do"Bachcho tak mardo , slogan sent the air and within moments the crowed led by Rajinder , Jai Bhagwan, Peerea, Nathu Pardhan and laced with rod,lathis , sharp edged weapons ,and arrived dragged my husband out hit him on the head and burnt when I intervened they threatened to kill even my small child with whom I ran for safety to a nearby mosque.

3. That 3.11.1984, Militrary rescued us and took us to Rani Bagh camp from where we were forcibly turned out. On 12.11.84 to fend for ourselves, the camp having been declared closed.
4.That I fully know Nathu Pardhan ,Jai Bhagwan gupta , Peerea, Rajinder and hanuman being known figures of the locality why led the mob along with Sajjan Kumar, which committed violence murdered my husband and set my house on fire.
5. That my statement was not recorded by police and instead they just handed over a paper purpoted to be a copy of loss suffered, despite my repeated request to the police to apprehend the culprits nothing was done.

6. That I pointed out the rave lapses is not correctly recording the statement and narration of events out was curtly turned away by the police.
7. That no investigation whatsoever has been made the murderer of my husband and burning of my house and those who committed the heinous crime are freely roaming in the area.
8. That my above stated deposition has been recorded as per my instructions the same has been translated and read out to me in vernacular. I understand the same fully and is correct.

Deponent

Verification.
I. the above named deponent do hereby verify that the statement give is true and correct to my personal knowledge and that nothing has been canceled thereof.
Declared .at Delhi this 15th July, 1987.

Deponent

Affidavit

Before the Justice M.L.Jain and Shri.A.K Bannerji Committee

I, Sumer Singh s/o Shri. Bhoja Singh aged 50 yrs, r/o TilakVihar camp, New Delhi, do hereby solemnly affirm and declare as under:-

1. That I was residing at A-4/129, Sultan Puri, New Delhi , for over 12 yrs. Prior to Nov.1984.
2. That on 1.11.1984, our Ilaka M.P. Sajjan Kumar held a meeting at a park opposite my house prominent among then were Nathu Pradhan, Udal Jat, Islam and Hanuman. After the meeting the mob laced with Lathis, rods, sharp edged weapons, cans and Udal and Islam carrying guns led the crowd and attacked my house.
3. That in this my sons Ajit Singh, 25yrs, Shankar Singh 20yrs, Dara Singh 16yrs, Jailder Singh 12yrs, were killed and burnt.
4. That I was also grievously hurt while intervening and trying to save them. Some body took me to a nearby mosque.
5. That my statement was not recorded by Police and instead they just handed over a paper purported to be a copy of the Police report. This merely a statement of loss suffered. Despite my repeated requests to the Police to apprehend the culprits nothing was done.
6. That I pointed out the grave lapses is not correctly recording the statement and narration of events but was curtly turned away by the Police.
7. That no investigation whatsoever has been made in the burning of my house and hose who committed the heinous crimes are freely roaming in the area.
8. That my above statement deposition has been recorded as per my instructions, the same has been translated and read out to me, in vernacular. I understand the same fully and is correct.

Deponent

Verification

I, the above named deponent do hereby verified that the statement given above is true and correct to my personal knowledge and that nothing has been concealed thereof.

Deponent

Declared at Delhi on this 16th July, 1987.

Before the justice M.L.Jain and Sh.A.K Banner Committee

Affidavit

I,Jasbir Sing son of Sh. Sattu aged 21 years ,r/o O-67B tilak Vihar,New Delhi, do I hereby solemnly affirm and declared as under :-

1. That I was residing: with my uncle S.Sital Singh at B-583, jagjit Nagar Delhi-53 U, Nov.1984.
2. That on 1.11.1984, a Mob led by Bola, his son Raju and Bholas while guided the mob tour house, the mob also included kerosene oil, and they burnt our house, we took refuge in relative house .when the mob threatened, to burn that house too. My uncle come out and fought the one to them or intervene he clashed .I got my hair cut and slinned and took rouge with my elder uncle.
3. That I visited various camps in search of my other relatives.
4.that on 3.11.1984, I met one, S. Sucha Singh at lualow castle school camp, who came to provide relief to refuge and when I narrated him my fate of suffering ,he offered me to stay with him for few days and I assist him in dairy work on payment .
5. He also led to me to grow hair again and lead the life of a Sikh.
6. That on11.1.1984, my first day at S.sucha Singh house at out ram line examining the location and the new place around 1 P.M. I noticed a goon standing near T.B hospital gate when I neared a car arrived & Shri Jadish Tytler, Minister Arrived. I know and recognize him being a congress leader. He refuse to visit trans-jamuna also with late Shri Sanjay Gandhi He immediately burst out and rebuts the persons forming the group that his instructions have not been faithfully, carried out .His position has been greatly compromised and lowered in the eyes of central leaders, there has been only nominal killing in his constituency compared to east Delhi, Outer Delhi, Cantt. etc.now he would be able to stake claim in future . I had promised large scale killing of Sikhs and sought full protection but you have betrayed and let me down and he left in huff.
7. That I narrated the details to S.Suchha sing who nodded that every body by now knows s that congress leader of Delhi had instigated the killings.
8. We remain alert the whole night
9. That no proper investigation had been done to the killings
.
10. That my above stated deposition has been recorded as per my instructions the same has been translated and read out to me in vernacular. I understand the same fully and is correct.

Deponent

Verification.

I. the above named deponent do hereby verify that the statement give is true and correct to my personal knowledge and that nothing has been canceled thereof.

Declared .at Delhi this 15th July, 1987.

Deponent

ਨਵੰਬਰ 1984 ਕਤਲੇਆਮ ਦੀਆਂ ਜ਼ਖ਼ਮਾਂ ਪੀੜਤ ਵਿਧਵਾਵਾਂ ਨੇ ਪ੍ਰਧਾਨ ਮੰਤਰੀ ਨਿਵਾਸ ਦੇ ਬਾਹਰ ਧਰਨਾ ਦਿੱਤਾ।

8 ਨਵੰਬਰ 1984 ਨੂੰ ਆਲ ਇੰਡੀਆ ਸਿੱਖ ਕਾਨਫਰੰਸ (ਖੱਬਰ) ਵਲੋਂ ਆਯੋਜਿਤ ਕੀਤੀ ਗਈ ਰੈਲੀ ਵਿੱਚ
ਹਜ਼ਾਰਾਂ ਨਵੰਬਰ 1984 ਦੇ ਪੀੜਤ ਸਿੱਖਾਂ ਨੇ Judicial Inquiry ਦੀ ਮੰਗ ਕਾਸ਼ਟਰਪਤੀ ਕੋਲ ਕੀਤੀ।

ਗੁਰਦੁਆਰਾ ਰਕਾਬਗੰਜ ਸਾਹਿਬ ਨਵੀਂ ਦਿੱਲੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੀਆਂ ਰੋਈਆਂ ਨਵੰਬਰ 1984 ਦੀਆਂ ਵਿਧਵਾਵਾਂ।

ਗੁਰੂ ਘਰ ਦੀ ਚੌਖਟ ਤੇ ਮੱਥਾ ਟੇਕਦੀਆਂ ਨੂੰਹਾਂ ਸੁਖਬਰ 1984 ਦੀਆਂ ਵਿਧਵਾਵਾਂ।

ਨਵੰਬਰ 1984 ਦੀਆਂ ਵਿਧਵਾਵਾਂ ਪ੍ਰਧਾਨ ਮੰਤਰੀ ਦੀ ਕੋਠੀ ਦੇ ਬਾਹਰ ਪ੍ਰਦਰਸ਼ਨ ਕਰਦੀਆਂ ਹੋਈਆਂ ਘੇਰੋਸ਼ ਤੇ ਕੇ ਛਿੱਤਾ
ਪਈਆਂ, ਪੱਤਰਕਾਰ ਉਨ੍ਹਾਂ ਨਾਲ ਗੱਲ ਕਰਣ ਦੀ ਕੋਸ਼ਿਸ਼ ਕਰ ਰਹੇ ਹਨ।

ਨਵੰਬਰ 1984 ਕਤਲੇਆਮ ਦੀਆਂ ਪੀੜਤ ਵਿਧਵਾਵਾਂ ਰਾਸ਼ਟਰਪਤੀ ਭਵਨ ਵਿੱਚ
ਮੈਮੋਰੰਡਮ ਦੇਣ ਸਾਂਦੀਆਂ ਤੋਂਦੀਆਂ ਵਿਖਾਈ ਦੇ ਰਹੀਆਂ ਹਨ।

‘ਖ਼ੂਨ ਕਾ ਬਦਲਾ ਖ਼ੂਨ’

“ਮਾਰੋ-ਮਾਰੋ ਸਰਦਾਰੋਂ ਕੋ, ਜਲਾ ਦੋ, ਖਾਕ ਮੇਂ ਮਿਲਾ ਦੋ ਸਰਦਾਰੋਂ ਕੋ, ਏਕ ਭੀ ਬਚਨੇ ਨਾ ਪਾਏ, ਸਾਂਪ ਕੇ ਬੱਚੋਂ ਕੋ ਕੁੱਚਲ ਦੋ, ਲੂਟ ਲੋ-ਲੂਟ ਲੋ ਸਰਦਾਰੋਂ ਕੋ, ਸਾਲੋਂ ਨੇ ਇੰਦਰਾ ਗਾਂਧੀ ਕੋ ਮਾਰ ਦੀਆ, ਹਮਾਰੀ ਮਾਂ ਕੋ ਮਾਰ ਦੀਆ, ਹਮਾਰੀ ਪ੍ਰਧਾਨ ਮੰਤਰੀ ਕੋ ਮਾਰ ਦੀਆ, ਹਮਾਰੀ ਨੇਤਾ ਕੋ ਮਾਰ ਦੀਆ । ਇਨਕਾ ਬੱਚਾ-ਬੱਚਾ ਖਤਮ ਕਰ ਦੋ। ਜਲਾ ਦੋ ਇਨਕੀ ਪਗੜੀਆਂ ਭੀ ।

ਜਬ ਤਕ ਸੂਰਜ ਚਾਂਦ ਰਹੇਗਾ, ਇੰਦਰਾ ਤੇਰਾ ਨਾਮ ਰਹੇਗਾ ।

ਇੰਦਰਾ ਗਾਂਧੀ ਅਮਰ ਰਹੇ, ਇੰਦਰਾ ਗਾਂਧੀ ਅਮਰ ਰਹੇ

ਭਾਰਤ ਮਾਤਾ ਕੀ ਜੈ, ਭਾਰਤ ਮਾਤਾ ਕੀ ਜੈ

ਇੰਦਰਾ ਗਾਂਧੀ ਅਮਰ ਰਹੇ

“ਨੀਲੀ ਪੀਲੀ ਰਹਿਣੇ ਨਹੀਂ ਦੇਣੀ, ਸਤਿ ਸ੍ਰੀ ਅਕਾਲ ਕਹਿਣੇ ਨਹੀਂ ਦੇਣੀ ।”

“ਕੱਛਾ, ਕੜਾ ਤੇ ਕਿਰਪਾਨ, ਭੇਜ ਦੇਂਗੇ ਪਾਕਿਸਤਾਨ”

ਕੋਈ ਗੁਰਦਵਾਰਾ ਨਹੀਂ ਰਹੇਗਾ, ਸਭ ਕੋ ਜਲਾ ਦੋ, ਲੂਟ ਲੋ ਇਨਕੀ ਔਰਤੋਂ ਕੀ, ਲੜਕੀਓਂ ਕੀ ਔਰ ਬਹਿਨੋਂ ਕੀ ਇਜ਼ਤ ਸਰ੍ਹੇ-ਬਾਜ਼ਾਰ, ਇੰਨਹੋਂ ਨੰਗਾ ਕਰਕੇ ਘੁਮਾਓ ਬਾਜ਼ਾਰੋਂ ਮੇਂ, ਸਾਲੋਂ ਕਾ ਨਾਮੋ ਨਿਸ਼ਾਨ ਮਿਟਾ ਦੋ ।

ਖ਼ੂਨ ਕਾ ਬਦਲਾ ਖ਼ੂਨ

ਖ਼ੂਨ ਕਾ ਬਦਲਾ ਖ਼ੂਨ

ਇੰਦਰਾ ਗਾਂਧੀ ਅਮਰ ਰਹੇ

ਖਤਮ ਕਰ ਦੋ ਦੇਸ਼ ਕੇ ਗਦਾਰੋਂ ਕੋ, ਖਤਮ ਕਰ ਦੋ ਪਾਕਿਸਤਾਨ ਕੇ ਏਜੰਟੋਂ ਕੋ ।

“ਦੇਸ਼ ਕੇ ਗਦਾਰੋਂ ਕੋ, ਜੂਤੇ ਮਾਰੋ ਸਾਲੋਂ ਕੋ”

ਇਹ ਨਾਰੇ ਦਿੱਲੀ ਦੀ ਹਰ ਗਲੀ-ਕੂਚੇ, ਹਰ ਚੌਰਾਹੇ ਤੇ ਸੜਕਾਂ ਤੇ ਲਗ ਰਹੇ ਸੀ । ਚਾਰੇ ਪਾਸੇ ਹਾ-ਹਾਕਾਰ ਮੱਚੀ ਹੋਈ ਸੀ। ਹਰ ਪਾਸਿਓਂ ਰੋਣ ਦੀਆਂ, ਚੀਕਣ ਦੀਆਂ ਆਵਾਜ਼ਾਂ ਆ ਰਹੀਆਂ ਸਨ । ਚਹੋਂ ਪਾਸੇ ਧੂੰਆਂ ਸੀ ਅਤੇ ਹਰ ਪਾਸੇ ਅੱਗ ਹੀ ਅੱਗ ਲਗੀ ਹੋਈ ਸੀ । ਸਰਦਾਰਾਂ ਦੇ ਘਰ, ਮਕਾਨ, ਫੈਕਟਰੀਆਂ, ਦੁਕਾਨਾਂ ਤੇ ਗਡੀਆਂ ਸਾੜੀਆਂ ਜਾ ਰਹੀਆਂ ਸਨ । ਸਰਦਾਰਾਂ ਨੂੰ ਚੁਣ-ਚੁਣ ਕੇ, ਘਰਾਂ ਵਿਚੋਂ ਖਿੱਚ-ਖਿੱਚ ਕੇ ਮਾਰਿਆ ਜਾ ਰਿਹਾ ਸੀ । ਸਰਦਾਰ ਨੂੰ ਦੇਖਦੇ ਹੀ ਉਸਨੂੰ ਘੇਰ ਕੇ ਉਸੀ ਥਾਂ ਲਾਠੀਆਂ ਤੇ ਸਰੀਆਂ ਨਾਲ ਮਾਰ ਦਿੱਤਾ ਜਾਂਦਾ ਸੀ । ਸਰਦਾਰਾਂ ਦੇ ਗਲਾਂ ਵਿਚ ਟਾਇਰ ਪਾਕੇ, ਪੈਟਰੋਲ ਪਾਕੇ, ਜਿੰਦਾ ਸਾੜਿਆ ਜਾ ਰਿਹਾ ਸੀ। ਸਿੱਖ ਬੱਚਿਆਂ, ਔਰਤਾਂ ਤੇ ਬੁੱਢੀਆਂ ਜਨਾਨੀਆਂ ਤੱਕ ਨੂੰ ਨਹੀਂ ਬਖਸ਼ਿਆ। ਜਿਵੇਂ ਹੀ ਕਿਸੀ ਸਿੱਖ ਦਾ ਕਤਲ

ਨਵੰਬਰ 1984 ਕਤਲੇਆਮ ਦੀਆਂ ਪੀੜਤ ਵਿਧਵਾਵਾਂ ਸੁਪਰੀਮ ਕੋਰਟ ਦੇ ਬਾਹਰ ਇਨਸਾਫ਼ ਲਈ ਪ੍ਰਦਰਸ਼ਨ ਕਰਦੀਆਂ ਹੋਈਆਂ।

ਕੀਤਾ ਜਾਂਦਾ ਤਾਂ ਫਿਰ ਹੱਤਿਆਰੇ ਉਥੇ ਭੰਗੜਾ ਪਾਉਂਦੇ ਡਿਸਕੋ ਡਾਂਸ ਕਰਦੇ ਅਤੇ ਜੋਰ-ਜ਼ੋਰ ਨਾਲ ਨਾਰੇ ਲਗਾਂਦੇ "ਜਬ ਤੱਕ ਸੂਰਜ ਚਾਂਦ ਰਹੇਗਾ, ਇੰਦਰਾ ਤੇਰਾ ਨਾਮ ਰਹੇਗਾ ।"ਸਿੱਖਾਂ ਨੂੰ ਗਲੀਆਂ ਤੇ ਮੁਹੱਲਿਆ ਵਿੱਚ ਲੱਭਿਆ ਜਾ ਰਿਹਾ ਸੀ । ਲੋਕਾਂ ਦੇ ਘਰਾਂ ਵਿੱਚ ਛਾਪੇ ਮਾਰ-ਮਾਰ ਕੇ ਹੱਤਿਆਰੇ ਸਰ੍ਹੇਆਮ ਸਰਦਾਰਾਂ ਨੂੰ ਲੱਭ ਰਹੇ ਸੀ। ਜੇਕਰ ਹੱਤਿਆਰਿਆਂ ਨੂੰ ਕਿਧਰੇ ਸਿੱਖ ਮਿਲ ਜਾਂਦਾ ਤਾਂ ਹੱਤਿਆਰੇ ਖੁਸ਼ੀ ਨਾਲ ਇਵੇਂ ਝੂਮ ਉਠਦੇ ਜਿਵੇਂ ਲਾਟਰੀ ਨਿਕਲ ਆਈ ਹੋਵੇ ਤੇ ਮਜ਼ਾਕ ਦੇ ਲਹਿਜੇ ਨਾਲ ਹੱਤਿਆਰਿਆਂ ਦਾ ਹਜ਼ੂਮ ਕਹਿੰਦਾ "ਕਿ ਦੇਖੋ ਵੋ ਆ ਗਿਆ ਸਰਦਾਰ," ਫਿਰ ਦੂਜੇ ਪਾਸਿਉਂ ਆਵਾਜ਼ ਆਂਦੀ 'ਕਿ ਇਧਰ ਦੇਖੋ ਵੋ ਆ ਗਿਆ ਸਰਦਾਰ'। ਜਦੋਂ ਹੱਤਿਆਰਿਆਂ ਨੂੰ ਘਰਾਂ ਵਿਚੋਂ ਸਰਦਾਰ ਨਹੀਂ ਮਿਲੇ ਜਾਂ ਇਹ ਕਹਿ ਲੋ ਕਿ ਸਰਦਾਰਾਂ ਨੂੰ ਪਹਿਲੇ ਰਾਊਂਡ ਵਿੱਚ ਮਾਰ ਦਿੱਤਾ ਗਿਆ । ਫਿਰ ਦੂਜੇ ਰਾਊਂਡ ਵਿੱਚ ਵਹਿਸ਼ੀਆਨਾ ਤਰੀਕੇ ਨਾਲ ਹੱਤਿਆਰੇ ਸਮੂਹਿਕ ਤੌਰ ਤੇ ਸਿੱਖ ਔਰਤਾਂ ਦੇ ਨਾਲ ਬਲਾਤਕਾਰ ਕਰਨ ਲਗੇ । ਕਿਧਰੇ ਵੀ ਬੇਸਹਾਰਾ ਔਰਤਾਂ ਨੂੰ ਕੋਈ ਬਚਾਣ ਵਾਲਾ ਨਹੀਂ ਮਿਲਿਆ । ਪੁਲਿਸ ਵੀ ਜਨੂੰਨੀ ਲੋਕਾਂ ਨਾਲ ਮਿਲਕੇ ਜਨੂੰਨੀ ਹੋ ਚੁੱਕੀ ਸੀ । ਦਹਿਸ਼ਤ ਇਤਨੀ ਸੀ ਕਿ ਆਪਣਾ ਕੋਈ ਦਿਸਦਾ ਹੀ ਨਹੀਂ ਸੀ । ਹੱਤਿਆਰਿਆਂ ਦੇ ਹੱਥਾਂ ਵਿੱਚ ਬੱਲਮ, ਕਿਰਪਾਨਾਂ, ਛੁੱਰੇ, ਸਰੀਏ, ਪੈਟਰੋਲ, ਮਿੱਟੀ ਦਾ ਤੇਲ ਅਤੇ ਇੱਕ ਅਜੀਬ ਤਰ੍ਹਾਂ ਦਾ ਸਫ਼ੇਦ ਕੈਮਿਕਲ ਪਾਊਡਰ ਸੀ, ਜੋ ਆਦਮੀ ਨੂੰ ਫ਼ੌਰਨ ਹੀ ਜਿੰਦਾ ਸਾੜ ਦਿੰਦਾ ਸੀ । ਸਿੱਖ ਔਰਤਾਂ ਆਪਣੀ ਝੋਲੀ ਫੈਲਾ-ਫੈਲਾ ਕੇ ਹੱਤਿਆਰਿਆਂ ਕੋਲੋਂ ਆਪਣੇ ਬੱਚਿਆਂ ਦੀ ਜਾਨ ਦੀ ਭੀਖ ਮੰਗ ਰਹੀਆਂ ਸਨ । ਹੱਤਿਆਰੇ ਮਜ਼ਾਕ ਉਡਾ ਰਹੇ ਸਨ, ਹੱਸ ਰਹੇ ਸਨ ਅਤੇ ਸਰਦਾਰਾਂ ਨੂੰ ਇੰਝ ਮਾਰਿਆ-ਕੁੱਟਿਆ ਜਾ ਰਿਹਾ ਸੀ ਕਿ ਜਿਵੇਂ ਮੂਲੀਆਂ ਅਤੇ ਗਾਜਰਾਂ ਕੱਟੀਆਂ ਜਾ ਰਹੀਆਂ ਹੋਣ । ਸਿੱਖਾਂ ਦੀਆਂ ਲਾਸ਼ਾਂ ਥਾਂ-ਥਾਂ ਸੜਕਾਂ ਤੇ ਪਈਆਂ ਹੋਈਆਂ ਸਨ । ਕੁੱਤੇ, ਕਾਂ, ਸੂਰ, ਪੰਛੀ ਆਦਿ ਇੰਨਸਾਨੀ ਮਾਸ ਨੂੰ ਨੋਚ-ਨੋਚ ਕੇ ਖਾ ਰਹੇ ਸਨ । ਲਾਸ਼ਾਂ ਸੜਕਾਂ ਤੇ, ਗਲੀਆਂ ਵਿੱਚ, ਚੌਰਾਹਿਆਂ ਤੇ ਸੜ ਰਹੀਆਂ ਸਨ । ਕੋਈ ਸਿੱਖਾਂ ਦੀਆਂ ਲਾਸ਼ਾਂ ਨੂੰ ਚੁੱਕਣ ਵਾਲਾ ਨਹੀਂ ਸੀ । ਗੁਰਦਵਾਰੇ ਸੜ ਰਹੇ ਸਨ, ਗੁਰੂ ਗ੍ਰੰਥ ਸਾਹਿਬ ਸੜ ਰਹੇ ਸਨ । ਚਾਰ ਦਿਨ ਲਗਾਤਾਰ, ਟਰੱਕਾਂ ਦੇ ਟਰੱਕ ਲਾਸ਼ਾਂ ਭਰ-ਭਰ ਕੇ ਮਿੱਟੀ ਦਾ ਤੇਲ ਪਾ ਕੇ ਇੱਕਠਾ ਦਾਹ-ਸੰਸਕਾਰ ਕੀਤਾ ਜਾ ਰਿਹਾ ਸੀ । ਸਿੱਖਾਂ ਦੇ ਘਰਾਂ ਵਿਚੋਂ ਕੀਮਤੀ ਸਾਮਾਨ ਲੁੱਟਿਆ ਜਾ ਰਿਹਾ ਸੀ ਤੇ ਸਾੜਿਆ ਜਾ ਰਿਹਾ ਸੀ ਅਤੇ ਨਾਲ ਹੀ ਇਹ ਅਫ਼ਵਾਹਾਂ ਉਡਾਈਆਂ ਜਾ ਰਹੀਆਂ ਸਨ ਕਿ ਪੰਜਾਬ ਵਿੱਚ ਸਿੱਖ ਹਿੰਦੂਆਂ ਨੂੰ ਕਤਲ ਕਰ ਰਹੇ ਹਨ। ਸਿੱਖ ਪੰਜਾਬ ਤੋਂ ਹਿੰਦੂਆਂ ਦੀਆਂ ਲਾਸ਼ਾਂ ਟ੍ਰੇਨਾਂ ਵਿੱਚ ਭਰ-ਭਰ ਕੇ ਦਿੱਲੀ ਭੇਜ ਰਹੇ ਹਨ ਅਤੇ ਦੂਜੀ ਅਫ਼ਵਾਹ ਵਿੱਚ ਇਹ ਕਿਹਾ ਜਾ ਰਿਹਾ ਸੀ ਕਿ ਸਿੱਖਾਂ ਨੇ ਪਾਣੀ ਵਿੱਚ ਜ਼ਹਿਰ ਮਿਲਾ ਦਿੱਤਾ ਹੈ, ਪਾਣੀ ਨਹੀਂ ਪੀਣਾ ਆਦਿ ।

ਇਸੀ ਦੌਰਾਨ ਦੂਰਦਰਸ਼ਨ ਤੇ ਇੰਦਰਾ ਗਾਂਧੀ ਦੀ ਲਾਸ਼ ਨੂੰ ਦਿਖਾਕੇ ਨਾਰੇ ਲਗਵਾਏ ਜਾ ਰਹੇ ਸੀ ਕਿ 'ਖ਼ੂਨ ਕਾ ਬਦਲਾ ਖ਼ੂਨ' ਯਾਨੀ ਦੂਜੇ ਲਫ਼ਜ਼ਾਂ ਵਿੱਚ ਇਹ ਸੂਚਨਾ ਦਿੱਤੀ ਜਾ ਰਹੀ ਸੀ ਕਿ ਇੰਦਰਾ ਗਾਂਧੀ ਦੇ ਖ਼ੂਨ ਦਾ ਬਦਲਾ ਲੋ । ਚਾਰ ਦਿਨਾਂ ਵਿੱਚ ਪੰਜ ਹਜ਼ਾਰ ਹੱਤਿਆਵਾਂ ਕਰ ਦਿੱਤੀਆਂ ਗਈਆਂ । ਹਜ਼ਾਰਾਂ ਸਿੱਖਾਂ ਨੂੰ ਜ਼ਖਮੀ ਕਰ ਦਿੱਤਾ ਗਿਆ । ਸਿੱਖਾਂ ਦੇ ਛੁਪਣ (ਬਚਾਅ) ਵਾਸਤੇ ਕੋਈ ਥਾਂ ਨਹੀਂ ਸੀ । ਦਵਾਈ ਵਾਸਤੇ ਕੋਈ ਦਵਾਈ ਘਰ ਨਹੀਂ ਸੀ । ਡਾਕਟਰਾਂ ਕੋਲ ਜਾਣ ਲਈ ਕੋਈ ਗੱਡੀ ਦਾ ਪ੍ਰਬੰਧ ਨਹੀਂ ਸੀ । ਕੋਈ ਵੀ ਜ਼ਖ਼ਮੀ ਸਿੱਖ ਨੂੰ ਚੁੱਕ ਕੇ ਹਸਪਤਾਲ ਨਾ ਲੈ ਕੇ ਜਾਂਦਾ । ਕੋਈ ਪੁਲਿਸ ਨੂੰ ਬੁਲਾਣ ਦੀ ਹਿੰਮਤ ਨਾ ਕਰਦਾ।..

ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਦੀ ਧਰਮ ਪਤਨੀ ਸਰਦਾਰਨੀ ਪ੍ਰੀਤਮ ਕੌਰ ਇਕ ਵਿਸ਼ੇਸ਼ ਸਮਾਗਮ ਵਿੱਚ ਸਰਦਾਰ ਗੁਰਚਰਨ ਸਿੰਘ ਬੱਬਰ ਦੀ ਲਿਖੀ ਕਿਤਾਬ ਸਰਦਾਰ ਸਿਮਰਨਜੀਤ ਸਿੰਘ ਮਾਨ ਨੂੰ ਭੇਂਟ ਕਰਦੇ ਹੋਏ।

“ਸੁਪਰੀਮ ਕੋਰਟ ਤੇ ਕਲੰਕ ਦਾ ਕਾਲਾ ਟਿੱਕਾ”

‘31’ ਅਕਤੂਬਰ ‘1984’ ਤੋਂ ਲੈ ਕੇ ‘4’ ਨਵੰਬਰ 1984’ ਤੱਕ ਭਾਰਤ ਦੀ ਸੁਪਰੀਮ ਕੋਰਟ ਤੇ ਤਾਲਾ ਲੱਗਾ ਰਿਹਾ । ਇਹ ਸੁਪਰੀਮ ਕੋਰਟ ਭਾਰਤ ਦਾ ਸਭ ਤੋਂ ਵੱਡਾ ਅਤੇ ਆਖਰੀ ਇਨਸਾਫ਼ ਦਾ ਮੰਦਰ ਹੈ।

ਹਿੰਦੁਸਤਾਨ ਭਰ ਦੇ ਲੋਕਾਂ ਦੇ ਲਈ ਸੁਪਰੀਮ ਕੋਰਟ ਆਸਾਂ, (ਉਮੀਦ) ਵਿਸ਼ਵਾਸ ਅਤੇ ਨਿਆਂ ਦੀ ਇੱਕ ਮਹੱਤਵਪੂਰਨ ਕੜੀ ਹੈ ਅਤੇ ਹਿੰਦੁਸਤਾਨ ਵਿੱਚ ਕੋਰਟ ਲੋਕਤੰਤਰ ਦੇ ਚਾਰ ਮਹੱਤਵਪੂਰਨ ਥੰਮਾਂ ਵਿੱਚੋਂ ਇੱਕ ਥੰਮ ਹੈ । ਸੰਨ 1947 ਤੋਂ ਬਾਦ ਜਦੋਂ ਤੋਂ ਹਿੰਦੁਸਤਾਨ ਆਜ਼ਾਦ ਹੋਇਆ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਸੁਪਰੀਮ ਕੋਰਟ ਦੇ ਜੱਜਾਂ ਰਾਹੀਂ ਕੀਤੇ ਗਏ ਕਈ ਇਤਿਹਾਸਕ ਫੈਸਲਿਆਂ ਦੇ ਕਾਰਨ ਭਾਰਤ ਵਿੱਚ ਨਿਆਂ-ਪ੍ਰਬੰਧ ਨੂੰ ਇੱਕ ਮਜਬੂਤ ਤੇ ਸਥਿਰ ਦਿਸ਼ਾ ਮਿਲੀ ।

ਸੁਪਰੀਮ ਕੋਰਟ ਆਫ਼ ਇੰਡੀਆ ਅਤੇ ਦਿੱਲੀ ਹਾਈ ਕੋਰਟ ਦੇ ਸਤਿਕਾਰਯੋਗ ਜੱਜਾਂ ਨੇ ਕਈ ਵਾਰ ਨੈਸ਼ਨਲ ਅਖਬਾਰਾਂ ਵਿੱਚ ਛਪੀ ਕਿਸੀ ਇੱਕ ਖ਼ਾਸ ਖਬਰ ਨੂੰ ਆਧਾਰ ਮੰਨ ਕੇ ਖ਼ਬਰ ਨਾਲ ਸੰਬੰਧਤ ਪੀੜਤ ਵਿਅਕਤੀ ਨੂੰ ਨਿਆਂ ਦਿੱਤਾ । ਸੁਪਰੀਮ ਕੋਰਟ ਆਫ਼ ਇੰਡੀਆ ਅਤੇ ਦਿੱਲੀ ਹਾਈ ਕੋਰਟ ਦੇ ਮਾਨਯੋਗ ਜੱਜਾਂ ਨੇ ਕਈ ਵਾਰ ਕਿਸੀ ਗਰੀਬ, ਬੇਸਹਾਰਾ ਅਤੇ ਨਿਆਂ ਤੋਂ ਵਾਂਝੇ ਵਿਅਕਤੀ ਨੂੰ ਸਿਰਫ਼ ਇੱਕ ਪੋਸਟ ਕਾਰਡ ਤੇ ਮਿਲੀ ਸ਼ਿਕਾਇਤ ਨੂੰ ਆਧਾਰ ਮੰਨਕੇ ਫ਼ੌਰਨ ਕਾਰਵਾਈ ਕੀਤੀ ਅਤੇ ਨਿਆਂ ਦਿੱਤਾ ਹੈ ।

ਸੁਪਰੀਮ ਕੋਰਟ ਨੇ ਕਈ ਜਨਹਿੱਤ ਕੇਸਾਂ ਤੇ ਆਪ (ਸੋ ਮੋਟੋ) ਐਕਸ਼ਨ ਲਏ ਹਨ । ਸੁਪਰੀਮ ਕੋਰਟ ਆਫ ਇੰਡੀਆ ਤੇ ਦਿੱਲੀ ਹਾਈ ਕੋਰਟ ਅਤੇ ਹਿੰਦੁਸਤਾਨ ਦੇ ਦੂਜੇ ਹਾਈ ਕੋਰਟਾਂ ਨੇ ਕਈ ਵਾਰੀ ਗਲਤ ਸਰਕਾਰੀ ਕੰਮ-ਕਾਜ ਤੇ ਸਖਤ ਕਾਰਵਾਈ ਕੀਤੀ ਤੇ ਕਈ ਮਹੱਤਵਪੂਰਨ ਆਦੇਸ਼ ਵੀ ਜਾਰੀ ਕੀਤੇ ਹਨ ।

ਸੁਪਰੀਮ ਕੋਰਟ ਆਫ ਇੰਡੀਆ ਅਤੇ ਦਿੱਲੀ ਹਾਈ ਕੋਰਟ ਦੇ ਮਾਨਯੋਗ ਜੱਜਾਂ ਨੇ ਕਈ ਨੈਸ਼ਨਲ ਰਾਜਨੀਤਕਾਂ ਦੀ ਕਥਿਤ ਮਿਲੀ ਭਗਤ, ਅਪਰਾਧਿਕ ਅਤੇ ਭ੍ਰਿਸ਼ਟਾਚਾਰੀ ਭੂਮਿਕਾ ਨੂੰ ਲੈ ਕੇ ਭਾਰਤ ਦੀ ਸਭ ਤੋਂ ਵੱਡੀ ਜਾਂਚ ਏਜੰਸੀ ‘ਸੀ. ਬੀ. ਆਈ.‘ ਦੀ ਨਕਾਰਾ ਕਾਰਵਾਈ ਦੀ ਵੀ ਕਈ ਵਾਰ ਜੰਮ ਕੇ ਖਿਚਾਈ ਕੀਤੀ ਤੇ ਸਖਤ ਦਿਸ਼ਾ-ਨਿਰਦੇਸ਼ ਵੀ ਦਿੱਤੇ । ਇੱਕ ਮਹੱਤਵਪੂਰਨ ਮੁਕੱਦਮੇ ਵਿੱਚ ਸੁਪਰੀਮ ਕੋਰਟ ਆਫ਼ ਇੰਡੀਆ ਦੇ ਮੁੱਖ ਜੱਜ ਨੇ ਹਿੰਦੁਸਤਾਨ ਦੇ ਨੈਸ਼ਨਲ ਅਖਬਾਰਾਂ ਵਿੱਚ ਇੱਕ ਖਬਰ ਪੜੀ ਕਿ ਭਾਰਤ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਸੀ. ਬੀ. ਆਈ. ਦੇ ਪ੍ਰਮੁੱਖ ਜੋਗਿੰਦਰ ਸਿੰਘ ਨੇ ਇੱਕ ਮਹੱਤਵਪੂਰਨ ਮੁਕਦਮੇ ਵਿੱਚ ਦੋਸ਼ੀ, ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ, ਸ੍ਰੀ ਨਰਸਿਮ੍ਹਾ ਰਾਓ ਦੇ ਨਾਲ ਮੁਲਾਕਾਤ ਕੀਤੀ ਹੈ । ਜਦਕਿ ਸ਼੍ਰੀ ਨਰਸਿਮ੍ਹਾ ਰਾਓ ਦੀ ਕਈ ਸੰਗੀਨ ਮਾਮਲਿਆਂ ਵਿੱਚ ਸੀ. ਬੀ. ਆਈ. ਜਾਂਚ ਕਰ ਰਹੀ ਸੀ । ਇਹ ਖਬਰ ਪੜਦੇ ਹੀ ਸੁਪਰੀਮ ਕੋਰਟ ਆਫ਼ ਇੰਡੀਆ ਦੇ ਮਾਨਯੋਗ ਜੱਜ ਨੇ ਅਗਲੇ ਹੀ ਦਿਨ ਸੀ. ਬੀ. ਆਈ. ਦੇ ਪ੍ਰਮੁੱਖ ਜੋਗਿੰਦਰ ਸਿੰਘ ਨੂੰ ਫੌਰਨ ਸੁਪਰੀਮ ਕੋਰਟ ਵਿੱਚ ਬੁਲਾਇਆ ਤੇ ਉਨ੍ਹਾਂ ਦੀ ਜੰਮ ਕੇ ਖਿਚਾਈ ਕੀਤੀ ।

TIMES OF INDIA

ITAL

Bahadurshah Zafar Marg • Asaf Ali Road • Delhi Stock Exchage • Daryaganj • Delhi University • Kingsway Camp •

An attempted protest march of widows of those killed in the November 1984 massacre of Sikhs in Delhi ended with the police arresting them for defying the current ban on assembly in the city on Tuesday.—TOI photo by T. Narayan.

ਫਿਰ ਸੁਪਰੀਮ ਕੋਰਟ ਵਿੱਚ ਸੀ. ਬੀ. ਆਈ. ਚੀਫ਼ ਜੋਗਿੰਦਰ ਸਿੰਘ ਨੇ ਮਾਫ਼ੀ ਮੰਗੀ ਅਤੇ ਅੱਗੇ ਤੋਂ ਮੈਂ ਇੰਜ ਨਹੀਂ ਕਰਾਂਗਾ, ਇਹ ਕਹਿ ਕੇ ਆਪਣੇ ਆਪ ਨੂੰ ਬਚਾਇਆ ।ਸੁਪਰੀਮ ਕੋਰਟ ਆਫ਼ ਇੰਡੀਆ ਤੇ ਦਿੱਲੀ ਹਾਈ ਕੋਰਟ ਤੇ ਪਟਨਾ ਹਾਈ ਕੋਰਟ ਨੇ ਕਈ ਮਹੱਤਵਪੂਰਨ ਮੁਕੱਦਮਿਆਂ ਵਿੱਚ ਸੀ. ਬੀ. ਆਈ. ਨੂੰ ਆਦੇਸ਼ ਦਿੱਤਾ ਕਿ ਉਹ ਸਰਕਾਰ ਦੀ ਬਜਾਏ ਕੋਰਟ ਨੂੰ ਰਿਪੋਰਟ ਦੇਵੇ । ਦਿੱਲੀ ਵਿੱਚ ਦਿੱਲੀ ਸਰਕਾਰ ਦੀ ਬਦਇੰਤਜ਼ਾਮੀ ਦੇ ਕਾਰਨ ਇੱਕ ਵਾਰ ਡੇਂਗੂ ਬੁਖਾਰ ਫੈਲ ਗਿਆ ਤੇ ਪ੍ਰਸ਼ਾਸਨ ਪ੍ਰਭਾਵਸ਼ਾਲੀ ਤਰੀਕੇ ਨਾਲ ਕੰਮ ਨਹੀਂ ਕਰ ਰਿਹਾ ਸੀ । ਇਸ ਤਰ੍ਹਾਂ ਦੀਆਂ ਖਬਰਾਂ ਅਖਬਾਰਾਂ ਵਿੱਚ ਛਪ ਰਹੀਆਂ ਸਨ । ਇਸਤੇ ਅਚਾਨਕ ਅਤੇ ਆਪ ਦਿੱਲੀ ਹਾਈ ਕੋਰਟ ਨੇ ਦਿੱਲੀ ਸਰਕਾਰ ਨੂੰ ਕੋਰਟ ਵਿੱਚ ਹਾਜ਼ਰ ਹੋਣ ਦੇ ਸਖਤ ਨਿਰਦੇਸ਼ ਜਾਰੀ ਕੀਤੇ ਕਿ ਦਿੱਲੀ ਸਰਕਾਰ ਕੋਰਟ ਨੂੰ ਦਸੇ ਕਿ ਦਿੱਲੀ ਵਿੱਚ ਡੇਂਗੂ ਨਾਲ ਨਿਪਟਣ ਵਾਸਤੇ ਕੀ-ਕੀ ਉਪਾਅ ਕਰ ਰਹੀ ਹੈ? ਇਸੀ ਤਰ੍ਹਾਂ ਦਿੱਲੀ ਦੇ ਯਮੁਨਾਪਾਰ ਇਲਾਕੇ ਵਿੱਚ ਰਹਿਣ ਵਾਲੇ ਵਿਸ਼ਨੂੰ ਪੰਡਤ ਨਾਂ ਦੇ ਇੱਕ ਬਦਮਾਸ਼ ਨੇ ਕਿਸੀ ਅਬਲਾ, ਬੇਸਹਾਰਾ ਤੇ ਗਰੀਬ ਔਰਤ ਦੇ ਨਾਲ ਜ਼ਬਰਦਸਤੀ ਬਲਾਤਕਾਰ ਕੀਤਾ ਸੀ । ਜਿਸ ਤੇ ਦਿੱਲੀ ਪੁਲਿਸ ਕਾਰਵਾਈ ਕਰਨ ਵਿੱਚ ਹਿੱਚਕਿੱਚ੍ਹਾ ਰਹੀ ਸੀ । ਇਹ ਖਬਰ ਜਦੋਂ ਅਖਬਾਰਾਂ ਵਿੱਚ ਛਪੀ ਤਾਂ ਦਿੱਲੀ ਹਾਈਕੋਰਟ ਨੇ ਅਗਲੇ ਹੀ ਦਿਨ ਆਪ ਵਿਸ਼ਨੂੰ-ਪੰਡਤ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ । ਪਰ 'ਨਵੰਬਰ 1984 ਵਿੱਚ '31 ਅਕਤੂਬਰ ਤੋਂ 4 ਨਵੰਬਰ' ਤੱਕ ਜਦੋਂ ਨਿਰਦੋਸ਼ ਸਿੱਖਾਂ ਦਾ ਕਤਲੇਆਮ ਹੋ ਰਿਹਾ ਸੀ ਤਾਂ ਸੁਪਰੀਮ ਕੋਰਟ ਆਫ਼ ਇੰਡੀਆ ਤੇ ਦਿੱਲੀ ਹਾਈ ਕੋਰਟ ਨੂੰ ਤਾਲੇ ਲਗਾ ਕੇ ਮਾਨਯੋਗ ਜੱਜ ਆਪਣੇ-ਆਪਣੇ ਘਰਾਂ ਵਿੱਚ ਆਪਣੇ-ਆਪਣੇ ਪਰਿਵਾਰ ਦੇ ਨਾਲ ਬੈਠ ਕੇ ਦੂਰਦਰਸ਼ਨ ਤੇ ਦੇਖ ਰਹੇ ਸੀ "ਖ਼ੂਨ ਕਾ ਬਦਲਾ ਖ਼ੂਨ' ਅਤੇ ਚਾਰ ਦਿਨ ਲਗਾਤਾਰ ਨਿਰਦੋਸ਼ ਸਿੱਖਾਂ ਦੀਆਂ ਹੱਤਿਆਵਾਂ ਦੇ ਬਾਰੇ ਇਹ ਨਿਆਂਮੂਰਤੀ (ਜੱਜ) ਨੈਸ਼ਨਲ ਅੱਖਬਾਰਾਂ ਵਿੱਚ ਇਹ ਖਬਰਾਂ ਪੜ੍ਹਦੇ ਰਹੇ । ਸੁਪਰੀਮ ਕੋਰਟ ਆਫ਼ ਇੰਡੀਆ ਤੇ ਦਿੱਲੀ ਹਾਈਕੋਰਟ ਦੇ ਬਾਹਰ ਤੇ ਉਸਦੇ ਨਜ਼ਦੀਕ ਜਾਂ ਤੁਸੀਂ ਇਹ ਕਹਿ ਸਕਦੇ ਹੋ ਕਿ ਸੁਪਰੀਮ ਕੋਰਟ ਤੇ ਦਿੱਲੀ ਹਾਈ ਕੋਰਟ ਤੋਂ ਲੈ ਕੇ ਹਰ ਪਾਸੇ ਲੱਗਭਗ 30 ਕਿਲੋਮੀਟਰ ਦੇ ਦਾਇਰੇ ਵਿੱਚ ਹਜ਼ਾਰਾਂ ਨਿਰਦੋਸ਼ ਇਨਸਾਨੀ ਜ਼ਿੰਦਗੀਆਂ ਦਾ ਕਤਲ ਹੋ ਰਿਹਾ ਸੀ । ਸੁਪਰੀਮ ਕੋਰਟ ਦੇ ਮਾਨਯੋਗ ਜੱਜਾਂ ਤੇ ਦਿੱਲੀ ਹਾਈ ਕੋਰਟ ਦੇ ਮਾਨਯੋਗ ਜੱਜਾਂ ਦੇ ਘਰਾਂ ਦੇ ਬਾਹਰ ਅਤੇ ਉਨ੍ਹਾਂ ਦੇ ਘਰਾਂ ਦੇ ਬਿਲਕੁਲ ਨਜ਼ਦੀਕ ਸੈਂਕੜੇ ਨਿਰਦੋਸ਼ ਲੋਕਾਂ ਦੀਆਂ ਹੱਤਿਆਵਾਂ ਹੋ ਰਹੀਆਂ ਸਨ । ਹਰ ਪਾਸੇ ਅੱਗ ਹੀ ਅੱਗ, ਧੂੰਆਂ ਹੀ ਧੂੰਆਂ ਸੀ । ਸੜਕਾਂ, ਗਲੀਆਂ ਤੇ ਚੌਰਾਹਿਆਂ ਤੇ ਸ਼ੋਰ, ਹਾਹਾਕਾਰ ਤੇ ਲੁੱਟ ਮੱਚੀ ਹੋਈ ਸੀ । ਲੇਕਿਨ ਇਸ ਦੌਰਾਨ ਇਹ ਮਾਨਯੋਗ ਜੱਜ ਆਪਣੇ-ਆਪਣੇ ਘਰਾਂ ਨੂੰ ਅੰਦਰੋਂ ਬੰਦ ਕਰਕੇ ਨਿਪੁੰਸਕਾਂ (ਹੀਜੜਿਆਂ) ਦੀ ਤਰ੍ਹਾਂ ਬੈਠੇ ਰਹੇ । ਇੰਨ੍ਹਾਂ ਵਿੱਚੋਂ ਕਿਸੀ ਇੱਕ ਵੀ ਜੱਜ ਨੇ ਘਰੋਂ ਬਾਹਰ ਨਿਕਲਕੇ ਬੇਕਸੂਰ ਲੋਕਾਂ ਦੀਆਂ ਹੱਤਿਆਵਾਂ ਰੋਕਣ ਲਈ ਸਰਕਾਰ ਤੇ ਕੋਈ ਦਬਾਅ ਨਹੀਂ ਪਾਇਆ ਤੇ ਨਾ ਹੀ ਇੰਨ੍ਹਾਂ ਜੱਜਾਂ ਦੀ ਆਤਮਾ ਹਿੱਲੀ ।

ਇਨ੍ਹਾ ਜੱਜਾਂ ਨੇ ਤਾਂ 'ਨਿਆਂ ਦੇ ਮੰਦਰ' ਸੁਪਰੀਮ ਕੋਰਟ ਨੂੰ ਵੀ ਚਾਰ ਦਿਨ ਤੱਕ ਤਾਲਾ ਲਗਾਈ ਰੱਖਿਆ । ਜਦਕਿ ਕਈ ਮੁਕੱਦਮਿਆਂ ਵਿੱਚ ਸੁਪਰੀਮ ਕੋਰਟ ਤੇ ਦਿੱਲੀ ਹਾਈ ਕੋਰਟ ਦੇ ਪ੍ਰਮੁੱਖ ਜੱਜਾਂ ਨੇ ਅੱਧੀ-ਅੱਧੀ ਰਾਤ ਨੂੰ ਆਪਣੇ ਘਰਾਂ ਵਿੱਚ ਵਿਸ਼ੇਸ਼ ਅਦਾਲਤਾਂ ਲਗਾਕੇ ਸਰਕਾਰ, ਸੀ. ਬੀ. ਆਈ. ਤੇ ਪੁਲਿਸ ਨੂੰ ਕਈ ਮਹੱਤਵਪੂਰਨ ਆਦੇਸ਼ ਦਿੱਤੇ ਹਨ, ਕਿਉਂਕਿ ਸੁਪਰੀਮ ਕੋਰਟ ਦੇ ਇੱਕ ਮਹੱਤਵਪੂਰਨ ਫੈਸਲੇ ਦੇ ਮੁਤਾਬਕ ਨਿਆਂ ਦੀ ਕੁਰਸੀ ਘੜੀ ਦੀਆਂ ਸੂਈਆਂ ਨਹੀਂ ਦੇਖਦੀ । ਫਿਰ 31 ਅਕਤੂਬਰ 1984 ਹੱਤਿਆਕਾਂਡ ਦੇ

THE HINDUSTAN TIMES

Members of the All India Sikh Conference on dharna at Gole Methi Chowk in support of their demands in Delhi on Tuesday. — HT photo by Arun Jetlie

Riot victims begin stir

NEW DELHI, July 24 (HTC)

The 1984 riot victims today began an indefinite hunger-strike at Gole Methi to protest against the Government for not making arrangements for their settlement.

They had planned to sit on hunger-strike at the residence of Lt.-Governor Arjan Singh in Chanakyapuri.

The 1984 riot victims are living in Tilak Vihar where there are no basic facilities. According to the residents of Tilak Vihar they do not get regular water supply and medical facilities.

The protestors included a large number of women and children.

Even after six years, the victims have not been rehabilitated, they said. They are living a miserable life in Tilak Vihar, they said.

ਵਕਤ ਇਨ੍ਹਾਂ ਜੱਜਾਂ ਨੇ ਆਪਣੇ ਘਰਾਂ ਵਿੱਚ ਵਿਸ਼ੇਸ਼ ਅਦਾਲਤਾਂ ਕਿਉਂ ਨਹੀਂ ਲਗਾਈਆਂ?

ਕਿਉਂ ਨਹੀਂ ਸਰਕਾਰ, ਪੁਲਿਸ ਤੇ ਮਿਲਟਰੀ ਪ੍ਰਮੁੱਖਾਂ ਨੂੰ ਬੇਕਸੂਰ ਇਨਸਾਨੀ ਜਿੰਦਗੀਆਂ ਨੂੰ ਬਚਾਣ ਦੇ ਆਦੇਸ਼ ਦਿੱਤੇ ?

ਇਸਦਾ ਮਤਲਬ ਇਹ ਹੈ, ਕਿ ਇਹ ਸਭ ਜੱਜ ਉਸ ਵਕਤ ਦੀ ਕਾਂਗਰਸ ਸਰਕਾਰ ਦੇ ਏਜੰਟ ਸਨ ਜਾਂ ਇਹ ਗੁੰਗੇ ਪਹਿਲਵਾਨ ਕੁੰਭਕਰਨ ਦੀ ਨੀਂਦ ਸੌਂ ਰਹੇ ਸਨ । ਫਿਰ ਚਾਰ ਦਿਨਾਂ ਦੇ ਬਾਅਦ ਜਦੋਂ ਕਾਂਗਰਸੀ ਹੱਤਿਆਰੇ ਨਿਰਦੋਸ਼ ਲੋਕਾਂ ਦੀਆਂ ਹੱਤਿਆਵਾਂ ਕਰ ਚੁੱਕੇ ਸੀ ਅਤੇ ਅਰਬਾਂ-ਖਰਬਾਂ ਦੀ ਜਾਇਦਾਦ (ਸੰਪਤੀ) ਲੁੱਟ ਤੇ ਜਲਾ ਚੁੱਕੇ ਸਨ ਤਾਂ ਸੁਪਰੀਮ ਕੋਰਟ ਆਫ਼ ਇੰਡੀਆ ਤੇ ਦਿੱਲੀ ਹਾਈ ਕੋਰਟ ਦੇ ਮਾਨਯੋਗ ਜੱਜ ਸੁਪਰੀਮ ਕੋਰਟ ਤੇ ਦਿੱਲੀ ਹਾਈ ਕੋਰਟ ਦੇ ਤਾਲੇ ਖੋਲ ਕੇ ਨਿਆਂ ਦੇ ਮੰਦਰ ਵਿੱਚ ਆਪਣੀ-ਆਪਣੀ ਕੁਰਸੀ ਤੇ ਆ ਕੇ ਬੈਠ ਗਏ ।

ਇਨ੍ਹਾਂ ਸਾਰੇ ਮਾਨਯੋਗ ਜੱਜਾਂ ਵਿੱਚੋਂ ਕਿਸੀ ਇੱਕ ਨੇ ਵੀ (ਸੋ ਮੋਟੋ) ਆਪ ਐਕਸ਼ਨ ਨਹੀਂ ਲਿਆ । ਕਿਸੀ ਜੱਜ ਨੇ ਕੇਂਦਰ ਸਰਕਾਰ ਤੇ ਪੁਲਿਸ ਕੋਲੋਂ ਕੁਝ ਨਹੀਂ ਪੁੱਛਿਆ ਕਿ ਪਿਛਲੇ ਚਾਰ ਦਿਨਾਂ ਵਿੱਚ ਦਿੱਲੀ ਦੇ ਅੰਦਰ ਕੀ ਹੋਇਆ? ਇਸਦਾ ਕੌਣ ਜਿੰਮੇਵਾਰ ਹੈ, ਨਿਰਦੋਸ਼ ਲੋਕਾਂ ਦੀਆਂ ਹੱਤਿਆਵਾਂ ਕਿਸਨੇ ਕੀਤੀਆਂ? ਪੁਲਿਸ ਕਿੱਥੇ ਸੀ? ਸਰਕਾਰ ਕਿੱਥੇ ਸੀ? ਮਿਲਟਰੀ ਕਿਥੇ ਸੀ?

ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਨਾ ਤਾਂ ਸੁਪਰੀਮ ਕੋਰਟ ਦੇ ਕਿਸੀ ਜੱਜ ਨੇ ਅਤੇ ਨਾ ਹੀ ਦਿੱਲੀ ਹਾਈ ਕੋਰਟ ਦੇ ਕਿਸੇ ਜੱਜ ਨੇ '੮੪ ਨਵੰਬਰ 84' ਹੱਤਿਆਕਾਂਡ ਤੇ ਕੁੱਝ ਕਿਹਾ । ਉਹ ਤੇ ਇੰਝ ਖਾਮੋਸ਼ ਸਨ ਜਿਵੇਂ ਦਿੱਲੀ ਵਿੱਚ ਕੁੱਝ ਹੋਇਆ ਹੀ ਨਹੀਂ ।

ਨਵੰਬਰ '84' ਤੋਂ ਲੈ ਕੇ ਅੱਜ ਤੱਕ ਕਿੰਨੇ ਸਾਲ ਬੀਤ ਗਏ ਹਨ ਅਤੇ ਹੱਤਿਆਰੇ ਸੁਪਰੀਮ ਕੋਰਟ ਤੇ ਦਿੱਲੀ ਹਾਈ ਕੋਰਟ ਅਤੇ ਇਸਦੇ ਬਹੁਤ ਨਜ਼ਦੀਕ ਸੈਂਕੜੇ ਦੀ ਗਿਣਤੀ ਵਿੱਚ ਖੁਲ੍ਹੇਆਮ ਸੀਨਾ ਤਾਣ ਕੇ ਘੁੰਮਦੇ ਹਨ । ਇੰਨ੍ਹਾਂ ਵਿੱਚੋਂ ਕਈ ਨਾਮੀ ਹੱਤਿਆਰਿਆਂ ਨੂੰ ਉਨ੍ਹਾਂ ਦੀ ਸੁਰੱਖਿਆ ਲਈ ਸਰਕਾਰ ਨੇ "ਬਲੈਕ ਕੈਟ" ਵੀ ਦੇ ਰਖੇ ਹਨ । ਉਹ ਹਾਰਨ ਵਜਾ ਕੇ ਤੇ ਆਪਣੀ-ਆਪਣੀ ਕਾਰਾਂ ਵਿੱਚ ਲਾਲ-ਬੱਤੀ ਲਗਾ ਕੇ ਸੁਪਰੀਮ ਕੋਰਟ ਤੇ ਦਿੱਲੀ ਹਾਈ ਕੋਰਟ ਦੇ ਸਾਹਮਣੇ ਸਰ੍ਹੇਆਮ ਘੁੰਮਦੇ ਹਨ ਅਤੇ ਪੀੜਤ ਪਰਿਵਾਰਾਂ ਨੂੰ ਚਿੜਾਂਦੇ ਹਨ, ਅਤੇ ਇਹ ਸਭ ਖਬਰਾਂ ਦੇਸ਼ ਦੇ ਪ੍ਰਮੁੱਖ ਰਾਸ਼ਟਰੀ ਅਖਬਾਰਾਂ ਵਿੱਚ ਬੜੀ ਪ੍ਰਮੁੱਖਤਾ ਦੇ ਨਾਲ ਛਪਦੀਆਂ ਰਹੀਆਂ ਹਨ ਅਤੇ ਛੱਪ ਰਹੀਆਂ ਹਨ । ਲੇਕਿਨ ਨਾ ਹੀ ਸੁਪਰੀਮ ਕੋਰਟ ਅਤੇ ਨਾ ਹੀ ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਕੋਲੋਂ ਅੱਜ ਤੱਕ ਇਹ ਪੁੱਛਿਆ ਹੈ ਕਿ ਭਾਈ "੮੪ ਨਵੰਬਰ '84" ਦੇ ਦੋਸ਼ੀਆਂ ਨੂੰ ਕਿਉਂ ਨਹੀਂ ਗ੍ਰਿਫ਼ਤਾਰ ਕੀਤਾ ਜਾ ਰਿਹਾ? ਅਤੇ ਨਾ ਹੀ ਕੇਂਦਰ ਸਰਕਾਰ ਤੇ ਦਿੱਲੀ ਪੁਲਿਸ ਦੀ ਇਤਨੀ ਦੇਰੀ ਹੋ ਜਾਣ ਤੇ ਡਾਂਟ ਲਗਾਈ? ਕੀ ਹਵਾਲਾ ਕਾਂਡ, ਚੰਦਰਾਸਵਾਮੀ ਕਾਂਡ, ਨਰਸਿਮ੍ਹਾ ਰਾਓ ਤੇ ਲੱਖੂ ਭਾਈ ਪਾਠਕ ਕਾਂਡ, ਚਾਰਾ ਘੋਟਾਲਾ, ਬੋਫ਼ੋਰਸ ਤੋਪ ਦਲਾਲੀ ਕਾਂਡ, ਸੁਖਰਾਮ ਕਾਂਡ ਤੇ ਯੂਰੀਆ ਘੋਟਾਲਾ ਤੋਂ ਛੋਟੀ ਘਟਨਾ ਹੈ, 5000 ਨਿਰਦੋਸ਼ ਇੰਨਸਾਨੀ ਜ਼ਿੰਦਗੀਆਂ ਦਾ ਭਿਆਨਕ ਕਤਲੇਆਮ ਤੇ ਲੋਕਾਂ ਦੇ ਖੂਨ-ਪਸੀਨੇ ਦੀ ਅਰਬਾਂ-ਖਰਬਾਂ ਰੁਪਇਆਂ ਦੀ ਸੰਪਤੀ (ਜਾਇਦਾਦ) ਦਾ ਸਰ੍ਹੇਆਮ ਲੁੱਟ ਲੈਣਾ ਤੇ ਸਾੜ ਦੇਣਾ?

QUAMI AWAZ

آل انڈیا سکھ کانفرنس (بھنڈر گروپ) کے ممبر پریس کانفرنس دہلی کے بوٹ کلب پر نومبر ۱۹۸۴ء فسادات، بھوپال گیس المیہ، ٹھیکر کمیشن رپورٹ وغیرہ معاملات پر احتجاجی مظاہرہ کرتے ہوئے۔

“ਵਿਧਵਾਵਾਂ ਅਤੇ ਪੀੜਤਾਂ ਦੀ ਆਪ ਬੀਤੀ”

ਸ੍ਰੀਮਤੀ ਰਾਮ ਕੌਰ :- ਅਸੀਂ ਐਮਰਜੈਂਸੀ ਤੋਂ ਪਹਿਲਾਂ ਸ਼ਿਵਪੁਰੀ (ਚੰਦਰ ਨਗਰ) ਵਿੱਚ ਰਹਿੰਦੇ ਸੀ । 1976 ਵਿੱਚ ਉਥੋਂ ਤ੍ਰਿਲੋਕਪੁਰੀ ਆ ਕੇ ਵੱਸੇ । ਇੱਥੇ ਹਰ ਤਰ੍ਹਾਂ ਦੇ ਲੋਕ ਸੀ-ਪੂਰਬੀਏ (ਪੂਰਬ ਦੇਸ਼ ਦੇ, ਬਿਹਾਰੀ ਵਗੈਰਾ), ਪੰਜਾਬੀ ਹਿੰਦੂ, ਸਿੱਖ, ਭੰਗੀ (ਜਮਾਂਦਾਰ), ਮੁਸਲਮਾਨ ਆਦਿ ਸੀ । ਅਸੀਂ ਬਹੁਤ ਚੰਗੀ ਤਰ੍ਹਾਂ ਰਹਿ ਰਹੇ ਸੀ । ਕਦੀ ਕਿਸੀ ਨਾਲ ਝਗੜਾ ਨਹੀਂ ਹੋਇਆ ।

ਨਵੰਬਰ ਦੀ ਪਹਿਲੀ ਤਾਰੀਖ ਨੂੰ ਸਵੇਰੇ ਦੇਖਿਆ ਕਿ ਚਾਰੋਂ ਪਾਸੇ ਧੂੰਆਂ ਉਠ ਰਿਹਾ ਸੀ । ਹੋਰਾਂ ਦੀ ਤਰ੍ਹਾਂ ਅਸੀਂ ਵੀ ਛੱਤ ਤੇ ਚੜ੍ਹ ਗਏ । ਚਾਰੋਂ ਪਾਸੇ ਸ਼ੋਰ ਮੱਚ ਗਿਆ-“ਸਰਦਾਰੋਂ ਨੇ ਹਮਾਰੀ ਮਾਂ ਇੰਦਰਾ ਕੋ ਮਾਰਾ ਹੈ, ਅਬ ਉਨਹੋਂ ਪਤਾ ਚਲੇਗਾ ।“ ਸਭ ਲੋਕ ਸਾਡੇ ਵੱਲ ਘੂਰ ਕੇ ਦੇਖ ਰਹੇ ਸੀ। ਮੇਰੇ ਆਦਮੀ ਨੇ ਕਿਹਾ, “ਚੱਲੋ ਥੱਲੇ ।“ ਅਤੇ ਅਸੀਂ ਆਪਣੇ ਕਮਰਿਆਂ ਵਿੱਚ ਆ ਗਏ । ਇਸੀ ਦਰਮਿਆਨ ਲੋਕ ਇੱਟਾਂ-ਪੱਥਰ ਸੁੱਟਣ ਲੱਗੇ । ਅਸੀਂ ਲੋਕ ਦਰਵਾਜ਼ਾ ਬੰਦ ਕਰਕੇ ਅੰਦਰ ਬੈਠੇ ਰਹੇ । ਬਾਦ ਵਿੱਚ ਜ਼ਿਆਦਾ ਸ਼ੋਰ ਮੱਚਿਆ ਤਾਂ 2-3 ਵਜੇ ਸਰਦਾਰ ਜੀ (ਮੇਰੇ ਪਤੀ) ਆਪਣੇ ਛੋਟੇ ਭਰਾ ਅਤੇ ਤਿੰਨ ਬੱਚਿਆਂ ਨੂੰ ਲੈ ਕੇ ਗੁਆਂਢੀ ਸਰਦਾਰ ਦੇ ਘਰ ਵਿੱਚ ਜਾਕੇ ਛੁੱਪ ਗਏ । ਫਿਰ ਸਰਦਾਰ ਜੀ ਮੈਨੂੰ ਆ ਕੇ ਲੈ ਗਏ । ਥੋੜੀ ਦੇਰ ਬਾਦ ਸਾਨੂੰ ਪਤਾ ਲੱਗਿਆ ਕਿ ਸਾਡਾ ਘਰ ਲੁੱਟ ਕੇ ਜਲਾ ਦਿੱਤਾ ਗਿਆ ਹੈ । ਕੁੱਝ ਬੱਚਿਆਂ ਨੇ ਆਕੇ ਮੇਰੀ ਵੱਡੀ ਕੁੜੀ ਨੂੰ ਕਿਹਾ, “ਤੁਮਹਾਰਾ ਘਰ ਜਲਾ ਦੀਆ ਗਿਆ ।“ ਹੰਗਾਮਾ ਤਾਂ ਥੋੜਾ ਰੁੱਕ ਗਿਆ ਸੀ । ਕੁੜੀ ਦੌੜੀ-ਦੌੜੀ ਗਈ ਤੇ ਵਾਪਸ ਆ ਕੇ ਬੋਲੀ, “ਡੈਡੀ ਸਾਡਾ ਘਰ ਸਾੜ ਦਿੱਤਾ ਹੈ ।“ ਸਰਦਾਰ ਜੀ ਨੇ ਕਿਹਾ, ਫਿਕਰ ਨਾ ਕਰੋ, ਤੁਹਾਨੂੰ ਹੋਰ ਚੰਗਾ ਘਰ ਬਣਾ ਦਿਆਂਗਾ ।

ਸਰਦਾਰ ਜੀ ਮੈਨੂੰ ਕਹਿਣ ਲੱਗੇ “ਘਰ ਸੜ ਗਿਆ ਹੈ ।“ ਮੈਂ ਕਿਹਾ, “ਤੁਹਾਡੀ ਤੇ ਬੱਚਿਆਂ ਦੀ ਜ਼ਿੰਦਗੀ ਮੈਨੂੰ ਚਾਹੀਦੀ ਹੈ, ਤੁਸੀਂ ਲੋਕ ਸਲਾਮਤ ਹੋ, ਘਰ ਤਾਂ ਦੁਬਾਰਾ ਬਣ ਜਾਵੇਗਾ।“ ਇਹ ਬਹੁਤ ਪਰੇਸ਼ਾਨ ਹੋਏ। ਰਾਤੀਂ ਓੱਥੇ ਹੀ ਸੁੱਤੇ ਰਹੇ, ਜਿੱਥੇ ਛਿਪੇ ਸੀ। ਮੇਰੇ ਪਤੀ ਨੇ ਵਾਲ ਵੀ ਉਦੋਂ ਕਟਵਾਏ। ਕਹਿਣ ਲੱਗੇ, “ਮੈਂ ਹੁਣ ਸਰਦਾਰ ਤਾਂ ਨਹੀਂ ਲਗ ਰਿਹਾ? ਕੋਈ ਕੁਝ ਨਹੀਂ ਕਹੇਗਾ ਨਾ ? ਦੇਖੋ, ਮੇਰੀ ਪਗੜੀ ਸੰਭਾਲ ਕੇ ਰਖਣਾ ।“ ਮੈਂ ਕਿਹਾ, “ਫਿਕਰ ਨਾ ਕਰੋ, ਹੁਣ ਤੁਹਾਨੂੰ ਕੋਈ ਕੁੱਝ ਨਹੀਂ ਕਹੇਗਾ ।“ ਮੈਂ ਇਹ ਸੋਚਿਆ ਹੀ ਨਹੀਂ ਕਿ ਉਹ ਕਿਉਂ ਕਹਿ ਰਹੇ ਹਨ ਕਿ ਪਗੜੀ ਸੰਭਾਲ ਕੇ ਰਖਣਾ । ਫਿਰ ਦੂਜੇ ਦਿਨ ਸਵੇਰੇ 4 ਵਜੇ ਨਾਲ ਹੀ ਦੂਜੇ ਸਰਦਾਰ ਜੀ ਦੇ ਘਰ ਚਲੇ ਗਏ। ਉੱਥੇ ਵੀ ਸਭ ਵਾਲ ਕੱਟ ਕੇ ‘ਮੋਨੇ’ ਹੋ ਗਏ ਸੀ । ਦੋ ਤਾਰੀਖ ਦੀ ਸਵੇਰ ਕਰੀਬ 8 ਵਜੇ ਸਾਨੂੰ ਚਾਹ ਪੀਣ ਨੂੰ ਦਿੱਤੀ। ਮੈਂ ਤਾਂ ਮਕਾਨ ਦੇ ਬਾਹਰ ਬੈਠੀ ਸੀ। ਦੂਜੇ ਸਰਦਾਰਜੀ ਦੀ ਔਰਤ ਨੇ ਮੇਰੇ ਆਦਮੀ ਨੂੰ ਕਿਹਾ-ਇੱਥੇ ਪਹਿਲੇ ਹੀ ਬਹੁਤ ਆਦਮੀ ਹੋ ਗਏ ਹਨ, ਤੁਸੀਂ ਕਿਧਰੇ ਹੋਰ ਚਲੇ ਜਾਓ । ਮੇਰੇ ਆਦਮੀ ਨੇ ਉੱਤੇ ਛੱਤ ਤੇ ਜਾਕੇ ਨਾਲ ਦੇ ਮਕਾਨ ਵਿੱਚ ਜਾਣ ਦੀ ਕੋਸ਼ਿਸ਼ ਕੀਤੀ, ਪਰ ਨਹੀਂ ਜਾ ਸਕੇ । ਤਾਂ ਉੱਥੇ ਹੀ ਦੀਵਾਰ ਦੇ ਸਹਾਰੇ ਬੈਠੇ ਰਹੇ । ਸਲੀਮ ਨੇ ਉਨ੍ਹਾਂ ਨੂੰ ਉਸ ਨਾਲ ਲੱਗੇ ਹੋਏ ਮਕਾਨ ਦੀ ਛੱਤ ਤੋਂ ਦੇਖਿਆ ਤਾਂ ਚੀਖਣ ਲੱਗਾ, “ਦੇਖੋ, ਦੇਖੋ ਯੇ ਸਰਦਾਰ ਵਾਲ ਕਟਵਾਕਰ ਯਹਾਂ ਛੁਪਾ ਬੈਠਾ ਹੈ ।“ ਅਤੇ ਸਲੀਮ ਇਨ੍ਹਾਂ ਨੂੰ ਖਿੱਚ ਕੇ ਨਾਲ ਦੇ ਮਕਾਨ ਦੀ ਛੱਤ ਤੇ ਲੈ ਗਿਆ । ਸਰਦਾਰ ਜੀ ਹੱਥ ਹੀ ਜੋੜਦੇ ਰਹੇ । ਇਸੀ ਹਾਲਤ

THE HINDUSTAN TIMES

l-India Sikh Conference (Babbar) activists and 1984 riots victims holding a demonstration
tside the Supreme Court on Monday.—HT photo

ਵਿੱਚ ਸਲੀਮ ਨੇ ਉਨ੍ਹਾਂ ਨੂੰ ਧੱਕਾ ਦੇ ਕੇ ਥੱਲੇ ਬੱਜਰੀ ਤੇ ਸੁੱਟ ਦਿੱਤਾ । ਮਾਰਨ ਵਾਲਿਆਂ ਦੀ ਭੀੜ ਛੁੱਰੇ ਲਾਠੀਆਂ, ਤਲਵਾਰਾਂ, ਮਿੱਟੀ ਦੇ ਤੇਲ ਦੇ ਟੀਨ ਲਏ ਖੜੀ ਸੀ । ਸਲੀਮ ਥੱਲੇ ਉਤਰ ਕੇ ਆ ਗਿਆ ਸੀ । ਉਸੀ ਵਕਤ ਸਾਹਮਣੇ ਵਾਲੀਆਂ ਕੁੜੀਆਂ ਚੀਕਣ ਲੱਗੀਆਂ, "ਬਹਿਨ ਜੀ, ਜੀਜਾ ਜੀ ਕੋ ਮਾਰ ਰਹੇ ਹੈਂ ।" ਮੈਂ ਦੌੜ ਕੇ ਨਾਲ ਹੀ ਕੋਨੇ ਤੇ ਜਾਕੇ ਖੜੀ ਹੋਈ, ਮੈਂ ਆਪਣੇ ਆਦਮੀ ਨੂੰ ਸੜਦੇ ਹੋਏ ਦੇਖਿਆ । ਉਹ ਤਾਂ ਵੀ ਹੱਥ ਜੋੜ ਰਹੇ ਸੀ । ਗੁੰਡਿਆਂ ਨੇ ਲਾਠੀ-ਬਲੱਮਾਂ ਨਾਲ ਮਾਰਕੇ, ਫਿਰ ਮਿੱਟੀ ਦਾ ਤੇਲ ਛਿੜਕ ਕੇ ਅੱਗ ਲਾ ਕੇ ਸਾੜ ਦਿੱਤਾ । ਮਾਰਣ ਵਾਲਿਆਂ ਵਿੱਚ ਸਲੀਮ ਦੇ ਇਲਾਵਾ ਹੋਰ ਵੀ ਗੁੰਡੇ ਉੱਥੇ ਖੜੇ ਸੀ, ਜੋ ਮੇਰੇ ਆਦਮੀ ਨੂੰ ਉਸ ਹਾਲਤ ਵਿੱਚ ਵੀ ਮਾਰ ਰਹੇ ਸੀ । ਉਨ੍ਹਾਂ ਵਿੱਚੋਂ ਮੈਂ ਅਤੇ ਗੁਆਂਢੀਆਂ ਨੇ ਇਨ੍ਹਾਂ ਲੋਕਾਂ ਨੂੰ ਪਹਿਚਾਣਿਆ- ਸਲੀਮ (30/499), ਓਮੀ, ਵੇਦੀ, ਡਾਕਟਰ ਵੀ. ਪੀ. ਸਿੰਘ (ਬਲਾਕ 31) ਅਤੇ ਲੰਬੂ ਡਾਕਟਰ (ਬਲਾਕ 32) ਦੋਨਾਂ ਦਾ ਕਲੀਨਿਕ-ਦੁਕਾਨਾਂ, ਗੁਰਦਵਾਰੇ ਦੇ ਕੋਲ ਹੈ, ਰਾਮਸ਼ਰਨ (30/426) ਅਤੇ ਮੁੱਲਾ (30/493) ਤੇ ਇੰਨਾਂ ਦਾ ਲੜਕਾ ਤੇ ਦਾਮਾਦ। ਇਸਤੋਂ ਇਲਾਵਾ ਰਾਧੇ (ਬਲਾਕ-19 ਝੁੱਗੀ), ਰਾਮਕਿਸ਼ਨ (19/452), ਗਵਾਲਨ (19/447) ਤੇ ਮੋਟੀ ਪੰਡਤਾਨੀ ਦਾ ਲੜਕਾ ਮਹੇਂਦਰ (19/445) ਸ਼ਾਮਿਲ ਸੀ । ਲਲਿਤਾ ਗੁਪਤਾ ਨੇ ਖੁਦ ਮਿੱਟੀ ਦਾ ਤੇਲ ਦਿੱਤਾ, ਲੋਕਾਂ ਤੇ ਛਿੜਕਕੇ ਜਿੰਦਾ ਸਾੜਣ ਲਈ ।

ਇਸ ਦੌਰਾਨ ਭੀੜ ਵੱਧ ਰਹੀ ਸੀ । ਲੋਕ ਸਰਦਾਰਾਂ ਨੂੰ ਮਾਰਕੇ, ਜਲਾਕੇ ਖੁਸ਼ੀ ਨਾਲ ਚੀਖ ਰਹੇ ਸੀ ਤੇ ਨੱਚ ਰਹੇ ਸੀ । ਰਾਮਸ਼ਰਨ ਨੱਚਣੇ ਵਾਲਿਆਂ ਵਿੱਚੋਂ ਸੀ। ਉਹ ਚੀਖ ਰਹੇ ਸੀ, "ਕਹਾਂ ਹੈਂ ਹਮਾਰੇ ਸ਼ਿਕਾਰ? ਕਹਾਂ ਹੈ ਤਾਜੇ ਚੂਹੇ? ਨਿਕਲੇ ਹੋ ਤੋ ਬਤਾਓ ।" ਪੁਲਿਸ ਘਰਾਂ ਵਿੱਚ ਆ ਕੇ ਝਾਂਕ ਜਾਂਦੀ ਸੀ ਜਾਂ ਕਮਰਿਆਂ ਵਿੱਚ ਦੇਖਕੇ ਚਲੀ ਜਾਂਦੀ ਸੀ । ਕੋਈ ਸ਼ਿਕਾਇਤ ਕਰਦਾ ਕਿ "ਬਾਹਰ ਵੇ ਲੋਗ ਮਾਰ ਰਹੇ ਹੈਂ, ਹਮੇਂ ਬਚਾਓ ਤਾਂ ਪੁਲਿਸ ਕਹਿੰਦੀ "ਫਿਕਰ ਮਤ ਕਰੋ, ਕੋਈ ਕੁੱਝ ਨਹੀਂ ਕਰੇਗਾ ।" ਲੇਕਿਨ ਬਾਹਰ ਜਾਕੇ ਪੁਲਿਸ ਭੀੜ ਨੂੰ ਦੱਸ ਦਿੰਦੀ ਸੀ, "ਉਸ ਘਰ ਮੇਂ ਜਾਓ, ਅੰਦਰ ਸਰਦਾਰ ਛਿਪੇ ਹੈਂ, ਨਿਕਾਲ ਬਾਹਰ ਕਰੋ ।" ਇੱਟਾਂ-ਪੱਥਰ ਚਲਦੇ ਰਹੇ, ਉਹ ਗਾਲ੍ਹੀ ਗਲੋਚ ਕਰ ਰਹੇ ਸੀ ਅਤੇ ਕਹਿ ਰਹੇ ਸੀ, "ਔਰਤੋਂ-ਲੜਕੀਓਂ ਕੀ ਬੇਇਜ਼ਤੀ ਕਰੇਂਗੇ ।" ਲੜਕੀਆਂ ਜੋ ਕਹਿੰਦੀਆਂ, "ਭੈਯਾ ਹਮੇਂ ਕਿਉਂ ਪਰੇਸ਼ਾਨ ਕਰਤੇ ਹੋ" ਤੇ ਵੋ ਕਹਿਤੇ, ਹਮ ਤੁਮਹਾਰੇ ਭੈਯਾ ਨਹੀਂ ਖਸਮ ਹੈਂ, ਸ਼ਾਮ ਕੋ ਤੁਮਹੇਂ ਲੇ ਜਾਏਂਗੇ ।" ਮੈਂ ਆਪਣੇ ਭਰਾ ਦੇ ਵਾਲ ਕਟਵਾਕੇ ਹੋਮਗਾਰਡ ਦੇ ਆਦਮੀਆਂ ਦੇ ਨਾਲ ਪਹਿਲੇ ਹੀ ਭੇਜ ਦਿੱਤਾ ਸੀ ।

ਦੋ ਤਾਰੀਖ ਦੀ ਸ਼ਾਮ ਨੂੰ ਜਦੋਂ ਮਿਲਟ੍ਰੀ ਆਈ ਤਾਂ ਅਸੀਂ ਸਭ ਔਰਤਾਂ ਪੈਰੀ ਪੈਣ ਲਗੀਆਂ ਤੇ ਰੋਣ ਲਗੀਆਂ-"ਭੈਯਾ ਹਮਾਰੇ ਆਦਮੀਓਂ ਔਰ ਬੇਟੋਂ ਕੋ ਮਾਰ ਔਰ ਜਲਾ ਦੀਆ, ਅਬ ਹਮਾਰੀ ਔਰ ਲੜਕੀਓਂ ਕੀ ਇਜ਼ੱਤ ਕੋ ਬਚਾ ਲੋ ।" ਉਨ੍ਹਾਂ ਲੋਕਾਂ ਨੇ ਤਸੱਲੀ ਦਿੱਤੀ, "ਤੁਮ ਲੋਕ ਅਬ ਮਤ ਘਬਰਾਓ, ਹਮ ਆ ਗਏ ਹੈਂ ਔਰ ਯਹਾਂ ਸੇ ਤੁਮਹੇਂ ਗਾੜੀਓਂ ਮੇਂ ਥਾਣੇ ਲੇ ਚਲੇਂਗੇ । "ਅਸੀਂ ਬੱਚਿਆਂ ਨੂੰ ਲੈਕੇ ਪਾਗਲਾਂ ਦੀ ਤਰ੍ਹਾਂ ਨੱਸਕੇ ਗਡੀਆਂ ਵਿੱਚ ਚੜ ਗਏ । ਰਾਤ ਕਲਿਆਣਪੁਰੀ ਥਾਣੇ ਵਿੱਚ ਕਿਸੀ ਤਰ੍ਹਾਂ ਗੁਜਾਰੀ ।

ਸ਼ੀਮਤੀ ਭਗਵਤੀ ਕੌਰ :-ਨਵੰਬਰ ਦੀ ਪਹਿਲੀ ਤਾਰੀਖ ਨੂੰ ਕਰੀਬ 8 ਵਜੇ ਰਾਤ ਨੂੰ ਲਗਭਗ 500 ਲੋਕਾਂ ਦੀ ਭੀੜ ਸਾਡੇ ਬਲਾਕ ਵੱਲ ਆਈ। ਲੋਕਾਂ ਦੇ ਹੱਥਾਂ ਵਿੱਚ ਲਾਠੀਆਂ, ਲੋਹੇ ਦੀਆਂ ਛੜਾਂ ਤੇ ਛੁਰੇ ਆਦਿ ਸੀ । ਕੁਝ ਹੀ ਦੇਰ ਬਾਦ ਸਾਡੇ ਘਰ ਤੇ ਅਚਾਨਕ ਹਮਲਾ ਹੋਇਆ। ਮੇਰੇ ਪਤੀ ਘਰ ਨਹੀਂ ਸੀ । ਘਰ ਵਿੱਚ ਮੇਰਾ ਦਾਮਾਦ, ਮੇਰੀ ਭੈਣ ਦਾ ਮੁੰਡਾ ਤੇ ਮੇਰੇ ਦੋ ਮੁੰਡੇ ਸੀ । ਕੁਝ ਲੋਕ ਦਰਵਾਜ਼ਾ ਤੋੜ ਕੇ ਅੰਦਰ ਵੜੇ । ਉਨ੍ਹਾਂ ਨੇ ਚਾਰਾਂ ਨੂੰ ਖਿੱਚਕੇ ਬਾਹਰ ਕੱਢਿਆ । ਮੇਰੇ ਵੱਡੇ ਮੁੰਡੇ ਨੂੰ ਦਰਵਾਜ਼ੇ ਦੇ ਕੋਲ ਹੀ ਲੋਹੇ ਦੀ ਛੜ ਨਾਲ ਮਾਰ ਕੇ ਸੁੱਟਿਆ । ਫਿਰ ਉਸ ਤੇ ਮਿੱਟੀ ਦਾ ਤੇਲ ਛਿੜਕ ਕੇ ਅੱਗ ਲਗਾ ਦਿੱਤੀ । ਦੂਜੇ ਨੇ ਤਲਵਾਰ ਨਾਲ ਭੈਣ ਦੇ ਮੁੰਡੇ ਨੂੰ

INDIAN EXPRESS

500 riot victims court arrest

Express News Service

NEW DELHI, March 27

About 500 victims of 1984 riots on Monday courted arrest at the Boat Club lawns in protest against the delay in rehabilitating the victims and solving the Punjab problem.

Earlier, they held a rally at the India Gate lawns. It was addressed, among others, by Mr Madan Lal Khurana, president of the Delhi Pradesh Bharatiya Janata Party and Mr Gurcharan Singh Babbar.

A resolution passed at the rally demanded the settlement of 1300 families squatting at Tilak Vihar, free flats to the widows. The rally also claimed that Mr H. K. L. Bhagat, Mr Jagdish Tytler and Mr Sajjan Kumar should be removed from all official posts.

It was also decided at the rally that

ਮਾਰਿਆ ਤੇ ਪਾਰਕ ਦੇ ਕੋਲ ਹੀ ਉਸ ਤੇ ਮਿੱਟੀ ਦਾ ਤੇਲ ਛਿੜਕਕੇ ਉਸਨੂੰ ਜਲਾ ਦਿੱਤਾ । ਮੇਰਾ ਦਾਮਾਦ ਕਿਸੀ ਤਰ੍ਹਾਂ ਬੱਚ ਕੇ ਨਿਕਲ ਭੱਜਿਆ ਤੇ ਗੁਆਂਢੀ ਦੇ ਘਰ ਵਿੱਚ ਛੁੱਪ ਗਿਆ । ਦਰੋਪਦੀ ਦੀ ਭੈਣ ਤੱਲੋ ਨੇ ਗੁਆਂਢੀ ਦੇ ਘਰ ਵਿੱਚ ਉਸਨੂੰ ਜਾਂਦੇ ਦੇਖ ਲਿਆ ਸੀ । ਉਸਨੇ ਭੀੜ ਨੂੰ ਚੀਖ ਕੇ ਦਸਿਆ ਕਿ ਉਹ ਕਿਸ ਮਕਾਨ ਵਿੱਚ ਭੱਜਕੇ ਛੁਪਿਆ ਹੈ। ਭੀੜ ਉਸ ਘਰ ਵਿੱਚ ਵੜੀ ਤੇ ਉਹਨੂੰ ਖਿੱਚਕੇ ਬਾਹਰ ਕੱਢਿਆ ਗਿਆ ਤੇ ਲਾਠੀਆਂ ਨਾਲ ਬੁਰੀ ਤਰ੍ਹਾਂ ਕੁੱਟਿਆ। ਇਸਦੇ ਬਾਵਜੂਦ ਵੀ ਉਹ ਮਰਿਆ ਨਹੀਂ ਸੀ । ਆਖਿਰ ਉਸਨੂੰ ਬਿਜਲੀ ਦਾ ਕਰੰਟ ਲਗਾਕੇ ਮਾਰ ਦਿੱਤਾ ਗਿਆ । ਬਲਾਕ 32 ਦੇ ਬਿਜਲੀ ਦੇ ਤਾਰ ਕੱਟ ਦਿੱਤੇ ਗਏ ਸੀ ਤੇ ਇੰਨਾਂ ਬਿਜਲੀ ਦੇ ਤਾਰਾਂ ਨਾਲ ਕਰੰਟ ਲਗਵਾਕੇ ਕੁੱਝ ਲੋਕਾਂ ਨੂੰ ਮਾਰਿਆ ਗਿਆ ।

ਛੋਟਾ ਲੜਕਾ ਜਿਸਦਾ ਵਿਆਹ ਤਿੰਨ ਮਹੀਨੇ ਪਹਿਲੇ ਹੋਇਆ ਸੀ, ਮੇਰੇ ਪਿੱਛੇ ਛਿਪਿਆ ਹੋਇਆ ਸੀ । ਭੀੜ ਵਿੱਚੋਂ ਕੁੱਝ ਗੁੰਡਿਆਂ ਨੇ ਸਾਨੂੰ ਔਰਤਾਂ ਨੂੰ ਖਿੱਚ-ਖਿੱਚ ਕੇ ਬਾਹਰ ਕੱਢਿਆ । ਜਦੋਂ ਉਹ ਮੈਨੂੰ ਬਾਹਰ ਲੈ ਜਾ ਰਹੇ ਸੀ ਤਾਂ ਮੇਰਾ ਲੜਕਾ ਮੈਨੂੰ ਪਿੱਛੇ ਵੱਲ ਖਿੱਚ ਰਿਹਾ ਸੀ । ਉਹਨੂੰ ਪਤਾ ਸੀ ਕਿ ਮੇਰੇ ਬਾਹਰ ਨਿਕਲਦੇ ਹੀ ਉਹ ਲੋਕ ਉਹਨੂੰ ਮਾਰ ਸੁਟਣਗੇ । ਇਸ ਖਿੱਚਤਾਨ ਤੇ ਮਾਰਪੀਟ ਵਿੱਚ ਮੇਰੇ ਖੱਬੇ ਹੱਥ ਦੀ ਹੱਡੀ ਟੁਟ ਗਈ । ਭੀੜ ਵਿੱਚੋਂ ਕੁੱਝ ਲੋਕਾਂ ਨੇ ਮੇਰੇ ਕਪੜੇ ਖਿੱਚਣੇ ਸ਼ੁਰੂ ਕਰ ਦਿੱਤੇ ਤੇ ਕੁੱਝ ਹੀ ਸਮੇਂ ਵਿੱਚ ਮੈਂ ਨੰਗੀ ਖੜੀ ਸੀ । ਇਸਦੇ ਬਾਦ ਉਨ੍ਹਾਂ ਨੇ ਮੇਰੇ ਮੁੰਡੇ ਸਾਹਮਣੇ ਹੀ ਮੇਰੀ ਇੱਜ਼ਤ ਲੁੱਟੀ । ਇਸੀ ਵਿੱਚਕਾਰ ਕੋਈ ਚੀਖਿਆ, "ਇਸ ਲੜਕੇ ਕੋ ਜੱਗਾ ਕੇ ਯਹਾਂ ਲੇ ਚਲੋ।"(ਜੱਗਾ ਤ੍ਰਿਲੋਕਪੁਰੀ ਦਾ ਮਸ਼ਹੂਰ ਗੁੰਡਾ ਤੇ ਤਸਕਰ ਹੈ) ਉਹ ਲੋਕ ਉਹਨੂੰ ਘਸੀਟ ਕੇ ਲੈ ਗਏ ਤੇ ਜੱਗਾ ਦੇ ਘਰ ਦੇ ਸਾਹਮਣੇ ਹੀ ਉਹਨੂੰ ਮਾਰ ਦਿੱਤਾ ।

ਮੇਰੇ ਪਤੀ ਦੀ ਇੱਕ ਕਰਿਆਨੇ ਦੀ ਦੁਕਾਨ ਸੀ, ਮੇਨ ਰੋਡ ਤੇ । ਉਸ ਵਕਤ ਉਸਨੂੰ ਉੱਥੇ ਹੀ ਮਾਰ ਦਿੱਤਾ । ਇਹ ਮੈਨੂੰ ਬਾਦ ਵਿੱਚ ਗੁਆਂਢੀਆਂ ਨੇ ਦੱਸਿਆ । ਉਨ੍ਹਾਂ ਨੇ ਘਰ ਵਿੱਚ ਜੋ ਵੀ ਕੀਮਤੀ ਸਾਮਾਨ ਸੀ, ਲੁੱਟ ਕੇ ਘਰ ਨੂੰ ਅੱਗ ਲੱਗਾ ਕੇ ਸਾੜ ਦਿੱਤਾ । ਮੈਨੂੰ ਪਤਾ ਨਹੀਂ ਕਿ ਮੈਨੂੰ ਬੇਹੋਸ਼ੀ ਵਿੱਚ ਕਿਸਨੇ ਤੇ ਕਿਵੇਂ ਬਚਾਇਆ ।

ਦੰਗਾ ਕਰਣ ਵਾਲਿਆਂ ਦੀ ਭੀੜ ਵਿੱਚ ਕੋਈ ਚਾਰ-ਪੰਜ ਸੌ ਲੋਕ ਹੋਣਗੇ । ਇਤਨੀ ਵੱਡੀ ਭੀੜ ਵਿੱਚ ਹਰ ਆਦਮੀ ਨੂੰ ਪਹਿਚਾਨਣਾ ਸੰਭਵ ਨਹੀਂ । ਤ੍ਰਿਲੋਕਪੁਰੀ ਵਿੱਚ 8 ਸਾਲ ਰਹਿਣ ਦੇ ਕਾਰਣ 32 ਬਲਾਕ ਦੇ ਸਾਡੇ ਆਸ-ਪਾਸ ਰਹਿਣ ਵਾਲੇ ਕੁੱਝ ਲੋਕਾਂ ਨੂੰ ਮੈਂ ਜ਼ਰੂਰ ਪਹਿਚਾਣਿਆ, ਜਿਨਾਂ ਨੇ ਇਸ ਕਠੋਰਤਾ ਨਾਲ ਲੋਕਾਂ ਨੂੰ ਮਾਰਿਆ। ਇਨ੍ਹਾਂ ਵਿੱਚ ਮੈਂ ਜਿਨ੍ਹਾਂ ਨੂੰ ਪਹਿਚਾਣਿਆ, ਉਹ ਹਨ-ਤੱਲੋ, ਮਨੂ (ਤਸਕਰ ਦਾ ਧੰਧਾ ਕਰਣ ਵਾਲਾ), ਜੱਗਾ ਤੇ ਉਸਦੀ ਪਤਨੀ ਦਰੋਪਦੀ, ਕਿਸ਼ੋਰੀ ਜਮਾਂਦਾਰ (ਸੂਰ ਦਾ ਗੋਸ਼ਤ ਵੇਚਣ ਵਾਲਾ), ਰਾਮਪਾਲ ਸਰੋਜ (ਇੰਦਰਾ ਕਾਂਗਰਸ ਲੀਡਰ ਤੇ ਗੁੰਡਾ) ਰੂਪਲਾਲ ਤੇ ਉਸਦੇ ਤਿੰਨ ਲੜਕੇ ਜੋ ਚੋਰ ਸੀ। ਬਾਦ ਵਿੱਚ ਕੈਂਪ ਵਿੱਚ ਮੈਨੂੰ ਵਿਸ਼ਵਾਸ ਦੇ ਆਦਮੀ ਨੇ ਦੱਸਿਆ ਕਿ ਮੇਰਾ ਰੇਡੀਓ, ਟੇਪਰਿਕਾਰਡਰ ਤੇ ਹੋਰ ਕੀਮਤੀ ਚੀਜਾਂ ਜੱਗਾ-ਦਰੋਪਦੀ ਦੇ ਘਰ ਵਿੱਚ ਹਨ । ਰਾਮਪਾਲ ਸਰੋਜ ਸਾਡੀ ਗਲੀ ਵਿੱਚ ਤਕਰੀਬਨ ਸ਼ਾਮ 4 ਵਜੇ ਆਇਆ ਸੀ ਤੇ ਉਸਨੇ ਪੂਰਾ ਭਰੋਸਾ ਦਿੱਤਾ ਕਿ ਸਰਦਾਰਾਂ ਨੂੰ ਕੁੱਝ ਨਹੀਂ ਹੋਏਗਾ । ਕੋਈ ਡਰਨੇ ਕੀ ਬਾਤ ਨਹੀਂ ਹੈ। ਇਹੀ ਨਹੀਂ ਬਲਕਿ ਮੁਹੱਲੇ ਦਾ ਇੱਕ ਨੇਤਾ ਹੋਣ ਦੀ ਹੈਸੀਅਤ ਨਾਲ ਉਸਨੇ ਜੋਰ ਦੇਕੇ ਕਿਹਾ ਕਿ ਕੋਈ ਸਿੱਖ ਆਪਣੇ ਘਰੋਂ ਬਾਹਰ ਨਾ ਨਿਕਲੇ ਤੇ ਅਪਣੇ ਨੂੰ ਬਚਾਣ ਦਾ ਇਹੀ ਇੱਕ ਰਸਤਾ ਹੈ । ਲੇਕਿਨ ਮੇਰੀਆਂ ਅੱਖਾਂ ਨੂੰ ਵਿਸ਼ਵਾਸ ਨਹੀਂ ਹੋਇਆ, ਜਦੋਂ ਮੈਂ ਦੇਖਿਆ ਕਿ ਇਸ ਗੱਦਾਰ ਨੇ ਸਾਨੂੰ ਧੋਖਾ ਦਿੱਤਾ ਹੈ । ਰਾਮਪਾਲ ਸਰੋਜ ਇਨ੍ਹਾਂ ਹੱਤਿਆਰਿਆਂ ਦਾ ਆਗੂ ਸੀ ਤੇ ਸਾਨੂੰ ਭਰੋਸਾ ਦੇਣਾ ਉਸਦੀ ਚਾਲ ਸੀ, ਜਿਸ ਨਾਲ ਕੋਈ ਸਿੱਖ ਡਰ ਕੇ ਭੱਜ ਨਾ ਜਾਏ । ਪੰਜ ਘੰਟੇ ਦੇ ਅੰਦਰ ਹੀ ਉਹ ਗੁੰਡਿਆਂ ਨੂੰ ਲੈ ਕੇ ਆਇਆ ਤੇ ਉਨ੍ਹਾਂ ਨੂੰ

JUSTICE: Widows and relatives of the 1984 riot victims demonstrating outside the Supreme Court on Monday.
B Y Gopal/Pioneer

PIONEER

ਘਰ ਦਿਖਾ ਕੇਸਿੱਖਾਂ ਨੂੰ ਬਾਹਰ ਕੱਢਵਾਇਆ ਤੇ ਉਸੀ ਦੀ ਦੇਖ ਰੇਖ ਵਿੱਚ ਸੈਂਕੜੇ ਹੀ ਸਿੱਖਾਂ ਨੂੰ ਮਾਰਿਆ ਤੇ ਸਾੜਿਆ ਗਿਆ ।

ਉਸਤੋਂ ਬਾਦ ਅਗਲੇ ਦਿਨ ਮਿਲਟਰੀ ਆਈ ਤੇ ਸਾਨੂੰ ਪਹਿਲੇ ਪੁਲਿਸ ਥਾਣੇ ਤੇ ਫਿਰ ਉਥੋਂ ਕੈਂਪ ਵਿੱਚ ਲੈ ਜਾਇਆ ਗਿਆ ।

ਸ੍ਰੀਮਤੀ ਗੁਰਦੀਪ ਕੌਰ :- ਮੇਰਾ ਆਦਮੀ ਫੌਜ ਵਿੱਚ ਕੰਮ ਕਰਦਾ ਸੀ, ਉਹਨੂੰ ਤੇ ਮੇਰੇ ਮੁੰਡੇ ਨੂੰ ਮਾਰ ਦਿੱਤਾ ।

ਨਵੰਬਰ ਦੀ ਪਹਿਲੀ ਤਾਰੀਖ ਨੂੰ ਸਾਡੇ ਘਰ ਨੂੰ ਅੱਗ ਲਾ ਦਿੱਤੀ। ਤੇ ਸਾਮਾਨ ਲੁੱਟ ਲਿਆ ਤੇ ਮੇਰੇ ਆਦਮੀ ਤੇ ਮੁੰਡੇ ਨੂੰ ਲੋਕਾਂ ਨੇ ਕਿਹਾ ਕਿ "ਯਾ ਤੋ ਬਾਲ ਕਟਵਾ ਲੋ, ਯਾ ਯਹਾਂ ਸੇ ਭਾਗੋ ।" ਇਨ੍ਹਾਂ ਲੋਕਾਂ ਵਿੱਚ 16 ਬਲਾਕ ਦਾ ਜਮਾਂਦਾਰ ਤੇ 18 ਬਲਾਕ ਦਾ ਬਨੀਆ ਸੀ, ਜੋ ਰਾਸ਼ਨ ਦੀ ਦੁਕਾਨ ਤੇ ਕੰਮ ਕਰਦਾ ਸੀ । 18 ਬਲਾਕ ਦੇ ਵੀ ਸਨ । ਫਿਰ ਉਨਾਂ ਨੇ ਮੇਰੇ ਆਦਮੀ ਨੂੰ ਲੈ ਜਾਕੇ ਗਲੀ ਦੇ ਇੱਕ ਧੋਬੀ ਦੇ ਮਕਾਨ ਵਿੱਚ ਬੰਦ ਕਰ ਦਿੱਤਾ । ਪਹਿਲੀ ਤਾਰੀਖ ਦੀ ਰਾਤ ਨੂੰ ਹੀ ਕੁਝ ਲੋਕਾਂ ਨੇ ਆਕੇ ਸ਼ੋਰ ਮਚਾਇਆ ਕਿ ਧੋਬਣ ਦੇ ਮਕਾਨ ਵਿੱਚ ਇੱਕ ਸਰਦਾਰ ਛੁਪਿਆ ਹੈ ਤਾਂ ਸਾਰੇ ਆਦਮੀ ਛੱਤ ਤੇ ਚੜ ਗਏ, ਉਸ ਮਕਾਨ ਦੀ ਛੱਤ ਤੋੜ ਦਿੱਤੀ ਤੇ ਦੀਵਾਰ ਵਿੱਚ ਵੱਡਾ ਛੇਦ ਬਣਾਇਆ ਤੇ ਉਸ ਵਿੱਚੋਂ ਗੋਲੀ ਚਲਾਈ-ਚਾਰ ਫ਼ਾਇਰ ਹੋਏ । ਮੇਰੇ ਬੱਚਿਆਂ ਨੂੰ ਕੁੱਝ ਲੋਕਾਂ ਨੇ ਕਿਹਾ, "ਤੁਮਹਾਰੇ ਪਾਪਾ ਕੋ 18 ਬਲਾਕ ਕੇ ਫ਼ਾਰਸ਼ ਸਿੰਘ ਨੇ ਗੋਲੀ ਮਾਰੀ ਹੈ ।" ਉਸੀ ਦੇ ਨਾਲ 18 ਬਲਾਕ ਦਾ ਸੋਲਹ ਸਿੰਘ ਵੀ ਸੀ, ਉਸਦੇ ਕੋਲ ਤਲਵਾਰ ਸੀ । ਫ਼ਾਰਸ਼ ਸਿੰਘ ਸਾਡੇ ਸਰਦਾਰ ਜੀ ਦੇ ਪਿੱਛੇ ਬਹੁਤ ਪਹਿਲੇ ਤੋਂ ਹੀ ਪਇਆ ਹੋਇਆ ਸੀ । ਦਾੜੀ ਤੇ ਲੰਬੇ ਵਾਲ ਰਖਦਾ ਸੀ । ਹੁਣ ਸੁਣਦੇ ਹਾਂ ਉਸਨੇ ਵਾਲ ਕਟਵਾ ਲਏ ਹਨ । ਸਰਦਾਰ ਜੀ ਨੂੰ ਮਾਰ ਕੇ ਸਾਡੇ ਮਕਾਨ ਅੱਗੇ ਉਹ ਲੋਕ ਆਏ। ਸਾਡੇ ਮਕਾਨ ਦੇ ਸਾਹਮਣੇ ਗਲੀ ਵਿੱਚ ਇੱਕ ਦਰਜੀ ਹੈ, ਉਸਦੇ ਮੁੰਡੇ ਨੇ ਕਿਹਾ ਕਿ "ਸਰਦਾਰ ਕਾ ਲੜਕਾ ਇਸੀ ਜਲੇ ਹੁਏ ਮਕਾਨ ਕੇ ਅੰਦਰ ਛੁਪਾ ਹੈ," ਤਾਂ ਉਹ ਸਾਰੇ ਆਦਮੀ ਉੱਥੇ ਹੀ ਆ ਪਹੁੰਚੇ ਤੇ ਚਾਹ ਵਾਲੇ ਪੰਡਤ (ਬਲਾਕ 18) ਨੇ ਕਿਹਾ ਕਿ "ਇਸਕੋ ਘਸੀਟਕਰ ਬਾਹਰ ਲੇ ਆਉ ।" ਮੈਂ ਵੀ ਉਸੀ ਸੜੇ ਹੋਏ ਮਕਾਨ ਵਿੱਚ ਬੱਚਿਆਂ ਦੇ ਨਾਲ ਸੀ। ਮੈਂ ਉਨ੍ਹਾਂ ਦੇ ਪੈਰ ਫੜ ਕੇ ਕਿਹਾ, "ਤੁਮਨੇ ਮੇਰਾ ਆਦਮੀ ਤੋ ਮਾਰ ਦੀਆ, ਇਸ ਬੱਚੇ ਕੋ ਛੋੜ ਦੋ, ਯਹੀ ਮੇਰਾ ਸਹਾਰਾ ਹੈ ।" 16 ਬਲਾਕ ਦੇ ਸਾਰੇ ਗੁੰਡੇ, ਖੂਨੀ, ਜਮਾਦਾਰ (ਜਿਨ੍ਹਾਂ ਦੇ ਨਾਂ ਵੀ ਪੁਲਿਸ ਵਿੱਚ ਦਰਜ ਹਨ) ਸਭ ਉੱਥੇ ਸੀ । ਮੇਰੇ ਮੁੰਡੇ ਨੂੰ ਉਹ ਬਾਹਰ ਘਸੀਟ ਕੇ ਲੈ ਗਏ ਤੇ ਥੋੜੀ ਦੂਰ ਲੈ ਜਾ ਕੇ ਪਹਿਲੇ ਦੋ ਡੰਡੇ ਮਾਰੇ, ਉਹ ਥੱਲੇ ਡਿੱਗ ਗਿਆ ਤੇ ਉਨ੍ਹਾਂ 16 ਬਲਾਕ ਦੇ ਜਮਾਂਦਾਰਾਂ ਵਿੱਚੋਂ ਇੱਕ ਨੇ ਮੇਰੇ ਬੱਚੇ ਨੂੰ ਤਲਵਾਰ ਮਾਰ ਦਿੱਤੀ । ਇੰਝ ਗੁਆਂਢੀਆਂ ਨੇ ਮੈਨੂੰ ਦੱਸਿਆ । ਮੇਰੇ ਬੱਚੇ ਨੂੰ ਵੀ ਘਸੀਟ ਕੇ ਨਾਲੇ ਦੇ ਕੋਲ ਲੈ ਗਏ, ਜਿੱਥੇ ਉਸਦੇ ਪਿਉ ਦੀ ਵੀ ਲਾਸ਼ ਪਈ ਸੀ । ਫਿਰ ਦੋਨਾਂ ਨੂੰ ਜਲਾ ਦਿੱਤਾ । ਫਿਰ ਉਹ ਮੇਰੇ ਮਕਾਨ ਵਿੱਚ ਆਏ ਤੇ ਮੇਰੇ ਉੱਤੇ ਪੁਆਲ ਪਾ ਕੇ ਮਾਚਸ ਲੈ ਕੇ ਜਲਾਣ ਲਗੇ ।

ਇਸੀ ਵਕਤ ਚਾਹ ਵਾਲਾ ਪੰਡਤ ਆ ਕੇ ਮੇਰੀ ਬੱਚੀ ਦਾ ਗੱਲਾ ਦਬਾਣ ਲੱਗਾ ਤਾਂ ਉੱਥੇ ਖੜੇ ਕੁਝ ਲੋਕਾਂ ਨੇ ਕਿਹਾ ਕਿ "ਤੁਮਨੇ ਪਹਿਲੇ ਹੀ ਇਸਕੇ ਦੋ ਆਦਮੀ (ਲੜਕਾ ਅਤੇ ਪਤੀ) ਮਾਰ ਦੀਏ ਹੈਂ, ਅਬ ਬੱਚੋਂ ਕੋ ਛੋੜ ਦੋ । ਤਾਂ ਉਹ ਸਭ ਨੱਸ ਗਏ। ਪ੍ਰੇਮ (ਪੁਲਿਸ ਦਾ ਮੁਖਬਰ) ਨੇ ਵੀ ਲੋਕਾਂ ਨੂੰ ਮਰਵਾਇਆ ।

ਇਸੀ ਸਮੇਂ ਮੋਟਰ-ਸਾਈਕਲ ਤੇ ਦੋ ਪੁਲਿਸ ਵਾਲੇ ਆਏ 18 ਬਲਾਕ ਵਿੱਚ । ਲੁੱਟਮਾਰ ਕਰਦੀ ਭੀੜ ਨੂੰ ਪੁਲਿਸ ਵਾਲਿਆਂ ਨੇ ਕਿਹਾ, "ਤੁਮਹਾਰੇ ਪਾਸ ਦੋ ਦਿਨ ਹੈਂ, ਇਸਮੇਂ ਸਰਦਾਰੋਂ ਕੋ ਮਾਰਨਾ ਹੈ ਯਾ ਜੋ ਭੀ

One of the 500 widows of the 1984 anti-Sikh riots demonstrating outside the High Court, fainted due to fatigue this evening. They had come to the court to submit a petition to the Chief Justice.
Express photo by Harish Tyagi.

Darshan Kaur identifies Bhagat as one of rioters

EXPRESS NEWS SERVICE

NEW DELHI, Nov 15: Darshan Kaur, the second complainant in the riot case against former Union Minister H.K.L. Bhagat, today testified before the trial court that Bhagat had instigated a mob in Trilokpuri in East Delhi on November 1, 1984.

The other complainant in the case, Satnami Bai, had on Wednesday failed to identify the minister saying she had never seen him before.

During the cross examination, Kaur told additional district and sessions judge S.N. Dhingra that though she had not seen Bhagat before the riots, the people of her area during the riots had said "Neta aaya hai, Bhagat aaya hai" (A leader has come, Bhagat has come).

When the prosecution counsel asked her to identify the leader among the persons present in the court room, Kaur, pointing towards Bhagat said, "Aisa hi tha, bilkul yahi hai" (He was like this, he is the same man).

Kaur was then cross examined by Bhagat's counsel for about an hour and the matter was later adjourned for November 21.

Meanwhile, the ACMM of Karkardooma courts, issued summons against Satnami Bai for December 6 for giving false evidence in the court.

She has been found prima facie to have committed offence punishable under section 193 (giving false evidence) of the Indian Penal Code.

While Satnami Bai had testified on January 15 that Bhagat was among the rioters who killed her husband, she had refused to identify him on Wednesday.

ਕਰਨਾ ਹੋ ਕਰ ਡਾਲੋ ।" ਪੁਲਿਸ ਨੇ ਜਾਨ-ਬੁੱਝ ਕੇ ਸਾਡੇ ਆਦਮੀ ਮਰਵਾਏ । ਸਾਡੇ ਕੁੱਝ ਗੁਆਂਢੀ ਜੋ ਮਦਦ ਕਰਣਾ ਚਾਂਹਦੇ ਸੀ, ਉਨ੍ਹਾਂ ਨੂੰ ਧਮਕੀ ਦਿੱਤੀ ਗਈ ।

ਅਸੀਂ 10 ਮਹੀਨੇ ਪਹਿਲੇ ਆਕੇ ਮਕਾਨ ਬਣਾਇਆ ਸੀ । ਕੁਝ ਲੋਕ ਇਸੀ ਕਰਕੇ ਸਾਡੇ ਤੋਂ ਜਲਦੇ ਸੀ ਤੇ 18 ਬਲਾਕ ਦੇ ਲੋਕਾਂ ਨੇ ਸ਼ਿਕਾਇਤ ਵੀ ਕੀਤੀ । ਮਗਰ ਮੇਰਾ ਆਦਮੀ ਮਿਲਟਰੀ ਸਰਵਿਸ ਵਿੱਚ 18 ਸਾਲ ਨਾਇਕ ਦੇ ਪਦ ਤੇ ਸੀ, ਡਰਾਈਵਰ ਸੀ, ਇਸ ਲਈ ਉਨ੍ਹਾਂ ਨੂੰ ਮਕਾਨ ਬਨਾਣ ਦਿੱਤਾ । ਮੇਰੇ ਆਦਮੀ ਨੇ ਤਿੰਨ ਲੜਾਈਆਂ ਲੜੀਆਂ ਤੇ ਮੈਡਲ ਵੀ ਮਿਲੇ 71-72 ਦੀ ਲੜਾਈ ਵਿੱਚ ।

ਸ੍ਰੀ ਇੰਦਰ ਸਿੰਘ :-ਅਸੀਂ ਅਮਰਜੈਂਸੀ ਤੋਂ ਬਾਦ 1976 ਵਿੱਚ ਤ੍ਰਿਲੋਕਪੁਰੀ ਵਿੱਚ ਆਏ। ਸਭ ਤਰ੍ਹਾਂ ਦੇ ਲੋਕ ਸੀ। ਹਿੰਦੂ, ਮੁਸਲਿਮ, ਆਦਿ, ਪਰ ਅਸੀਂ ਸਭ ਚੰਗੀ ਤਰ੍ਹਾਂ ਰਹਿ ਰਹੇ ਸੀ । ਮੈਂ ਮੰਜੀ ਬਨਾਣ ਦਾ ਕੰਮ ਕਰਦਾ ਹਾਂ । ਨਵੰਬਰ ਦੀ ਪਹਿਲੀ ਤਾਰੀਖ ਨੂੰ ਸਵੇਰੇ ਹੀ ਕੰਮ ਤੇ ਚਲਾ ਗਿਆ । ਇੱਕ ਮੰਜੀ ਬਣਾਕੇ ਖਤਮ ਕੀਤੀ ਤੇ ਦੂਜੀ ਨੂੰ ਸ਼ੁਰੂ ਕੀਤਾ ਹੀ ਸੀ ਕਿ ਕਿਸੀ ਨੇ ਆ ਕੇ ਦੱਸਿਆ ਕਿ 36 ਬਲਾਕ ਵਿੱਚ ਗੁਰਦਵਾਰੇ ਨੂੰ ਲੋਕਾਂ ਨੇ ਅੱਗ ਲਗਾ ਦਿੱਤੀ ਹੈ ਤਾਂ ਮੈਂ 27 ਬਲਾਕ ਤੋਂ ਕੰਮ ਛੱਡਕੇ ਵਾਪਸ ਘਰ ਭੱਜਿਆ । ਤਾਂ ਲੋਕ ਗੁਰਦਵਾਰਾ ਜਲਾਕੇ 36 ਬਲਾਕ ਤੇ ਹਮਲਾ ਕਰਣ ਜਾ ਰਹੇ ਸੀ । ਉਸ ਵਕਤ ਸਵੇਰ ਦੇ ਕੋਈ 10 ਵਜੇ ਹੋਣਗੇ । ਉਨ੍ਹਾਂ ਲੋਕਾਂ ਨੇ ਆਂਦੇ ਹੀ ਪੱਥਰਬਾਜੀ ਸ਼ੁਰੂ ਕੀਤੀ, ਅਸੀਂ ਵੀ ਇੱਟਾਂ ਪੱਥਰ ਸੁੱਟੇ । ਅਸੀਂ ਠੀਕ ਕੀਤਾ ਕਿ ਸਾਡਾ ਗੁਰਦਵਾਰਾ (32 ਬਲਾਕ) ਦਾ ਨਹੀਂ ਜੱਲਣ ਦਿਆਂਗੇ। ਕੁੱਝ ਲੋਕਾਂ ਨੇ ਕਿਹਾ ਸਾਡਾ ਸਾਥ ਦੇਣਗੇ, ਪਰ ਅਸੀਂ ਲੋਕ 200 ਦੇ ਲਗਭਗ ਸੀ ਤੇ ਉਹ ਕਾਫ਼ੀ ਲੋਕ ਸੀ। ਪੁਲਿਸ ਵਾਲੇ ਆਏ। ਸਾਨੂੰ ਕਿਹਾ, "ਝਗੜਾ ਮਤ ਕਰੋ, ਅਪਣੇ ਘਰ ਜਾਓ,। "ਅਸੀਂ ਆਪਣੇ-ਆਪਣੇ ਘਰ ਚਲੇ ਗਏ । ਫਿਰ ਭੀੜ ਨੇ ਆਕੇ ਘਰ ਸਾੜਨੇ ਤੇ ਲੋਕਾਂ ਨੂੰ ਮਾਰਨਾ ਸ਼ੁਰੂ ਕੀਤਾ । ਬਿਜਲੀ ਕੱਟ ਦਿੱਤੀ ਤੇ ਲੋਕਾਂ ਨੂੰ ਕਰੰਟ ਨਾਲ ਮਾਰਿਆ ਤੇ ਫਿਰ ਮਿੱਟੀ ਦਾ ਤੇਲ ਛਿੜਕ ਕੇ ਜਲਾਕੇ ਮਾਰਿਆ । ਔਰਤਾਂ, ਲੜਕੀਆਂ ਨੂੰ ਲੈ ਗਏ ਤੇ ਓਨ੍ਹਾਂ ਦੀ ਇਜ਼ਤ ਲੁੱਟੀ । ਇਸੀ ਦਰਮਿਆਨ ਗੁਰਦਵਾਰਾ ਵੀ ਸਾੜ ਦਿੱਤਾ ਗਿਆ ਸੀ ।ਰਾਤ ਨੂੰ 12 ਵਜੇ ਦੇ ਲਗਭਗ ਬਹੁਤ ਸਾਰੇ ਸਿੱਖ ਪਰਿਵਾਰਾਂ ਦੀਆਂ ਕੁੜੀਆਂ ਨੇ ਆਕੇ ਸਾਡੇ ਘਰ ਵਿੱਚ ਸ਼ਰਨ ਲਈ । ਰਾਤ ਨੂੰ ਲਗਭਗ 200 ਆਦਮੀਆਂ ਨੇ ਸਾਡੇ ਘਰ ਤੇ ਹਮਲਾ ਕੀਤਾ । ਬੱਚੇ ਚੀਖਣ ਲਗੇ । ਮਰਦ ਓਥੇ ਮੇਰੇ ਸਿਵਾ ਕੋਈ ਨਹੀਂ ਸੀ । ਸ਼ੇਰਖਾਨ (ਜੋ ਮੇਰੀ ਗਲੀ ਵਿੱਚ ਰਹਿੰਦਾ ਹੈ ਤੇ ਸੀਮੇਂਟ ਦਾ ਵਪਾਰੀ ਹੈ) ਨੇ ਚੀਖ ਕੇ ਭੀੜ ਨੂੰ ਮੇਰਾ ਘਰ ਦਿਖਾ ਕੇ ਕਿਹਾ, "ਇਸਮੇਂ ਦੋ ਕੁੱਤੇ ਹੈਂ, ਅੰਦਰ ਮਾਲ ਭੀ ਹੈ, ਅੱਛੀ-ਅੱਛੀ ਔਰਤੇਂ ਉਠਾ ਕੇ ਲੇ ਜਾਓ । "ਉਸਤੋਂ ਬਾਦ ਸ਼ੇਰਖਾਨ ਤੇ ਦੂਜਿਆਂ ਨੇ ਘਰ ਨੂੰ ਲੁੱਟਕੇ ਅੱਗ ਲਗਾ ਦਿੱਤੀ । ਦਰਵਾਜਾ ਸੜਦੇ ਹੀ ਉਹ ਲੋਕ ਅੰਦਰ ਆ ਗਏ ਤੇ ਲਾਠੀਆਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ । ਮੈਂ ਪਲੰਗ ਦੇ ਥੱਲੇ ਛੁਪਿਆ ਸੀ । ਸ਼ੇਰਖਾਨ ਦੇ ਹੱਥ ਵਿੱਚ ਚਾਕੂ ਸੀ । ਉਸਨੇ ਪਲੰਗ ਦੇ ਥੱਲੇ ਮੈਨੂੰ ਛੁਪਿਆ ਦੇਖ ਭੀੜ ਨੂੰ ਬੁਲਾਕੇ ਦਿਖਾ ਦਿੱਤਾ ਪਲੰਗ ਚੁੱਕ ਕੇ। ਮੈਨੂੰ ਲਾਠੀ ਨਾਲ ਮਾਰਣ ਲਗੇ। ਮੇਰੀ ਔਰਤ ਦੇ ਉਪਰ ਸ਼ੇਰਖਾਨ ਚਾਕੂ ਲੈ ਕੇ ਖੜਾ ਹੋ ਗਿਆ ਕਿ "ਤੇਰਾ ਬੇਟਾ ਕਹਾਂ ਹੈ?" ਮੈਨੂੰ ਚਾਕੂ ਮਾਰਣ ਆ ਰਿਹਾ ਸੀ, ਪਰ ਮੇਰੀ ਔਰਤ ਨੇ ਉਸਨੂੰ ਧੱਕਾ ਦੇਕੇ ਆਣ ਨਹੀਂ ਦਿੱਤਾ । ਮੈਂ ਬੇਹੋਸ਼ ਹੋਕੇ ਡਿੱਗ ਪਿਆ । ਬਾਦ ਵਿੱਚ ਮੇਰੇ ਬੱਚਿਆਂ ਨੇ ਦੱਸਿਆ ਸੀ ਕਿ ਸਾਡਾ ਗੁਆਂਢੀ ਬਣੀਆ ਜਿਸਦੀ 27 ਬਲਾਕ ਵਿੱਚ ਚੱਕੀ ਹੈ, ਉਸਨੇ ਮੈਨੂੰ ਬੇਹੋਸ਼ ਪਿਆ ਦੇਖ ਚੀਕਣਾ ਸ਼ੁਰੂ ਕਰ ਦਿੱਤਾ-"ਪਾਪੀਓ, ਇਸ ਬੁੱਢੇ ਕੋ ਤੁਮਨੇ ਕੈਸੇ ਮਾਰਾ, ਯਹਾਂ ਸੇ ਭਾਗੋ "ਤਾਂ ਲੋਕ ਹਟ ਗਏ । ਕੁਝ ਦੇਰ ਬਾਦ ਮੈਂ ਹੋਸ਼ ਵਿੱਚ ਆ ਗਿਆ ਸੀ ਤੇ ਦੇਖਿਆ ਕਿ ਰਾਮਪਾਲ ਸਰੋਜ ਤੇ ਕਿਸ਼ੋਰੀ ਦੋਨੋਂ ਛੁਰੀ ਨਾਲ ਲੋਕਾਂ ਨੂੰ ਮਾਰ-ਮਾਰ ਕੇ ਮਿੱਟੀ ਦਾ ਤੇਲ ਪਾ ਕੇ ਲੋਕਾਂ ਤੋਂ ਸੜਵਾਂਦੇ ਰਹੇ । ਮਿੱਟੀ ਦੇ ਤੇਲ ਦੇ ਡਿਪੂ ਵਾਲੇ ਮੇਰੇ ਪੜੋਸੀ 32 ਬਲਾਕ ਦੇ 318 ਨੰਬਰ ਮਕਾਨ ਦੇ ਜੈਨ ਸਾਹਿਬ ਨੇ ਆਪਣੀ ਦੁਕਾਨ ਤੋਂ 4-5 **ਵੱਡੇ** ਡਰੱਮ ਦਿੱਤੇ ਸਿੱਖਾਂ ਨੂੰ ਸਾੜਨ ਵਾਸਤੇ ।


THE ILLUSTRATED
WEEKLY OF INDI
THE FEATURES MAGA
WANTED!
Gurcharan Singh Babbar is the latest victi
government's misguided campaign against
The young social activist has fought long and
provide rehabilitation to the victims of the 19

ਸਵੇਰੇ 4 ਵਜੇ 2 ਤਰੀਖ ਨੂੰ ਅਸੀਂ ਲੋਕ ਹੋਲੀ-ਹੋਲੀ ਚਿੱਲਾ ਪਿੰਡ ਵੱਲ ਵੱਧੇ । ਨਾਲ ਔਰਤਾਂ ਵੀ ਸਨ । ਜਦੋਂ ਪਿੰਡ ਪਹੁੰਚੇ ਤਾਂ ਉਥੋਂ ਦੇ ਗੁੱਜਰ ਲਾਠੀਆਂ ਲੈ ਕੇ ਰਸਤੇ ਵਿੱਚ ਖੜੇ ਹੋ ਗਏ । ਕਹਿਣ ਲੱਗੇ- "ਇਧਰ ਮਤ ਆਓ ਨਹੀਂ ਤੋ ਜਲਾ ਦੇਂਗੇ, ਜੰਗਲ ਮੇ ਚਲੇ ਜਾਓ । ਪਾਣੀ ਤੱਕ ਨਹੀਂ ਮਿਲਿਆ । ਅਸੀਂ ਪਿੰਡ ਤੋਂ ਦੂਰ ਇੱਕ ਮੰਦਰ ਸੀ, ਉੱਥੇ ਮੈਦਾਨ ਵਿੱਚ ਜਾ ਕੇ ਬੈਠ ਗਏ । ਕਿਸੀ ਨੇ ਸਾਡੇ ਉੱਥੇ ਹੋਣ ਦੀ ਖਬਰ ਦੇ ਦਿੱਤੀ ਤੇ ਸੈਂਕੜੇ ਲੋਕਾਂ ਦੀ ਭੀੜ ਫੇਰ ਆ ਪਹੁੰਚੀ । ਅਸੀਂ ਕੇਵਲ ਪੰਜੋ ਜਾਨ ਬਚਾਣ ਲਈ ਨੇੜੇ-ਤੇੜੇ ਜੰਗਲ ਜਾਂ ਝਾੜੀ ਵਿੱਚ ਛੁਪ ਗਏ । ਔਰਤਾਂ ਵੀ ਉੱਥੇ ਹੀ ਛੁਪੀਆਂ । ਸਾਰਾ ਦਿਨ ਤੇ ਸਾਰੀ ਰਾਤ, ਦੋ ਤਰੀਖ ਦੀ, ਅਸੀਂ ਉੱਥੇ ਹੀ ਪਏ ਰਹੇ । ਭੀੜ ਵਾਪਸ ਲੁੱਟਪਾਟ ਕਰਣ ਚਲੀ ਗਈ । ਉਸੀ ਰਾਤ 2 ਵਜੇ ਸਾਡਾ ਆਦਮੀ 32 ਬਲਾਕ ਦਾ, ਇੱਕ ਟਰੱਕ ਫੌਜ ਦੇ ਜਵਾਨਾਂ ਨਾਲ ਆਇਆ । ਉਸਤੋਂ ਬਾਦ ਅਸੀਂ ਸਾਰੇ ਟਰੱਕ ਵਿੱਚ ਬੈਠਕੇ ਕਲਿਆਣਪੁਰੀ ਥਾਣੇ ਵਿੱਚ ਆ ਗਏ ।

ਸ੍ਰੀ ਸੰਤ ਸਿੰਘ :-31 ਅਕਤੂਬਰ ਨੂੰ ਦਿਨ ਵਿੱਚ ਲਗਭਗ 2.30 ਵਜੇ ਆਪਣਾ ਆਟੋ-ਰਿਕਸ਼ਾ ਕਸਤੂਰਬਾ ਨਗਰ ਬਸ ਸਟੈਂਡ ਤੇ ਲਗਾ ਕੇ ਆਪਣੀ ਥਕਾਨ ਉਤਾਰਨ ਬੈਠਾ ਸੀ ਤੇ ਸਾਹਮਣੇ ਹੀ ਇੱਕ ਚਾਹ ਵਾਲੇ ਦੀ ਦੁਕਾਨ ਤੋਂ ਚਾਹ ਮੰਗਾਈ । ਬਸ ਜਿਵੇਂ ਹੀ ਚਾਹ ਦੇ ਦੋ-ਚਾਰ ਘੁੱਟ ਪੀਤੇ, ਇਤਨੇ ਵਿੱਚ ਮੇਰਾ ਇੱਕ ਸਾਥੀ ਰਿਕਸ਼ਾ ਚਲਾਣ ਵਾਲਾ ਨਵੀਨ ਸ਼ਾਹਦਰਾ ਤੋਂ ਸਵਾਰੀ ਲੈ ਕੇ ਜਵਾਲਾ ਨਗਰ ਵਿੱਚ ਜਾਣ ਲੱਗਾ । ਤਦੀ ਮੈਂ ਕਿਹਾ, ਆਓ ਭੈਯਾ ਚਾਹ ਪੀ ਲਓ"। ਉਹ ਹਸਦਾ ਹੋਇਆ ਸਵਾਰੀ ਛੋੜ ਕੇ ਚਲਾ ਗਿਆ ਤੇ ਕਿਹਾ, "ਮਜੇ ਲੇ, ਮੈਂ ਅਭੀ ਆਯਾ ।" ਮੈਨੂੰ ਜਾਂਦੇ-ਜਾਂਦੇ ਕਹਿ ਗਿਆ, "ਕਹੀਂ ਜਾਣਾ ਨਹੀਂ, ਕਹੀਂ ਜਾਣਾ ਨਹੀਂ ।" ਮੈਂ ਸੋਚ ਵਿੱਚ ਪੈ ਗਿਆ ਤੇ ਚਾਹ ਪੀਂਦਾ ਰਿਹਾ । ਇਤਨੇ ਵਿੱਚ ਉਹ ਆਇਆ ਤੇ ਕਿਹਾ, "ਜਲਦੀ ਮੇਰੇ ਘਰ ਚੱਲ ।" ਮੈਂ ਮਜਾਕ ਵਿੱਚ ਕਿਹਾ, "ਜੋ ਵਹਾਂ ਖਿਲਾਣਾ ਹੈ, ਵੋ ਯਹੀਂ ਖਿਲਾ ਦੇ ।" ਉਸਨੇ ਕਿਹਾ, "ਯਾਰ ਤੂ ਐਸੇ ਨਹੀਂ ਮਾਨੇਗਾ ।" ਤੇ ਇਹ ਕਹਿਕੇ ਉਸਨੇ ਮੇਰੀ ਰਿਕਸ਼ਾ ਉੱਲਟ ਦਿੱਤੀ ਤੇ ਮੈਂ ਰਿਕਸ਼ੇ ਤੋਂ ਡਿੱਗ ਪਿਆ। ਉਸਨੇ ਜਲਦੀ ਹੀ ਰਿਕਸ਼ਾ ਸਿੱਧਾ ਕਰ ਦਿੱਤਾ ਤੇ ਕਿਹਾ, "ਚਲ ਮੇਰੇ ਘਰ ਚਲ"। ਮੈਂ ਚਲਾ ਗਿਆ ਕਿਉਂਕਿ ਮੈਨੂੰ ਉਸਦੀ ਦੋਸਤੀ ਤੇ ਪੂਰਾ ਭਰੋਸਾ ਸੀ । ਰਿਕਸ਼ਾ ਅਸੀਂ ਘਰ ਦੇ ਬਾਹਰ ਖੜਾ ਕਰ ਦਿੱਤਾ ਤੇ ਅਸੀਂ ਦੋਨੋਂ ਅੰਦਰ ਜਾਕੇ ਬੈਠ ਗਏ । ਮੈਂ ਪੁੱਛਿਆ, "ਭੈਯਾ, ਆਜ ਜਲਦੀ ਕਿਉਂ ਆ ਗਏ? ਹਮੇਸ਼ਾ ਤੋ ਤੂੰ 6 ਬਜੇ ਤੋਂ ਪਹਿਲੇ ਨਹੀਂ ਆਤਾ ਥਾ ਘਰ ।" ਉਹ ਬੋਲਿਆ, "ਜੀ. ਟੀ. ਰੋਡ ਪਰ ਵਿਸ਼ਨੂੰ ਹਲਵਾਈ ਸਭ ਕੀ ਦੁਕਾਨੇਂ ਬੰਦ ਕਰਵਾ ਰਹਾ ਹੈ ।" ਮੈਂ ਪੁਛਿੱਆ, "ਕਿਉਂ ਕਿਆ ਹੂਆ?" ਉਹ ਬੋਲਿਆ, "ਤੁਝੇ ਪਤਾ ਹੀ ਨਹੀਂ ਹੈ?" ਮੈਂ ਕਿਹਾ, "ਨਹੀਂ ਭੈਯਾ" ਉਹਨੇ ਕਿਹਾ, "ਏਕ ਸਰਦਾਰ ਨੇ ਇੰਦਰਾ ਗਾਂਧੀ ਕੋ ਮਾਰ ਦੀਆ ਹੈ ।" ਮੈਂ ਥੋੜੀ ਦੇਰ ਲਈ ਅਚੰਭੇ ਵਿੱਚ ਪਿਆ । ਵਿਸ਼ਵਾਸ ਨਹੀਂ ਹੋਇਆ । ਮੈਂ ਬੋਲਿਆ, "ਐਸਾ ਨਹੀਂ ਹੋ ਸਕਤਾ । ਅਗਰ ਐਸਾ ਕੁਛ ਹੂਆ ਹੈ ਤੋ ਭਗਵਾਨ ਉਨਹੋਂ ਜਲਦੀ ਠੀਕ ਕਰ ਦੇ ।"ਦੋਸਤ ਨੇ ਕਿਹਾ, "ਭੈਯਾ, ਬਾਲ ਉਤਰਵਾ ਲੇ, ਸਭ ਸਿੱਖੋਂ ਕੋ ਮਾਰ ਰਹੇ ਹੈਂ ।" ਮੈਨੂੰ ਯਕੀਨ ਨਹੀਂ ਹੋਇਆ । ਮੈਂ ਕਿਹਾ, "ਐਸਾ ਨਹੀਂ ਹੋ ਸਕਤਾ ।" ਤੇ ਮੈਂ ਘਰੋਂ ਬਾਹਰ ਨਿਕੱਲਣ ਲਗਾ । ਉਸਨੇ ਮੈਨੂੰ ਜਬਰਦਸਤੀ ਪਕੜ ਕੇ ਕਿਹਾ, "ਭਾਈ ਬੈਠ ਜਾਓ ਨਾ, ਮੈਂ ਤੁਮਹਾਰੇ ਭਲੇ ਕੀ ਬਾਤ ਕਰ ਰਹਾ ਹੂੰ ।" ਮੈਂ ਕਿਹਾ, "ਐਸਾ ਨਹੀਂ ਹੈ ਭਾਈ, ਭਗਵਾਨ ਸਭ ਠੀਕ ਕਰ ਦੇਗਾ ।"

ਉਸਨੇ ਕਿਹਾ, "ਭਗਵਾਨ-ਵਗਵਾਨ ਗਿਆ ਕੂਏਂ ਮੇਂ ! ਅਗਰ ਅਪਨੇ ਬੱਚੋਂ ਕੋ ਦੇਖਣਾ ਚਾਹਤਾ ਹੈ ਤੋ ਬਾਲ ਉਤਰਵਾ ਲੇ ।" ਮੈਂ ਕਿਹਾ, "ਥੋੜਾ ਰੁੱਕ ਜਾਓ, ਜਰਾ ਸੋਚ ਲੇਣੇ ਦੋ ।" ਦੋਸਤ ਨੇ ਆਪਣੀ ਜੇਬ ਵਿੱਚ ਹੱਥ ਮਾਰਦੇ ਹੋਏ ਆਪਣੀ ਗੁੰਗੀ ਮਾਂ ਨੂੰ ਇਸ਼ਾਰਾ ਕੀਤਾ, "ਏਕ ਬਲੇਡ ਲੇ ਆ ।" ਦਰਵਾਜੇ ਦਾ ਇੱਕ ਪੱਲਾ

ਪਾਰਲੀਆਮੈਂਟ ਦੇ ਬਾਹਰ ਨਵੰਬਰ 1984 ਦੇ ਪੀੜਤਾਂ ਦੀਆਂ ਮੰਗਾਂ ਨੂੰ ਲੇਕੇ ਸਰਦਾਰ ਗੁਰਚਰਨ ਸਿੰਘ ਬੱਬਰ ਅਣਮਿਥੇ ਸਮੇਂ ਦੇ ਲਈ ਬੈਠੇ ਹੋਏ ਹਨ।

ਖੁੱਲਾ ਹੋਇਆ ਸੀ । ਇਤਨੇ ਵਿੱਚ ਹੀ ਗੋਪੀ ਮੈਹਤੋ ਉਸ ਰਸਤੇ ਤੋਂ ਆਪਣੀ ਆਟੋ ਰਿਕਸ਼ਾ ਲੈਕੇ ਇਹ ਕਹਿੰਦਾ ਹੋਇਆ ਜਾ ਰਿਹਾ ਸੀ ਕਿ "ਬਾਜਾਰ ਮੇਂ ਸਭ ਸਰਦਾਰੋਂ ਕੀ ਦੁਕਾਨੇਜਲਾਈ ਜਾ ਰਹੀ ਹੈਂ ਔਰ ਸਭ ਸਰਦਾਰੋਂ ਕੋ ਮਾਰਾ ਜਾ ਰਹਾ ਹੈ। ਅਭੀ-ਅਭੀ ਸਰਦਾਰ ਤ੍ਰਿਲੋਚਨ (ਹਲਵਾਈ) ਆਪਣੀ ਦੁਕਾਨ ਬੰਦ ਕਰਤੇ ਹੂਏ ਬਾਹਰ ਮਿਠਾਈ ਫੇਂਕ ਰਹਾ ਥਾ, ਲੋਕ ਉਠਾ-ਉਠਾ ਕੇ ਖਾ ਰਹੇ ਥੇ ਔਰ ਘਰ ਕੀ ਤਰਫ਼ ਖਾਤੇ ਹੁਏ ਜਾ ਰਹੇ ਥੇ ।" ਇਤਨੇ ਵਿੱਚ ਦੂਜੇ ਦੋਸਤ ਦੀ ਮਾਂ ਆ ਗਈ। ਤਦੀ ਮੈਨੂੰ ਵਿਸ਼ਵਾਸ ਹੋਇਆ ਕਿ ਦੋਸਤ ਸੱਚ ਕਹਿ ਰਿਹਾ ਹੈ ਤੇ ਉਸ ਕੋਲੋਂ ਬਲੇਡ ਲੈ ਕੇ ਮੈਂ ਆਪਣੀ ਦਾੜੀ ਆਪ ਕਟਣੀ ਸ਼ੁਰੂ ਕਰ ਦਿੱਤੀ ਤੇ ਦੋਸਤ ਨੂੰ ਕਿਹਾ, "ਮੇਰੇ ਸਿਰ ਕੇ ਬਾਲ ਜਰਾ ਕਾਟ ਦੇ ।" ਦੋਸਤ ਦੀ ਗੂੰਗੀ ਮਾਂ ਰੋ ਰਹੀ ਸੀ । ਮੈਂ ਫਿਰ ਬਾਹਰ ਨਿਕਲਣ ਲੱਗਾ । ਦੋਸਤ ਨੇ ਕਿਹਾ, "ਭਾਈ ਯਹੀਂ ਰਹਿ ਜਾਓ, ਲੋਕ ਤੁਮਹੇਂ ਪਹਿਚਾਨ ਕਰ ਚੌਰਾਹੇ ਪਰ ਹੀ ਮਾਰ ਦੇਂਗੇ ।" ਮੈਂ ਕਿਹਾ, "ਬਾਲ ਤੋ ਉਤਰ ਹੀ ਗਏ ਹੈਂ, ਅਬ ਮਰਨਾ ਹੋਗਾ ਤੋ ਮਰਨਾ ਹੀ ਹੈ ।" ਤੇ ਮੈਂ ਚਲ ਪਿਆ ।

ਨਿਊ ਵਿਸ਼ਵਾਸ ਨਗਰ ਦੇ ਅੰਦਰ ਤੋਂ ਹੁੰਦਾ ਹੋਇਆ ਵਿਸ਼ਵਾਸ ਨਗਰ ਲਾਲ ਬੱਤੀ ਬਸ ਸਟੈਂਡ ਤੇ ਪੈਦਲ ਹੀ ਜਾ ਪਹੁੰਚਿਆ । ਉਸ ਵਕਤ ਲਗਭਗ ਸਾਢੇ ਚਾਰ ਵਜੇ ਹੋਣਗੇ ਤੇ ਮੈਨੂੰ ਰੂਟ ਨੰ. 312 ਦੀ ਬੱਸ ਆਂਦੀ ਹੋਈ ਦਿਖਾਈ ਦਿੱਤੀ ਤੇ ਮੈਂ ਬੱਸ ਵਿੱਚ ਤਾਬੜਤੋੜ ਚੱੜ ਗਿਆ । ਤੇ ਕੰਡਕਟਰ ਕੋਲੋਂ ਲਕਸ਼ਮੀ ਨਗਰ ਦਾ ਟਿਕਟ ਲਿਆ । ਬੱਸ ਵਿੱਚ ਸੋਚਣ ਲੱਗਾ, "ਇਹ ਸਭ ਕੀ ਹੋ ਰਿਹਾ ਹੈ?" ਲੋਕ ਸੜਕਾਂ ਤੇ ਭੱਜੇ ਜਾ ਰਹੇ ਸੀ ਲਾਠੀਆਂ ਤੇ ਲੋਹੇ ਦੀਆਂ ਛੜਾਂ ਲੈਕੇ । ਇਹ ਸੀਨ ਮੈਂ ਜਿੰਦਗੀ ਵਿੱਚ ਪਹਿਲੀ ਵਾਰ ਦੇਖ ਰਿਹਾ ਸੀ । ਮੈਂ ਲਕਸ਼ਮੀਨਗਰ ਤੋਂ ਆਟੋ-ਰਿਕਸ਼ਾ ਕਰ ਤ੍ਰਿਲੋਕਪੁਰੀ ਪਹੁੰਚ ਗਿਆ । ਰਿਕਸ਼ੇਵਾਲੇ ਨੂੰ ਰੁਪਏ ਦੇਕੇ ਦੇਖਿਆ ਤਾਂ ਸਲੀਮ ਨਾਂ ਦਾ ਆਦਮੀ ਤੇ ਉਸਦੇ ਨਾਲ 25-30 ਆਦਮੀ 32 ਬਲਾਕ ਦੀ ਤਰਫ਼ ਭੱਜਦੇ ਹੋਏ ਜਾ ਰਹੇ ਸਨ । ਉਹ ਏਹ ਕਹਿੰਦੇ ਜਾ ਰਹੇ ਸੀ, "32 ਬਲਾਕ ਕੀ ਤਰਫ਼ ਆਓ" ਤੇ ਮੈਂ ਵੀ ਹਿੰਮਤ ਕਰਕੇ ਉਨ੍ਹਾਂ ਦੇ ਪਿੱਛੇ ਦੌੜਣ ਲਗਾ । ਇਨਾਂ ਲੋਕਾਂ ਵਿਚੋਂ 3-4 ਆਦਮੀਆਂ ਦੇ ਹੱਥਾਂ ਵਿੱਚ ਮਿੱਟੀ ਤੇ ਤੇਲ ਦੇ ਟੀਨ ਸਨ । ਕਈਆਂ ਦੇ ਹੱਥਾਂ ਵਿੱਚ ਲਾਠੀ ਤੇ ਇੱਕ ਦੇ ਹੱਥ ਵਿਚ ਬੱਲਮ ਸੀ । ਅਸੀਂ 32-33 ਬਲਾਕ ਦੇ ਮਕਾਨਾਂ ਦੇ ਕੋਲ ਪਹੁੰਚੇ। ਉਨ੍ਹਾਂ ਨੇ ਸੋਚਿਆ, ਇਹ ਵੀ ਸਾਡਾ ਸਾਥੀ ਹੈ। ਇਕ ਆਦਮੀ ਨੇ ਮਕਾਨਾਂ ਦੇ ਵਿੱਚ ਦੇ ਗੁਰਦਵਾਰੇ ਤੇ ਮਿੱਟੀ ਦਾ ਤੇਲ ਛਿੱੜਕ ਕੇ ਅੱਗ ਲਗਾ ਦਿੱਤੀ । ਭਾਈ ਚਤਰ ਸਿੰਘ ਤੇ ਉਸਦੇ ਭਤੀਜੇ ਇੰਦਰ ਸਿੰਘ, ਲਾਲੂ ਸਿੰਘ, ਗੁਰਦਵਾਰੇ ਨੂੰ ਬਚਾਣ ਲਈ ਘੜਿਆਂ ਵਿੱਚੋਂ ਪਾਣੀ ਕੱਢਕੇ ਅੱਗ ਬੁਝਾਣ ਦੀ ਕੋਸ਼ਿਸ਼ ਕਰ ਰਹੇ ਸੀ । ਤਦੀ ਭਾਈ ਚਤਰ ਸਿੰਘ ਦੀ ਤਲਵਾਰ, ਜੋ ਹਰਦਮ ਉਸ ਗੁਰਦਵਾਰੇ ਵਿੱਚ ਰਹਿੰਦੀ ਸੀ, ਸਲੀਮ ਦੇ ਹੱਥ ਲੱਗੀ । ਅਤੇ ਤਦੀ ਕਨਕ ਸਿੰਘ, ਬੁਦਰਾਮ ਭੰਗੀ ਆ ਪਹੁੰਚੇ। ਇਨ੍ਹਾਂ ਕੋਲ ਵੀ ਲਾਠੀ, ਭਾਲੇ ਤੇ ਲੋਹੇ ਦੀਆਂ ਛੱੜਾਂ ਆਦਿ ਸੀ ਤੇ ਰਾਮਪਾਲ ਸਰੋਜ ਨੂੰ ਕਣਕ ਸਿੰਘ ਨੇ ਕਿਹਾ, "ਗੱਧੇ ਕਿਆ ਕਰ ਰਹਾ ਹੈ? ਮਰਵਾ ਸਾਲੋਂ ਕੋ ।" ਇਸ ਦਰਮਿਆਨ ਮਕਾਨ ਜਲ ਰਹੇ ਸਨ । ਬੱਚੇ ਤੇ ਔਰਤਾਂ ਮਕਾਨਾਂ ਵਿੱਚੋਂ ਨੱਸ ਰਹੇ ਸਨ । ਤਦੀ ਰਾਮਪਾਲ ਸਰੋਜ (32 ਬਲਾਕ ਦਾ, ਦਿੱਲੀ ਪੁਨਰਵਾਸ ਕਾਲੋਨੀ ਸਮੀਤੀ ਦਾ ਪ੍ਰਧਾਨ) ਨੇ ਕਿਹਾ, ਜਲਾ ਦੀਏ ਮਕਾਨ? ਅਬ ਚਲੋ ਗੁਰਦਵਾਰੇ ਕੀ ਤਰਫ਼ ।" ਲੋਕ ਦੋੜਦੇ ਹੋਏ ਗੁਰਦਵਾਰੇ ਵੱਲ 'ਇੰਦਰਾ ਗਾਂਧੀ ਅਮਰ ਰਹੋਂ ਦੇ ਨਾਰੇ ਲਗਾਂਦੇ ਹੋਏ ਚਲੇ । ਮੈਂ ਖੁਦ ਆਪਣੀਆਂ ਅੱਖਾਂ ਨਾਲ ਦੇਖਿਆ ਕਿ ਗੁਰਦਵਾਰੇ ਦੇ ਮੇਨ ਗੇਟ ਦੇ ਠੀਕ ਬਾਹਰ ਸਾਡੇ ਨਵਯੁਵਕ ਸਿੱਖ ਭਜਨ ਸਿੰਘ, ਅੱਤਰ ਸਿੰਘ, ਅਰਜਨ ਸਿੰਘ ਆਦਿ ਗੁਰਦਵਾਰੇ ਦੀ ਰੱਖਿਆ ਲਈ ਖੜੇ ਸੀ । ਇਤਨੇ ਵਿੱਚ ਹੀ ਰਾਮਪਾਲ ਸਰੋਜ ਚੀਖਿਆ, "ਪੈਟਰੋਲ ਛਿੜਕੋ, ਪੈਟਰੋਲ ਛਿੜਕੋ ।" ਤੇ 5-7 **ਆਦਮੀਆਂ** ਨੇ ਗੁਰਦਵਾਰੇ ਦੇ ਮੇਨ ਗੇਟ ਤੇ ਖੜੇ ਆਦਮੀਆਂ ਤੇ ਤੇਲ ਪਾ ਕੇ ਅੱਗ ਲਗਾ ਦਿੱਤੀ । ਤੇ ਕਈ ਸਰਦਾਰ ਅੱਗ ਵਿਚੋਂ ਜਲਦੇ-ਜਲਦੇ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਹੇ ਸੀ, ਤਦੀ ਲੋਕ ਭਾਲੇ, ਤਲਵਾਰ, ਲਾਠੀ, ਲੋਹੇ ਦੀਆਂ ਛੜਾਂ ਆਦਿ ਨਾਲ ਉਨ੍ਹਾਂ ਨੂੰ ਮਾਰਣ ਲਗੇ । ਇਹ ਮੇਰੇ ਕੋਲੋਂ ਦੇਖਿਆ ਨਹੀਂ ਗਿਆ ਤੇ ਮੈਂ

6 The Indian EXPRESS

LONG WAIT FOR JUSTICE: Families of the 1984 riots victims protest outside Bangla Sahib Gurudwara in New Delhi on Sunday demanding justice from the Union government . A photograph by Vijay Tyagi

ਵਾਪਸ ਭੱਜਿਆ ਸ਼ਾਹਦਰੇ ਵੱਲ ਤੇ ਆਪਣੇ ਚੌਂਕ ਤੇ ਜਵਾਲਾ ਨਗਰ ਵਿੱਚ ਕਾਕਾ ਚਾਹ ਵਾਲੇ ਦੇ ਕੋਲ ਪਹੁੰਚ ਕੇ ਰਾਤ ਨੂੰ ਸੁੱਤਾ ।

ਦੂਜੇ ਦਿਨ ਸਵੇਰੇ ਹਰੀਰਾਮ ਪਕੌੜੇ ਵਾਲੇ ਦੀ ਸਾਈਕਲ ਲੈ ਕੇ ਸੁਲਤਾਨਪੁਰੀ ਗਿਆ, ਜਿੱਥੇ ਮੇਰੇ ਚਾਰ ਭਾਣਜੇ ਰਹਿੰਦੇ ਸੀ । ਉੱਥੇ ਪਹੁੰਚਣ ਤੇ ਪਤਾ ਚੱਲਿਆ ਕਿ ਚਾਰੋਂ ਮੁੰਡਿਆਂ ਨੂੰ ਮਾਰ ਦਿੱਤਾ ਗਿਆ ਸੀ ਤੇ ਉਨ੍ਹਾਂ ਦੇ ਮੰਮੀ-ਡੈਡੀ ਪਿੰਡ ਵਿੱਚ ਸਨ । ਇਹ ਸੁਣਕੇ ਮੈਂ ਸੁੰਨ-ਜਿਹਾ ਖੜਾ ਰਹਿ ਗਿਆ ਤੇ ਉਥੋਂ ਸੁਲਤਾਨਪੁਰੀ ਵਿੱਚ ਹੀ ਆਪਣੇ ਸਾਲੇ ਦੀ ਖਬਰ ਲੈਣ ਗਿਆ । ਉੱਥੇ ਮੈਨੂੰ ਗੁਆਂਢੀ ਗੋਰਖਾ ਔਰਤ ਨੇ ਦੱਸਿਆ ਕਿ ਮੇਰੇ ਸਾਲੇ ਨੂੰ ਜੈ ਕਿਸ਼ਨ ਤੇ ਉਸਦੇ ਆਦਮੀਆਂ ਨੇ ਮਾਰ ਦਿੱਤਾ ਹੈ । ਮੈਂ ਫਿਰ ਪਾਗਲਾਂ ਦੀ ਤਰ੍ਹਾਂ ਘੁੰਮਦਾ ਰਿਹਾ, ਤੱਦ ਤੱਕ ਸ਼ਾਮ ਹੋ ਗਈ ਸੀ । ਉਥੋਂ ਮੰਗੋਲਪੁਰੀ ਪਹੁੰਚਿਆ ਆਪਣੇ ਵੱਡੇ ਭਰਾ ਦੇ ਜਵਾਈ ਨੂੰ ਦੇਖਣ । ਉੱਥੇ ਜਦੋਂ ਪਹੁੰਚਿਆ ਤਾਂ ਗਲੀ ਵਿੱਚ ਕੁੱਝ ਲੋਕ ਖੜੇ ਸੀ । ਇਕ ਭਾਈ ਕੋਲੋਂ ਪੁੱਛਿਆ, "ਗਿਆਨੀ ਸਿੰਘ ਕਾ ਕੁੱਛ ਪਤਾ ਹੈ?" ਉਸਨੇ ਕਿਹਾ, "ਆਪ ਕਹਾਂ ਸੇ ਆਏ ਹੈਂ?" ਇਤਨੇ ਵਿੱਚ ਹੀ ਸਾਡੇ ਜਵਾਈ ਦੇ ਘਰ ਦੇ ਸਾਹਮਣੇ ਤੋਂ ਲਾਲਾ ਦੀ ਔਰਤ ਨਿਕਲੀ ਤੇ ਮੇਰੀ ਅਵਾਜ਼ ਪਹਿਚਾਨ ਕੇ ਉਸਨੇ ਕਿਹਾ, "ਯੇ ਤੋ ਬਰਫ਼ੀ ਕਾ ਚਾਚਾ ਹੈ ।" ਤਾਂ ਉਨ੍ਹਾਂ ਲੋਕਾਂ ਨੂੰ ਯਕੀਨ ਹੋਇਆ ਤੇ ਦੱਸਿਆ ਕਿ "ਪਾਸ ਕੇ ਘਰ ਮੇਂ ਏਕ ਲੜਕੀ ਅੰਦਰ ਸੇ ਤਾਲਾ ਲਗਾ ਬੈਠੀ ਹੈ, ਆਪ ਆਵਾਜ਼ ਦੋ ।" ਮੇਰੇ ਆਵਾਜ਼ ਦੇਂਦੇ ਹੀ ਮੇਰੀ ਸਾਲੀ ਨੇ ਦਰਵਾਜ਼ਾ ਖੋਲਿਆ ।

ਸ੍ਰੀਮਤੀ ਜਸਬੀਰ ਕੌਰ :-31 ਤਾਰੀਖ ਨੂੰ ਸਿਰਫ਼ ਸ਼ੋਰਗੁਲ ਦੇ ਕੋਈ ਘਟਨਾ ਨਹੀਂ ਹੋਈ । ਪਹਿਲੀ ਤਾਰੀਖ ਨੂੰ ਸਾਢੇ 11 ਵਜੇ ਸਵੇਰੇ ਦੇ ਲਗਭਗ ਅਸੀਂ ਦੋਨੋਂ ਭੈਣ-ਭਰਾ ਨਾਸ਼ਤਾ ਕਰ ਰਹੇ ਸੀ । ਉਸੀ ਵਕਤ ਸ਼ੋਰਗੁਲ ਸੁਣਿਆ । ਕਾਫ਼ੀ ਆਦਮੀਆਂ ਦੀ ਭੀੜ ਆ ਰਹੀ ਸੀ । ਮੈਂ ਆਪਣੇ ਭਰਾ ਨੂੰ ਕਮਰੇ ਵਿੱਚ ਬੰਦ ਕਰ ਦਿੱਤਾ । ਭੀੜ ਦੇ ਲੋਕ ਸਾਡੇ ਘਰ ਦੇ ਸਾਹਮਣੇ ਆ ਗਏ । ਮੈਂ ਬਾਹਰ ਆਕੇ ਕਿਹਾ ਕਿ "ਯਹਾਂ ਕੋਈ ਆਦਮੀ ਨਹੀਂ ਹੈ ।" ਤਾਂ ਲੋਕਾਂ ਨੇ ਪਿਛੋਂ ਆਕੇ ਦਰਵਾਜ਼ੇ ਤੋੜ ਕੇ ਮਕਾਨ ਨੂੰ ਲੁੱਟ ਕੇ ਅੱਗ ਲਗਾ ਦਿੱਤੀ ਤੇ ਮੇਰੇ ਭਰਾ ਨੂੰ ਫੜਕੇ ਬਾਹਰ ਕੱਢਿਆ । ਇਨ੍ਹਾਂ ਲੋਕਾਂ ਵਿੱਚ ਸ਼ਾਮ ਲਾਲ ਤੇ ਉਸਦੇ ਦੋ ਲੜਕੇ ਸੰਤੋਸ਼ ਤੇ ਨੀਲੂ ਸੀ । ਸ਼ਾਮ ਲਾਲ ਦੇ ਹੱਥ ਵਿੱਚ ਛੁਰਾ ਸੀ ਤੇ ਲੜਕਿਆਂ ਦੇ ਹੱਥ ਵਿੱਚ ਲੋਹੇ ਦੇ ਮੋਟੇ ਸਰੀਏ ਸੀ । ਉਹ ਇੱਕ ਦੂਜੇ ਨੂੰ ਆਵਾਜ਼ਾਂ ਦੇ ਰਹੇ ਸੀ, ਤਾਂ ਅਸੀਂ ਜਾਣਿਆ ਕਿ ਇਨ੍ਹਾਂ ਵਿੱਚ ਬਲਵਾਨ ਖੋਖਰ ਤੇ ਰਾਧੇਸ਼ਾਮ ਵੀ ਸ਼ਾਮਲ ਸੀ । ਉਨ੍ਹਾਂ ਦੇ ਸਾਥੀ ਕਈ ਹੋਰ ਲੋਕ ਸਨ । ਬਲਵਾਨ ਖੋਖਰ ਮੋਟਰ ਸਾਈਕਲ ਤੇ ਘੁੰਮਦਾ ਹੋਇਆ ਚੀਖ ਰਿਹਾ ਸੀ, "ਇਸ ਗਲੀ ਮੇਂ ਕੋਈ ਭੀ ਸਿੱਖ ਬਾਕੀ ਨਾ ਰਹੇ ।" ਰਾਧੇਸ਼ਾਮ ਜੋ ਪੁਲਿਸ ਦਾ ਮੁਖਬਰ ਹੈ, ਅੱਗ ਲਗਵਾ ਰਿਹਾ ਸੀ । ਮੈਂ ਇਨ੍ਹਾਂ ਗੁੰਡਿਆਂ ਨੂੰ ਬਹੁਤ ਬੇਨਤੀ ਕੀਤੀ ਕਿ "ਜੋ ਲੇਣਾ ਹੋ ਜੇਵਰ, ਰੁਪਏ ਲੇ ਲੋ, ਮਗਰ ਮੇਰੇ ਭਾਈ ਕੋ ਛੋੜ ਦੋ ।" ਲੇਕਿਨ ਉਨ੍ਹਾਂ ਨੇ ਮੇਰੀ ਇਕ ਨਹੀਂ ਸੁਣੀ । ਮੇਰੇ ਕੰਨਾਂ ਦੀਆਂ ਵਾਲੀਆਂ ਖਿੱਚ ਲਈਆਂ, ਚੂੜੀਆਂ ਤੇ ਹੋਰ ਗਹਿਣੇ ਲੈ ਲਏ ਪਰ ਭਰਾ ਨੂੰ ਨਹੀਂ ਛੱਡਿਆ । ਅਪਣੇ ਭਰਾ ਨੂੰ ਬਚਾਣ ਦੀ ਕੋਸ਼ਿਸ਼ ਵਿੱਚ ਮੈਨੂੰ ਵੀ ਚੋਟਾਂ ਲਗੀਆਂ । ਮੈਨੂੰ ਵੀ ਬਹੁਤ ਮਾਰਿਆ । ਮੇਰੇ ਬੇਨਤੀ ਕਰਣ ਤੇ ਬੋਲੇ, "ਹਮ ਲੂਟੇਂਗੇ ਭੀ ਔਰ ਮਾਰ ਕਰ ਭੀ ਜਾਏਂਗੇ । ਸੱਜਣ ਕੁਮਾਰ ਕਾ ਹੁਕਮ ਹੈ । ਇਸਕੇ ਲੀਏ ਹਮੇਂ 500-500 ਰੁਪੈ ਮਿਲੇ ਹੈਂ ।" ਘਰ ਨੂੰ ਵੀ ਅੱਗ ਲੱਗਾ ਕੇ ਚਲੇ ਗਏ ਅਤੇ ਭਰਾ ਨੂੰ ਵੀ ਮਾਰ ਕੇ ਚਲੇ ਗਏ । ਸ਼ਾਮ ਲਾਲ ਨੇ ਛੁਰਾ ਮਾਰਿਆ ਤੇ ਦੂਜਿਆਂ ਨੇ ਲਾਠੀਆਂ-ਪੱਥਰਾਂ ਨਾਲ ਮਾਰਿਆ ।

ਦੋ ਤਾਰੀਖ ਨੂੰ ਫਿਰ ਸਵੇਰੇ 11 ਵਜੇ ਦੇ ਕਰੀਬ ਆਏ ਤੇ ਕਹਿਣ ਲਗੇ, "ਹਮਾਰੀ ਲਿਸਟ ਕੇ ਅਨੁਸਾਰ ਇਸ ਮਕਾਨ ਮੇਂ ਦੋ ਬੰਦੇ (ਆਦਮੀ) ਔਰ ਹੈਂ ।" ਮੈਂ ਉਨ੍ਹਾਂ ਨੂੰ ਕਿਹਾ, "ਮੇਰੇ ਪਤੀ ਡਿਉਟੀ ਪਰ ਮਦਰਾਸ ਗਏ ਹੈਂ, ਲੜਕਾ ਭੀ (ਜੋ ਫ਼ੈਕਟਰੀ ਮੇਂ ਕਾਮ ਕਰਤਾ ਹੈ) ਨਹੀਂ ਹੈ ।" ਤਾਂ ਉਨ੍ਹਾਂ ਨੇ ਫਿਰ ਘਰ ਨੂੰ ਅੱਗ ਲਗਾ ਦਿੱਤੀ । ਕਹਿਣ ਲੱਗੇ, "ਹੋਂਗੇ ਤੋ ਆਪ ਹੀ ਜਲਕਰ ਮਰ ਜਾਏਂਗੇ ।" ਫਿਰ ਕਹਿਣ ਲੱਗੇ,

AJIT (PUNJABI)

ਟਾਈਟਲਰ ਵਿਰੁੱਧ ਮਰਦਮਾ ਦਾਇਰ

ਨਵੀਂ ਦਿੱਲੀ, 7 ਅਗਸਤ-(ਏ. ਯੂ.) ਸੰਪਰਕ ਗੜਬੜਾਨੀ ਬਾਰੇ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਜਗਦੀਸ਼ ਟਾਈਟਲਰ ਵਿਰੁੱਧ ਸਮਾਟਸ ਐਮ ਐਲ ਐਨ ਅਤੇ ਸਮਾਟਸ ਦੇ ਕੇ ਬੈਨਰੜੀ ਕੋਰ 16 ਹਲਫਨਾਮੇ ਦਾਇਰ ਕਰਕੇ ਮੁੱਕਦਮਾ ਦਾਇਰ ਕੀਤਾ ਗਿਆ ਹੈ। ਅਜ਼ ਇੰਡੀਆ ਸਿੱਖ ਕਾਨਫਰੰਸ ਵੱਲੋਂ ਦਾਇਰ ਇਨ੍ਹਾਂ ਹਲਫਨਾਮੇਆਂ ਵਿਚ ਕਹਿਆ ਗਿਆ ਹੈ ਕਿ ਜਗਦੀਸ਼ ਟਾਈਟਲਰ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਸੇਵਾਨਵੀਆਂ ਨੂੰ ਉਕਸਾਇਆ। ਸੰਤਾਂ ਦੀ ਸਮੀਰੀ ਨੂੰ ਇਸ ਦੀ ਜਾਂਚ ਬੁੱਧ ਕਰ ਦਿੱਤੀ ਹੈ। ਇਹ ਹਲਫਨਾਮੇ 31 ਜੁਲਾਈ ਨੂੰ ਦਾਇਰ ਕੀਤੇ ਗਏ ਸਨ। ਸੁਣੇ ਪਾਸੇ ਟਾਈਟਲਰ ਦੇ ਸਮਰਥਕ ਇਨ੍ਹਾਂ ਹਲਫਨਾਮਿਆਂ ਨੂੰ 'ਝੂਠ' ਕਰੰਸ ਕਹੇ ਹਨ। ਟਾਈਟਲਰ ਵਿਰੁੱਧ ਇਕ ਸਰਕਾਰੀ ਅਖਬਾਰ ਦੇ ਉਸ ਦੇਹੇ ਦੇ ਪੰਤਰ ਪੈਰਵ ਰਾਹੁਲ ਬੇਦੀ ਨੇ ਵੀ ਹਲਫਨਾਮਾ ਦਾਇਰ ਕੀਤਾ ਹੈ। ਸ੍ਰੀ ਬੇਦੀ ਨੇ ਦੋਸ਼ ਲਾਇਆ ਹੈ ਕਿ ਟਾਈਟਲਰ ਆਪਣੇ ਸਾਥੀਆਂ ਨੂੰ ਛੁਡਾਉਣ ਲਈ ਪੁਲਸ ਦੇ ਮੁਖ ਦਫਤਰ ਵਿਚ ਆਏ ਸਨ। ਇਕ ਹਲਫਨਾਮਾ

ਸਜਾਈਸ਼ ਟਾਈਟਲਰ

ਕਿੰਗਸਵੇ ਕੈਂਪ ਦੇ ਨਸ਼ਬੀਰ ਸਿੰਘ ਨੇ ਦਾਇਰ ਕੀਤਾ ਹੈ।

ਨਸ਼ਬੀਰ ਸਿੰਘ ਨੇ ਆਪਣੇ ਅੱਖੀਂ ਟਾਈਟਲਰ ਨੂੰ, ਦੰਗਾਕਾਰੀਆਂ ਨੂੰ ਉਕਸਾਉਂਦਿਆਂ ਦੇਖਿਆ ਸੀ। ਉਹ ਉਥੇ ਕਿਸੇ ਤਰਾਂ ਬਚ ਨਿਕਲਿਆ ਤੇ ਪਿੱਛੋਂ ਉਸ ਨੂੰ ਆਪਣੇ ਕੇਸ ਕਤਲ ਕਰਾਏ ਦੇ ਦਿੱਲੀ ਹਾਈਕਰਾਟ ਪੰਜਾਬ ਕਮੇਟੀ ਦੇ ਸਕੱਤਰ ਗੋਰੇ ਮਾਸਟਰ ਸੁੱਚਾ ਸਿੰਘ ਕੋਲ ਰਜਿਟਰ ਪਿਆ।

ਵਰਨਣਯੋਗ ਹੈ ਕਿ ਅਜ਼ ਇੰਡੀਆਂ ਸਿੱਖ ਕਾਨਫਰੰਸ ਨੇ ਇਸ ਤੋਂ ਪਹਿਲਾਂ 24 ਜੁਲਾਈ ਨੂੰ ਸੰਸਦੀ ਮਾਮਲਿਆਂ ਬਾਰੇ ਮੰਤਰੀ ਸ੍ਰੀ ਅਲੋਕ ਕੇ ਅਲੋਕ ਕੋਲ ਵਿਰੁੱਧ ਵੀ ਸਿੱਖ ਵਿਧਾਇਕਾਂ ਦੇ ਹਲਫਨਾਮੇ ਦਾਇਰ ਕਰਵਾਏ ਸਨ। ਸਿੱਖ ਕਾਨਫਰੰਸ ਦੇ ਸਰਵੱਤਰ ਸ: ਗੁਰਚਰਨ ਸਿੰਘ ਬੱਬਰ ਨੇ ਕਿਹਾ ਹੈ ਕਿ ਇਸ ਜਾਂਚ ਦੇ ਨਤੀਜੇ ਵਿਚ ਮਹੀਨੇ ਦੇ ਅੰਦਰ ਹੀ ਸਾਹਮਣੇ ਨਹੀਂ ਆਏ ਤਾਂ ਕਾਨਫਰੰਸ 20 ਜਥਾਰ ਸਿੱਖਾਂ ਨੂੰ ਪੰਜਾਬ ਛੱਡ ਜਾਣੇ ਚਾਹਾਂ ਕਿ ਉਨ੍ਹਾਂ ਨੂੰਉਥੇ ਨੂੰ ਵਸਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਉਹ ਇੰਡੀਆ ਗੇਟ ਤੋਂ ਸ੍ਰੀ ਸਰਬਜਾਰ ਮਾਰਗਿਸ਼ ਤਕ ਪੈਦਲ ਹੀ ਜਾਣਗੇ।

"ਇਸ ਲਾਸ਼ (ਮੇਰੇ ਭਰਾ ਦੀ) ਕੋ ਬਾਹਰ ਫੈਂਕ ਦੋ ।" ਮੈਂ ਸੁਣਣ ਨਹੀਂ ਦਿੱਤੀ । ਮੈਂ ਫਿਰ ਉਸਦਾ ਟੁੱਟੇ ਦਰਵਾਜੇ ਦੀ ਲਕੜੀ ਜਲਾਕੇ ਉੱਥੇ ਹੀ ਦਾਹ-ਸਸਕਾਰ ਕਰ ਦਿੱਤਾ ।

ਉਸ ਦਿਨ ਰਾਤ ਨੂੰ ਮੈਂ ਬਿਲਕੁਲ ਇੱਕਲੀ ਸੀ । ਰਾਤ ਨੂੰ ਵੀ ਉਹ ਲੋਕ ਦੋ-ਤਿੰਨ ਵਾਰ ਆਏ, ਸਰਦਾਰ ਜੀ ਨੂੰ ਲੱਭਣ ਕਿ ਸ਼ਾਇਦ ਉਹ ਮਿਲ ਜਾਣ ।

ਫਿਰ 3 ਤਾਰੀਖ ਦੀ ਸ਼ਾਮ ਨੂੰ ਮਿਲਟਰੀ ਦੀ ਗੱਡੀ ਆਈ ਤੇ ਸਾਨੂੰ ਸਦਰ ਬਾਜਾਰ ਗੁਰਦਵਾਰਾ ਕੈਂਪ ਵਿੱਚ ਲੈ ਆਏ । ਤਿੰਨ-ਚਾਰ ਮਿਲਟਰੀ ਦੇ ਲੋਕਾਂ ਨੇ ਮੈਨੂੰ ਜ਼ਖਮੀ ਹਾਲਤ ਵਿੱਚ ਚੁੱਕਕੇ ਗੱਡੀ ਵਿੱਚ ਬਿਠਾਇਆ ।

ਸ੍ਰੀਮਤੀ ਕੁਲਵੰਤ ਕੋਰ :- 31 ਤਾਰੀਖ ਨੂੰ ਸਾਡੀ ਗਲੀ ਵਿੱਚ ਕੁਝ ਨਹੀਂ ਹੋਇਆ । ਪਹਿਲੀ ਨਵੰਬਰ ਦੀ ਸਵੇਰੇ ਇੱਕ ਮੁੰਡੇ ਨੇ ਦੱਸਿਆ ਕਿ ਸਾਗਰਪੁਰ ਵਿੱਚ ਬਹੁਤ ਦੰਗਾ ਹੋ ਰਿਹਾ ਹੈ, ਘਰਾਂ ਨੂੰ ਅੱਗ ਲਗਾ ਰਹੇ ਹਨ । ਮੈਂ ਕਿਹਾ, "ਬੇਟੇ ਯਹਾਂ ਤੋ ਸ਼ਾਂਤੀ ਹੈ, ਐਸਾ ਕੁਛ ਨਹੀਂ ਹੈ ।" ਪਰ ਥੋੜੀ ਦੇਰ ਬਾਦ ਹੀ ਅਸੀਂ ਛੱਤ ਤੇ ਬੈਠੇ ਹੋਏ ਦੂਰੋਂ ਧੂੰਆਂ ਨਿਕਲਦੇ ਹੋਏ ਦੇਖਿਆ, ਲੋਕ ਘਰਾਂ ਨੂੰ ਅੱਗ ਲਗਾ ਰਹੇ ਸੀ । ਸਾਡੇ ਘਰ ਦੇ ਕੋਲ ਹੀ ਬ੍ਰਿਗੇਡਿਅਰ ਦੀ ਦੁਕਾਨ ਨੂੰ ਲੋਕਾਂ ਨੇ ਤੋੜਕੇ ਅੱਗ ਲਗਾ ਦਿੱਤੀ । ਭੱਜ-ਦੌੜ ਸ਼ੁਰੂ ਹੋਈ । ਸਾਡੇ ਕੁਝ ਲੋਕ ਪੁਲਿਸ ਵਿੱਚ ਰਿਪੋਰਟ ਕਰਣ ਗਏ । ਪੁਲਿਸ ਨੇ ਕਿਹਾ, "ਹਮਾਰੇ ਪਾਸ ਆਦਮੀ ਨਹੀਂ ਹੈਂ, ਕਹੀਂ ਔਰ ਗਏ ਹੈਂ ।" ਫਿਰ ਉਸੀ ਲੜਕੇ ਨੇ ਆ ਕੇ ਖਬਰ ਦਿੱਤੀ, "ਆਂਟੀ ਅੰਦਰ ਚਲੇ ਜਾਓ, ਸਿੱਖੋਂ ਕੋ ਮਾਰ ਰਹੇ ਹੈਂ ਔਰ ਘਰੋਂ ਕੋ ਆਗ ਲਗਾ ਰਹੇ ਹੈਂ ।" ਅਸੀਂ ਘਰ ਵਿੱਚ ਅੰਦਰ ਬੰਦ ਹੋ ਗਏ । ਇਸੀ ਦਰਮਿਆਨ ਸਾਡੇ ਗੁਆਂਢੀਆਂ ਨੇ ਸਿੱਖਾਂ ਦੇ ਘਰਾਂ ਵਿੱਚ ਤੋੜਫੋੜ ਤੇ ਅੱਗ ਲਗਾਣਾ ਸ਼ੁਰੂ ਕਰ ਦਿੱਤਾ । ਅਸੀਂ ਅੰਦਰ ਜਾਲੀਆਂ ਵਿੱਚੋਂ ਦੇਖਦੇ ਰਹੇ । ਸਾਡੀ ਛੱਤ ਤੇ ਕੁੱਝ ਹਿੰਦੂ ਪਰਿਵਾਰਾਂ ਦੇ ਬੱਚੇ ਸੀ । ਉਨ੍ਹਾਂ ਨੂੰ ਦੇਖ ਕੇ ਭੀੜ ਨੇ ਸੋਚਿਆ ਕਿ ਇਹ ਸਿੱਖਾਂ ਦਾ ਮਕਾਨ ਨਹੀਂ ਹੈ । ਇਸ ਤਰ੍ਹਾਂ ਪਹਿਲੀ ਤਾਰੀਖ ਨੂੰ ਦਿਨ ਦਾ ਸਮਾਂ ਗੁਜਰਿਆ । ਉਸੀ ਰਾਤ ਅਸੀਂ ਗੁਆਂਢੀਆਂ ਦੇ ਘਰ ਜਾ ਕੇ ਛੁੱਪ ਗਏ । ਰਾਤ ਭਰ ਅਸੀਂ ਲੋਕ ਜਾਗਦੇ ਰਹੇ । ਭੀੜ ਦੇ ਲੋਕ ਆਂਦੇ ਰਹੇ ਤੇ ਗੁਆਂਢੀਆਂ ਦੇ ਘਰਾਂ ਵਿੱਚ ਅੱਗ ਲਗਾਂਦੇ ਰਹੇ । ਦੋ ਤਾਰੀਖ ਸ਼ੁਕਰਵਾਰ ਦੀ ਸਵੇਰੇ ਹੀ ਸਾਡੇ ਘਰ ਦੀ ਦੀਵਾਰ ਤੋੜ ਕੇ ਸਾਮਾਨ ਲੁੱਟਿਆ ਤੇ ਜਲਾਇਆ । ਲਗਭਗ 12-1 ਵਜੇ ਸਾਡੇ ਇੱਕ ਗੁਆਂਢੀ ਨੇ ਆ ਕੇ ਕਿਹਾ, "ਜੋ ਹੋਣਾ ਥਾ ਹੋ ਗਿਆ, ਅਬ ਤੁਮ ਲੋਕ ਅਪਣੇ ਘਰ ਮੇਂ ਆ ਜਾਓ, ਔਰਤੋਂ ਕੋ ਕੋਈ ਕੁਛ ਨਹੀਂ ਕਹੇਗਾ ।" ਸਾਰਾ ਦਿਨ ਤਾਂ ਇੰਝ ਨਿਕਲਿਆ । ਗੁਆਂਢੀਆਂ ਨੇ ਸਾਡੇ ਲਈ ਖਾਣਾ ਭਿਜਵਾਇਆ ਤੇ ਹਰ ਤਰ੍ਹਾਂ ਨਾਲ ਮਦਦ ਕੀਤੀ । ਰਾਤ ਨੂੰ ਸਾਡਾ ਵੱਡਾ ਮੁੰਡਾ ਘਰ ਆ ਗਿਆ । ਮੈਂ ਉਹਨੂੰ ਕਿਹਾ, "ਤੂੰ ਘਰ ਕਿਉਂ ਆ ਗਿਆ ਹੈਂ ?" ਉਸਨੇ ਕਿਹਾ, "ਮੈਨੂੰ ਕਿਸੇ ਨੇ ਕਿਹਾ ਹੈ ਕਿ ਤੇਰੇ ਕੋ ਤਾਈ ਬੁਲਾ ਰਹੀ ਹੈ ।" ਮੈਂ ਗੁਆਂਢੀਆਂ (ਹਿੰਦੂਆਂ) ਨੂੰ ਅਪਣੇ ਲੜਕੇ ਨੂੰ ਛੁਪਾਣ ਲਈ ਕਿਹਾ ਤਾਂ ਉਹ ਬੋਲੇ, "ਹਮਾਰੇ ਘਰ ਮੇਂ ਪਹਿਲੇ ਹੀ ਛਾਪੇ ਮਾਰ ਰਹੇ ਹੈਂ, ਇਸੇ ਤੁਮ ਅਪਨੇ ਘਰ ਕੇ ਭੀਤਰ ਛੁਪਾ ਕਰ ਤੁਮ ਬਾਹਰ ਹੀ ਰਹੋ, ਕੋਈ ਨਹੀਂ ਆਏਗਾ।" ਮੈਂ ਉਸਨੂੰ ਰਸੋਈ ਦੇ ਕੋਲ ਛੁਪਾ ਦਿੱਤਾ। ਰਾਤ ਨੂੰ 11 ਵਜੇ ਮੈਂ ਚਾਹ ਵਗੈਰਾ ਦਿੱਤੀ । ਇਸੀ ਵਕਤ ਭੀੜ ਦੇ ਲੋਕ ਆਏ ਤੇ ਕੁੱਝ ਲੋਕਾਂ ਨੇ ਪੁਛਿੱਆ, "ਯਹਾਂ ਕੋਣ ਹੈ?" ਅਸੀਂ ਔਰਤਾਂ ਖੜੀਆਂ ਹੋ ਗਈਆਂ, "ਕੇਵਲ ਹਮ ਲੋਕ ਯਹਾਂ ਹੈਂ, ਕੋਈ ਆਦਮੀ ਨਹੀਂ ਹੈ ।" ਕੁਝ ਲੋਕ ਗੁਆਂਢੀਆਂ ਦੀ ਛੱਤ ਤੋਂ ਸਾਡੀ ਛੱਤ ਦੇ ਉਪਰ ਆ ਗਏ ਤੇ ਟਾਰਚ ਦੀ ਰੋਸ਼ਨੀ ਨਾਲ ਚਾਰੋਂ ਪਾਸੇ ਦੇਖਣ ਲਗੇ । ਜਦੋਂ ਉਨ੍ਹਾਂ ਨੇ ਗੈਲਰੀ ਦੀ ਤਰਫ਼ ਦੇਖਿਆ ਤੇ ਉਨ੍ਹਾਂ ਨੂੰ ਚਾਹ ਦਾ ਗਿਲਾਸ ਦਿਸਿਆ, ਉਹ ਬੋਲੇ ਕਿ, "ਯਹਾਂ ਕੋਈ ਹੈ।" ਇਤਨੇ ਵਿੱਚ ਲੜਕਾ ਥੱਲੇ ਉਤਰ ਕੇ ਗੁਆਂਢੀਆਂ ਦੇ ਘਰ ਵੱਲ ਦੌੜਿਆ । ਮਗਰ ਭੀੜ ਵਿੱਚ ਲੋਕਾਂ ਨੇ ਉਸਨੂੰ ਦੇਖ ਲਿਆ ਤੇ ਉਸਨੂੰ ਪਕੜ ਲਿਆ। ਲੜਕੇ ਨੇ ਕਿਹਾ, "ਮੈਂ ਤੋ ਭਾਗਕਰ ਆਇਆ ਹੂੰ, ਮੇਰੇ ਪੀਛੇ ਸਰਦਾਰ ਲਗੇ ਹੈਂ, ਮੈਂ ਤੋ ਹਿੰਦੂ ਹੂੰ" ਲੋਕ ਮੈਨੂੰ ਕਹਿਣ ਲਗੇ,

जनसत्ता



दिल्ली में १९८४ के दंगों में मौत की सजा पाने वाला किशोरी लाल। सोमवार को उसे कड़कड़डूमा अदालत में पेश किया गया। (फोटो: जनसत्ता, रेणुका पुरी)

"ਯੇ ਤੇਰਾ ਲੜਕਾ ਹੈ ਤੋ ਹਮ ਕੁਝ ਨਹੀਂ ਕਹੇਂਗੇ।"ਮੈਂ ਕਿਹਾ, "ਹਾਂ ਯੇ ਮੇਰਾ ਲੜਕਾ ਹੈ, ਡਰ ਕੇ ਮਾਰੇ ਉਲਟ-ਪੁਲਟ ਬੋਲ ਰਿਹਾ ਹੈ।"ਲੋਕ ਕਹਿਣ ਲੱਗੇ, "ਹਮ ਇਸੇ ਮਾਰੇਂਗੇ ਨਹੀਂ, ਮਾਰਨਾ ਹੋਤਾ ਤੋ ਤੇਰੇ ਸਾਮਨੇ ਮਾਰ ਦੇਤੇ, ਹਮ ਇਸੇ ਪੁਲਿਸ ਕੇ ਹਵਾਲੇ ਕਰੇਂਗੇ।"ਅਤੇ ਉਸਨੂੰ ਉਹ ਪਕੜ ਕੇ ਲੈ ਗਏ । ਗੁਆਂਢੀਆਂ ਨੇ ਕਿਹਾ, "ਫ਼ਿਕਰ ਨਾ ਕਰੋ, ਸੁਬਹ ਦੇਖੇਂਗੇ ।" ਸਾਡੇ ਇੱਕ ਹਿੰਦੂ ਗੁਆਂਢੀ ਉਹਨਾਂ ਨਾਲ ਕੁਝ ਦੂਰ ਗਏ । ਉਸਦੇ ਹੱਥ ਮੈਂ ਅਪਣੇ ਲੜਕੇ ਲਈ ਓੜਣ ਵਾਸਤੇ ਇੱਕ ਖੇਸ ਵੀ ਭੇਜਿਆ । ਪਰ ਉਹ ਉਸਨੂੰ ਭੀੜ ਦੇ ਹੱਥੋਂ ਛੁਡਾ ਨਾ ਸਕੇ ਤੇ ਉਸਨੂੰ ਉਨ੍ਹਾਂ ਨੇ ਲਿਜਾਕੇ ਕੁੱਝ ਦੇਰ ਬਾਦ ਹੀ ਮਾਰ ਦਿੱਤਾ । ਇਹ ਅਸੀਂ ਬਾਦ ਵਿੱਚ ਲੋਕਾਂ ਕੋਲੋਂ ਸੁਣਿਆ । ਜਿਹੜੇ ਭੀੜ ਦੇ ਲੋਕ ਸਾਡੇ ਲੜਕੇ ਨੂੰ ਲੈ ਗਏ ਸੀ, ਉਨ੍ਹਾਂ ਮਾਰਣ ਵਾਲਿਆਂ ਦੇ ਨਾਲ ਮੁੱਨਾ (ਜਿਸਦੀ ਟੀ. ਵੀ. ਦੀ ਦੁਕਾਨ ਹੈ ਤੇ ਉਸਦੇ ਪਿਓ ਨੂੰ ਨਵਾਬ ਕਹਿੰਦੇ ਹਨ) ਤੇ ਪੱਪੀ (ਸ਼ਾਂਤੀ ਬਾਹਮਣੀ ਦਾ ਲੜਕਾ, ਗਲੀ ਨੰ : 21-22 ਦੇ ਵਿੱਚ ਰਹਿੰਦਾ ਹੈ) ਸ਼ਾਮਿਲ ਸੀ।

ਅਗਲੇ ਦਿਨ ਸ਼ਨੀਵਾਰ ਨੂੰ ਫਿਰ 30-40 ਆਦਮੀ ਗਲੀ ਵਿੱਚ ਆਏ ਤੇ ਕਹਿਣ ਲੱਗੇ, "ਕੋਈ ਸਰਦਾਰ ਹੋ ਤੋ ਨਿਕਾਲੋ ।" ਮੈਂ ਕਿਹਾ, "ਭਾਈ ਸਾਹਿਬ ਅੰਦਰ ਜਾਕਰ ਦੇਖ ਲੋ ।" ਇਸੀ ਭੀੜ ਵਿੱਚ ਇੱਕ ਨੌਜਵਾਨ ਨੇ ਮੇਰੇ ਲੜਕੇ ਦੇ ਕਪੜੇ ਪਾ ਰੱਖੇ ਸੀ । ਇਸ ਨੌਜਵਾਨ ਨੂੰ ਸਭ ਬੰਬਈ ਵਾਲਾ ਕਹਿੰਦੇ ਨੇ, ਉਹ ਵੀ ਲੁੱਟ-ਮਾਰ ਵਿੱਚ ਸ਼ਾਮਲ ਸੀ ਤੇ ਉਸੀ ਨੇ ਲੋਕਾਂ ਨੂੰ ਦਸਿਆ ਹੋਏਗਾ ਕਿ ਸਾਡੇ ਘਰ ਵਿੱਚ ਲੜਕਾ ਛੁਪਿਆ ਹੈ ।

3 ਤਾਰੀਖ ਸ਼ਨੀਵਾਰ ਦੀ ਸ਼ਾਮ ਨੂੰ ਮਿਲਟਰੀ ਸਾਨੂੰ ਸਦਰ ਬਾਜ਼ਾਰ ਦਿੱਲੀ ਕੈਂਟ ਦੇ ਗੁਰਦਵਾਰਾ ਕੈਂਪ ਵਿੱਚ ਲੈ ਆਈ ।

ਸ੍ਰੀ ਕੇਵਲ ਸਿੰਘ ਜੀ :- ਅਸੀਂ ਤਾਰੀਖ 1-11-84 ਨੂੰ ਰਾਤ ਫਰੰਟੀਯਰ ਰੇਲ ਗੱਡੀ ਤੋਂ ਲੁਧਿਆਣੇ ਤੋਂ ਬੰਬਈ ਵਾਸਤੇ ਰਵਾਨਾ ਹੋਏ । ਸਾਡੀ ਰੇਲਗੱਡੀ ਵਿੱਚ ਹਜ਼ਾਰਾਂ ਯਾਤਰੀ ਯਾਤਰਾ ਕਰ ਰਹੇ ਸੀ । ਉਨ੍ਹਾਂ ਵਿੱਚੋਂ ਤਿੰਨ ਅਸੀਂ ਸੀ । ਸਾਡੇ ਨਾਂ ਕੇਵਲ ਸਿੰਘ, ਗੁਰਦੇਵ ਸਿੰਘ ਹਨ । ਕੁੱਝ ਗੁੰਡਿਆਂ ਨੇ ਗੱਡੀ ਦੇ ਡੌਬਿਆਂ ਤੇ ਹਮਲਾ ਕਰ ਦਿੱਤਾ । ਅਸੀਂ ਇੱਕ ਰਿਜ਼ਰਵੇਸ਼ਨ ਡੱਬੇ ਦੇ ਅੰਦਰ ਸਫ਼ਰ ਕਰ ਰਹੇ ਸੀ । ਤੇ ਉਨ੍ਹਾਂ ਲੋਕਾਂ ਨੇ ਉਸ ਡੱਬੇ ਨੂੰ ਗੱਡੀ ਤੋਂ ਅਲੱਗ ਕਰ ਲਿਆ । ਫਿਰ ਉਨ੍ਹਾਂ ਨੇ ਕਿਹਾ ਕਿ "ਅਗਰ ਤੁਮ ਲੋਕ ਗਾੜੀ ਕੇ ਡਿੱਬੇ ਕੋ ਨਹੀਂ ਖੋਲੋਗੇ ਤੋ ਹਮ ਗਾੜੀ ਕੇ ਡਿੱਬੇ ਕੋ ਆਗ ਲਗਾ ਦੇਂਗੇ ।" ਪੂਰੇ ਡੱਬੇ ਵਿੱਚ ਕਾਫੀ ਸਰਦਾਰ ਲੋਕ ਸੀ ਤੇ ਕੁੱਝ ਹਿੰਦੂ ਸੀ । ਉਨ੍ਹਾਂ ਨੇ ਸਾਨੂੰ ਕਿਹਾ-"ਜੋ ਹਿੰਦੂ ਹੈਂ ਵੋ ਡਿੱਬੇ ਸੇ ਨੀਚੇ ਉਤਰ ਆਓ ।" ਸਾਡੇ ਸਿਰ ਤੇ ਵਾਲ ਪਹਿਲਾਂ ਤੋਂ ਨਹੀਂ ਸੀ । ਅਸੀਂ ਲੋਕ ਡਰ ਦੇ ਮਾਰੇ ਥੱਲੇ ਉਤਰ ਗਏ । ਦਿਨ ਦੇ 10-11 ਦਾ ਸਮਾਂ ਸੀ । ਸਾਡੇ ਲੋਕਾਂ ਦੇ ਸਾਹਮਣੇ ਹੀ ਸਰਦਾਰਾਂ ਦੇ ਕਪੜੇ ਫਾੜ ਦਿੱਤੇ । ਤੇ ਉਨ੍ਹਾਂ ਨੂੰ ਨੰਗਾ ਕਰਕੇ ਟੱਟੀ ਤੇ ਪੇਸ਼ਾਬ ਦੀ ਜਗ੍ਹਾ ਛੁੱਰੇ ਮਾਰ ਦਿੱਤੇ । ਮੂੰਹ ਤੇ ਇੰਦਰੀ ਕੱਟ ਦਿੱਤੀ ਤੇ ਦਾੜੀ ਦੇ ਵਾਲ ਤੇ ਸਿਰ ਦੇ ਵਾਲ ਵੀ ਕੱਟ ਦਿੱਤੇ । ਮਾਰ-ਮਾਰ ਕੇ ਜਮਨਾ ਵਿੱਚ ਲਾਸ਼ਾਂ ਸੁੱਟ ਦਿੱਤੀਆਂ । ਕੁਝ ਲਾਸ਼ਾਂ ਨੂੰ ਡੱਬੇ ਦੇ ਦਰਵਾਜ਼ੇ ਵਿੱਚ ਰੱਖ ਦਿੱਤਾ ਤੇ ਦਰਵਾਜ਼ੇ ਦੇ ਬਾਹਰ ਲਿੱਖ ਦਿੱਤਾ-'ਪੰਜਾਬ ਕਾ ਤੋਹਫ਼ਾ' ।

ਜਿਵੇਂ-ਜਿਵੇਂ ਗੱਡੀ ਸਟੇਸ਼ਨ ਵੱਲ ਆਂਦੀ ਗਈ, ਹਿੰਦੂ ਲੋਕਾਂ ਨੇ ਭੜਕਣਾ ਸ਼ੁਰੂ ਕਰ ਦਿੱਤਾ । ਸਾਡੇ ਦੇਖਦੇ ਹੀ ਹੋਰ ਦੋ-ਤਿੰਨ ਗੱਡੀਆਂ ਆਈਆਂ ਤੇ ਉਨਾਂ ਵਿੱਚ ਵੀ ਲਾਸ਼ਾਂ ਹੀ ਲਾਸ਼ਾਂ ਨਜ਼ਰ ਆਈਆਂ । ਅਸੀਂ ਲੋਕ ਡਰ ਕੇ ਸਟੇਸ਼ਨ ਦੇ ਵੇਟਿੰਗ ਰੂਮ ਵਿੱਚ ਹੀ ਆ ਗਏ । ਵੇਟਿੰਗ ਰੂਮ ਤੋਂ ਅਸੀਂ ਗੁਰਦਵਾਰਾ ਸਦਰ ਦਿੱਲੀ ਕੈਂਟ ਵਿੱਚ ਪਹੁੰਚੇ । ਜਿਸ ਦਿਨ ਅਸੀਂ ਇੱਥੇ ਆਏ ਉਸੀ ਰਾਤ ਦਿਨਾਂਕ 2-11-84 ਨੂੰ ਗੁੰਡਿਆਂ ਨੇ ਗੁਰਦਵਾਰੇ ਨੂੰ ਜਲਾਣ ਦੀ ਕੋਸ਼ਿਸ਼ਕੀਤੀ । ਗੁਰਦਵਾਰੇ ਦੀਆਂ ਕੁੱਝ ਦੁਕਾਨਾਂ ਨੂੰ ਅੱਗ ਲਗਾ ਕੇ ਲੱਖਾਂ ਰੁਪਏ

ਨਵੰਬਰ 1984 ਦੀਆਂ ਵਿਧਵਾਵਾਂ ਲੋਕ ਸਭਾ ਦੇ ਸਪੀਕਰ ਨੂੰ ਇਨਸਾਫ਼ ਲਈ ਮੇਮੋਰੇਂਡਮ ਦੇਣ ਜਾਂਦੀਆਂ ਹੋਈਆਂ।

ਦੀ ਸੰਪਤੀ ਨੂੰ ਨੁਕਸਾਨ ਪਹੁੰਚਾਇਆ । ਇਨ੍ਹਾਂ 5-6 ਦਿਨਾਂ ਵਿੱਚ ਅਸੀਂ ਇਸ ਇਲਾਕੇ ਦੇ ਆਸ-ਪਾਸ, ਜਿਵੇਂ ਪਾਲਮ ਕਾਲੋਨੀ, ਸਾਗਰਪੁਰ, ਸਾਧਨਗਰ, ਕੈਲਾਸ਼ਪੁਰੀ, ਉੱਤਮ ਨਗਰ, ਰਾਜਨਗਰ ਦੇ ਮਕਾਨਾਂ ਤੇ ਦੁਕਾਨਾਂ ਵਿੱਚ ਅੱਗ ਲਗਦੇ ਤੇ ਜਿੰਦਾ ਆਦਮੀਆਂ (ਸਰਦਾਰਾਂ) ਨੂੰ ਅੱਗ ਵਿੱਚ ਸੜਦੇ ਦੇਖਿਆ ।

ਮੈਂ ਗੁਰਚਰਨ **ਸਿੰਘ ਬੱਬਰ** ਸੜਕ ਦੇ ਕਿਨਾਰੇ ਤੋਂ ਲੰਘ ਰਿਹਾ ਸੀ ਕਿ ਮੈਂ ਦੇਖਿਆ ਇੱਕ ਬੁੱਢੀ ਔਰਤ ਜ਼ੋਰ-ਜ਼ੋਰ ਨਾਲ ਰੋ ਰਹੀ ਸੀ । ਮੈਂ ਇਹ ਦੇਖਕੇ ਉਸ ਔਰਤ ਦੇ ਨਜ਼ਦੀਕ ਜਾਕੇ ਰੁੱਕ ਗਿਆ ਤੇ ਮੈਨੂੰ ਦੇਖਦੇ ਹੀ ਉਹ ਔਰਤ ਕਹਿਣ ਲੱਗੀ ਕਿ ਪੁੱਤਰ, "ਵੇ ਮੇਰਾ ਕੋਈ ਨਹੀਂ ਬਚਿਆ, ਬੇਟਾ ਮੇਰਾ ਸਭ ਕੁਝ ਖਤਮ ਹੋ ਗਿਆ ਹੈ, ਵੇ ਮੇਰੇ ਲਾਲ, ਵੇ ਮੇਰੇ ਬੇਟਾ ਹੁਣ ਦੱਸ ਮੈਂ ਕੀ ਕਰਾਂ ਵੇ?" ਮੈਂ ਉਨ੍ਹਾਂ ਦੇ ਇੱਕ ਹੱਥ ਨੂੰ ਬੜੇ ਪਿਆਰ ਨਾਲ ਫੜਿਆ ਤੇ ਦੂਜੇ ਹੱਥ ਨਾਲ ਉਨ੍ਹਾਂ ਦੇ ਹੱਥ ਨੂੰ ਬੜੀ ਮਮਤਾ ਨਾਲ, ਬੜੇ ਪਿਆਰ ਨਾਲ ਦਿਲਾਸਾ ਦੇਂਦੇ ਹੋਏ ਥੱਪਥੱਪਾਣ ਲੱਗਾ, ਮੈਂ ਕਿਹਾ ਮਾਂਜੀ, ਵਾਹਿਗੁਰੂ ਤੇ ਭਰੋਸਾ ਕਰੋ, ਵਾਹਿਗੁਰੂ ਸਭ ਚੰਗਾ ਕਰਣਗੇ । ਮੇਰਾ ਅਜੇ ਇਤਨਾ ਕਹਿਣਾ ਹੀ ਸੀ ਕਿ ਉਹ ਬੁੱਢੀ ਔਰਤ ਹੋਰ ਜ਼ੋਰ-ਜ਼ੋਰ ਨਾਲ ਰੋਣ ਲੱਗੀ । ਫਿਰ ਮੈਂ ਉਸ ਔਰਤ ਤੋਂ ਪੁਛਿੱਆ ਕਿ ਮਾਂਜੀ ਤੁਹਾਡੇ ਨਾਲ ਕੀ ਹੋਇਆ ਸੀ । ਮੇਰੇ ਇਤਨਾ ਕਹਿੰਦੇ ਹੀ ਉਹ ਇੰਝ ਆਪਣੀ ਦਾਸਤਾਨ ਸੁਨਾਣ ਲੱਗੀ, ਜਿਵੇਂ ਕੋਈ ਪੁਲਿਸ ਵਾਲਾ ਰਿਪੋਰਟ ਲਿਖਣ ਆਇਆ ਹੋਵੇ । ਜਾਂ ਕੋਈ ਜੱਜ ਨਿਆਂ ਦੀ ਕੁਰਸੀ ਤੇ ਬੈਠਾ ਹੋਵੇ । ਉਸ ਔਰਤ ਨੇ ਮੈਨੂੰ ਦੱਸਿਆ ਕਿ ਪੁੱਤਰ ਮੈਂ ਇੱਕ ਤਾਰੀਖ ਨੂੰ ਸਵੇਰੇ ਆਪਣੇ ਬੱਚਿਆਂ ਲਈ ਚਾਹ ਬਣਾ ਰਹੀ ਸੀ ਕਿ ਅਚਾਨਕ ਬੜਾ ਸ਼ੋਰ ਆਣ ਲੱਗਾ । ਬੜੀਆਂ ਅਜੀਬ-ਅਜੀਬ ਤਰ੍ਹਾਂ ਦੀਆਂ ਆਵਾਜ਼ਾਂ ਆਣ ਲਗੀਆਂ । ਮੈਂ ਬਾਹਰ ਦੇਖਿਆ ਤੇ ਕੁਝ ਸਮਝ ਵਿੱਚ ਨਹੀਂ ਆ ਰਿਹਾ ਸੀ ਕਿ ਲੋਕ ਬਾਹਰ ਇੱਕਠੇ ਕਿਉਂ ਹੋ ਰਹੇ ਹਨ । ਪਹਿਲਾਂ ਤਾਂ ਮੈਂ ਉਨ੍ਹਾਂ ਨੂੰ ਪੁੱਛਣ ਜਾ ਰਹੀ ਸੀ, ਫਿਰ ਮੈਂ ਸੋਚਿਆ ਕਿ ਬੱਚਿਆਂ ਨੇ ਕੰਮ ਤੇ ਜਾਣਾ ਹੈ । ਸਰਦਾਰ ਜੀ ਨੇ ਵੀ ਅਜੇ ਤਿਆਰ ਹੋਣਾ ਹੈ । ਕਿੱਧਰੇ ਮੈਂ ਲੇਟ ਨਾ ਹੋ ਜਾਵਾਂ । ਇਹ ਰੌਲਾ-ਰੱਪਾ ਚਲਦਾ ਹੀ ਰਹਿੰਦਾ ਹੈ । ਅਜੇ ਮੈਂ ਪਤੀਲੇ ਚੋਂ ਚਾਹ ਨੂੰ ਕੇਤਲੀ ਵਿੱਚ ਪਾ ਹੀ ਰਹੀ ਸੀ । ਤਦੀ ਮੇਰੇ ਗੁਆਂਢੀ ਨੇ ਕਿਹਾ "ਬੀਬੀ ਕਹੀਂ ਛਿਪ ਜਾਓ, ਵਰਨਾ ਆਪ ਸਭਕੋ ਸੱਜਣ ਕੁਮਾਰ ਕੇ ਆਦਮੀ ਮਾਰ ਦੇਂਗੇ ।" ਮੈਂ ਆਪਣੇ ਗੁਆਂਢੀ ਨੂੰ ਪੁੱਛਿਆ, "ਕਿਉਂ ਭਾਈ ਹਮਨੇ ਕਿਆ ਕੀਆ ਹੈ ? ਔਰ ਹਮੇਂ ਕਿਉਂ ਕੋਈ ਮਾਰੇਗਾ ਔਰ ਵੈਸੇ ਭੀ ਹਮ ਤੋ ਕਾਂਗਰਸ ਵਾਲੇ ਹੈਂ ।" ਉਹ ਕਹਿਣ ਲੱਗਾ ਕਿ "ਬੀਬੀ ਮੈਨੇ ਆਪਕੋ ਬਤਾ ਦੀਆ ਹੈ, ਕਹੀਂ ਭਾਗ ਜਾਓ । ਅਜੇ ਉਹ ਮੇਰੇ ਨਾਲ ਗੱਲ ਕਰ ਹੀ ਰਿਹਾ ਸੀ ਤਾਂ ਮੇਰੇ ਬੱਚੇ ਤੇ ਸਰਦਾਰ ਜੀ ਵੀ ਅੰਦਰ ਕਮਰੇ ਚੋਂ ਉਠਕੇ ਬਾਹਰ ਵਾਲੇ ਬਰਾਮਦੇ ਵਿੱਚ ਆ ਗਏ । ਤੇ ਅਜੇ ਅਸੀਂ ਇੱਕ-ਦੂਜੇ ਵੱਲ ਦੇਖ ਹੀ ਰਹੇ ਸੀ ਕਿ ਅਚਾਨਕ ਬਹੁਤ ਸਾਰੇ ਲੋਕਾਂ ਦੀ ਭੀੜ ਸਾਡੇ ਘਰ ਦੇ ਬਾਹਰ ਨਾਰੇ ਲਗਾਣ ਲੱਗੀ । "ਸਜਣ ਕੁਮਾਰ ਜਿੰਦਾਬਾਦ, ਇੰਦਰਾ ਗਾਂਧੀ ਅਮਰ ਰਹੇ । ਸੱਜਣ ਕੁਮਾਰ ਜਿੰਦਾਬਾਦ, ਇੰਦਰਾ ਗਾਂਧੀ ਅਮਰ ਰਹੇ । ਖੂਨ ਕਾ ਬਦਲਾ ਖੂਨ, ਗਦਾਰੋਂ ਕੋ ਬਾਹਰ ਨਿਕਾਲੋ ।" ਇਤਨਾ ਕਹਿੰਦੇ ਹੀ ਉਹ ਲੋਕ ਮੇਰੇ ਸਾਹਮਣੇ ਮੇਰੇ ਚਾਰੋਂ ਮੁੰਡਿਆਂ ਤੇ ਮੇਰੇ ਪਤੀ ਨੂੰ ਬਾਹਰ ਖਿੱਚ ਕੇ ਲੈ ਗਏ ਤੇ ਉਸੀ ਵਕਤ ਹੀ ਮੈਨੂੰ ਤੇ ਮੇਰੀ ਦੋਨੋਂ ਜਵਾਨ ਲੜਕੀਆਂ ਨੂੰ ਵੀ ਬਾਹਰ ਵੱਡੇ ਪਾਰਕ ਵਿੱਚ ਲੈ ਗਏ । ਉਨ੍ਹਾਂ ਨੇ ਮੇਰੇ ਤੇ ਮੇਰੀ ਦੋਨੋਂ ਲੜਕੀਆਂ ਦੇ ਕਪੜੇ ਫਾੜ ਦਿੱਤੇ ਤੇ ਸਾਨੂੰ ਤਿੰਨਾਂ ਨੂੰ ਨੰਗਾ ਕਰ ਦਿੱਤਾ । ਫਿਰ ਭੀੜ ਵਿਚੋਂ ਆਵਾਜਾਂ ਲਗਾ-ਲਗਾ ਕੇ ਤੇ ਲੋਕਾਂ ਨੂੰ ਬੁਲਾ-ਬੁਲਾ ਕੇ ਸਾਡੀ ਇਜ਼ੱਤ ਲੁਟਦੇ ਰਹੇ । ਇਕ ਪਾਸੇ ਮੇਰੀ ਤੇ ਮੇਰੀ ਲੜਕੀਆਂ ਦੀ ਇਜ਼ੱਤ ਲੁੱਟੀ ਜਾ ਰਹੀ ਸੀ ਤੇ ਦੂਜੇ ਪਾਸੇ ਮੇਰੇ ਪਤੀ ਤੇ ਮੇਰੇ ਚਾਰੋਂ ਮੁੰਡਿਆਂ ਨੂੰ ਜਿੰਦਾ ਪੈਟਰੋਲ ਪਾ ਕੇ ਜਲਾਇਆ ਜਾ ਰਿਹਾ ਸੀ । ਇਸ ਹਾਦਸੇ ਨੂੰ ਦੇਖਕੇ ਮੇਰੀ ਛੋਟੀ ਬੇਟੀ ਪਾਗਲ ਹੋ ਗਈ ਹੈ । ਹੁਣ ਦੱਸ ਮੇਰੇ ਬੇਟੇ ਮੈਂ ਕੀ ਕਰਾਂ, ਕਿੱਥੇ ਜਾਵਾਂ । ਇਤਨਾ ਕਹਿ ਕੇ ਉਹ ਫਿਰ ਜ਼ੋਰ-ਜ਼ੋਰ ਨਾਲ ਰੋਣ ਲੱਗੀ ਤੇ ਆਪਣੇ ਵਾਲ ਨੋਚਣ ਲੱਗੀ । ਮੈਂ ਉਸ ਬੁੱਢੀ ਔਰਤ ਦੇ ਦੋਨੋਂ ਹੱਥ ਬੜੇ ਪਿਆਰ ਨਾਲ ਫੜੇ ਤੇ ਕਿਹਾ ਕਿ ਮਾਤਾ ਜੀ ਮੈਂ ਵੀ ਤੁਹਾਡਾ ਪੁੱਤਰ ਹਾਂ । ਤੁਸੀਂ ਹਿੰਮਤ ਕਰੋ ਕਿਉਂਕਿ

जनसत्ता

मुंह पर पट्टी और हाथ पीछे बांधे वे संसद तक जाएंगे

जनसत्ता संवाददाता

नई दिल्ली, १८ जनवरी। संसदभवन की करीब ५१ सिख नौजवान काली पोशाक पहनकर मुंह पर पट्टी और हाथ पीछे बांधे शहीद ज्योति से संसद की ओर बढ़ने की कोशिश करेंगे। ये लोग सिखों की सुरक्षा का आश्वासन चाहते हैं।

अखिल भारतीय सिख कांग्रेस के संयोजक गुरनामसिंह बब्बर ने यह घोषणा की। उन्होंने प्रकट्ते कहा कि यह शांतिपूर्ण कार्यक्रम है। काली पोशाक, मुंह पर पट्टी और हाथ बांधकर ये नौजवान संसद से अपनी मांगों का इजहार करना चाहते हैं। कांग्रेस ने लोकसभाध्यक्ष को इस बारे ज्ञापन देने का फैसला किया है। आशंका है कि इन्हें इंडिया गेट की ओर आने से पहले ही पुलिस हिरासत में ले लेगी।

संयोजक के मुताबिक पचास हजार सिखों के हस्ताक्षर से ज्ञापन दिया जाएगा। इसमें मांग की जाएगी कि देश भर में हुए दंगों और हत्याओं की न्यायिक जांच हो। इसे ज्ञापन की मुख्य मांग बनाया गया है।

ਤੁਹਾਡੇ ਤੇ ਤੁਹਾਡੀਆਂ ਦੋਨੋਂ ਜਵਾਨ ਲੜਕੀਆਂ ਦੀ ਜਿੰਮੇਵਾਰੀ ਹੈ । ਅਗਰ ਤੁਸੀਂ ਹਿੰਮਤ ਛੱਡ ਦਿਉਗੇ ਤਾਂ ਤੁਹਾਡੀਆਂ ਲੜਕੀਆਂ ਦੀ ਦੇਖ-ਭਾਲ ਕੌਣ ਕਰੇਗਾ । ਮੈਂ ਕਿਹਾ ਕਿ ਮਾਤਾ ਜੀ ਜਿਨ੍ਹਾਂ ਲੋਕਾਂ ਨੇ ਇਹ ਜ਼ੁਲਮ ਕੀਤਾ ਹੈ, ਉਨ੍ਹਾਂ ਲੋਕਾਂ ਨੂੰ ਸਜ਼ਾ ਮਿਲੇਗੀ ਤੇ ਉਨਾਂ ਲੋਕਾਂ ਨੂੰ ਫ਼ਾਂਸੀ ਲਗੇਗੀ । ਮੇਰੇ ਇਤਨਾ ਕਹਿੰਦੇ ਹੀ ਉਹ ਹੌਲੀ-ਹੌਲੀ ਆਪਣੇ ਅੱਥਰੂ ਪੂੰਝਣ ਲੱਗੀ ਤੇ ਫਿਰ ਪ੍ਰਸ਼ਨ ਪੁੱਛਣ ਦੇ ਅੰਦਾਜ਼ ਵਿੱਚ ਉਸਨੇ ਮੈਨੂੰ ਪੁਛਿੱਆ ਪੁੱਤਰ ਜਿੰਨਾਂ ਨੇ ਮੇਰੇ ਨਾਲ ਇਹ ਜ਼ੁਲਮ ਕੀਤਾ ਹੈ, ਕੀ ਉਨਾਂ ਨੂੰ ਸਜ਼ਾ ਮਿਲੇਗੀ? ਮੈਂ ਕਿਹਾ ਕਿ ਮਾਤਾ ਜੀ ਉਨ੍ਹਾਂ ਨੂੰ ਜ਼ਰੂਰ ਸਜ਼ਾ ਮਿਲੇਗੀ । ਪਰ ਅੰਦਰ ਹੀ ਅੰਦਰ ਮੈਂ ਆਪਣੇ ਆਪ ਨੂੰ ਪੁੱਛ ਰਿਹਾ ਸੀ ਕਿ ਕੌਣ ਕਿਸਨੂੰ ਸਜ਼ਾ ਦਏਗਾ?

ਸ਼੍ਰੀ ਜੀਤ ਸਿੰਘ :-ਇੱਕ ਤਾਰੀਖ ਨੂੰ ਸਵੇਰੇ-ਸਵੇਰੇ ਮੈਂ ਆਪਣੇ ਘਰੋਂ ਕਿਸੀ ਖ਼ਾਸ ਕੰਮ ਲਈ ਫ਼ਰੀਦਾਬਾਦ ਜਾਣ ਲਈ ਚਲਿਆ । ਜਿਵੇਂ ਹੀ ਮੈਂ ਪੈਦਲ ਹੌਲੀ-ਹੌਲੀ ਪਟੇਲ ਨਗਰ ਬੱਸ ਸਟੈਂਡ ਦੇ ਕੋਲ ਪਹੁੰਚਿਆ । ਤਾਂ ਮੈਨੂੰ ਇੰਝ ਮਹਿਸੂਸ ਹੋਇਆ ਕਿ ਲੋਕ ਮੇਰੀ ਤਰਫ਼ ਕੁਝ ਜਿਆਦਾ ਘੂਰ-ਘੂਰ ਕੇ ਦੇਖ ਰਹੇ ਸੀ । ਮੈਂ ਸੋਚਿਆ ਸ਼ਾਇਦ ਮੈਂ ਗਲਤ ਸੋਚ ਰਿਹਾ ਹਾਂ । ਇਹ ਇੱਕ ਇਤਫ਼ਾਕ ਹੋ ਸਕਦਾ ਹੈ ।

ਪ੍ਰੰਤੂ ਇੰਝ ਹੀ ਮੈਂ ਜਿਸ ਲੋਕਲ ਬਸ ਵਿੱਚ ਸਫ਼ਰ ਕਰ ਰਿਹਾ ਸੀ, ਉਸ ਵਿੱਚ ਵੀ ਮਹਿਸੂਸ ਕੀਤਾ । ਲੇਕਿਨ ਮੈਂ ਇਸਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ । ਦੇਖਦੇ ਹੀ ਦੇਖਦੇ (ਇੰਟਰਸਟੇਟ) ਮੇਨ ਬੱਸ ਅੱਡੇ ਤੇ ਪਹੁੰਚ ਗਿਆ । ਉਥੋਂ ਮੈਂ ਫ਼ਰੀਦਾਬਾਦ ਲਈ ਬੱਸ ਫੜੀ ਤੇ ਮੈਂ ਫ਼ਰੀਦਾਬਾਦ ਲਈ ਰਵਾਨਾ ਹੋ ਗਿਆ । ਰਸਤੇ ਵਿੱਚ ਇੱਕ ਅਜੀਬ ਤਰ੍ਹਾਂ ਦਾ ਵਰਤਾਓ ਲੋਕਾਂ ਦਾ ਮੈਂ ਦੇਖ ਰਿਹਾ ਸੀ । ਚਾਰੇ ਪਾਸੇ ਖਾਮੋਸ਼ੀ ਸੀ । ਜਿਵੇਂ ਹੀ ਬੱਸ ਫ਼ਰੀਦਾਬਾਦ ਪਹੁੰਚੀ ਤੇ ਮੈਂ ਜਿਸ ਸੱਜਣ ਨੂੰ ਮਿਲਣ ਗਿਆ ਸੀ, ਉਹ ਮੈਨੂੰ ਦੇਖਕੇ ਬਹੁਤ ਹੈਰਾਨ ਹੋਣ ਤੇ ਕਹਿਣ ਲਗੇ ਕਿ ਜੀਤ ਸਿੰਘ ਤੂੰ ਅੱਜ ਇੱਥੇ ਕਿਵੇਂ ਪਹੁੰਚ ਗਿਆ?

ਮੈਂ ਕਿਹਾ ਕਿ ਕਿਉਂ ਕੀ ਹੋਇਆ । ਉਹ ਮੇਰਾ ਦੋਸਤ ਮੈਨੂੰ ਕਹਿਣ ਲੱਗਾ ਕਿ ਦੋਸਤ ਜੀਤ ਸਿੰਘ ਹਾਲਾਤ ਬਹੁਤ ਖ਼ਰਾਬ ਹਨ । ਇੰਦਰਾ ਗਾਂਧੀ ਦੀ ਹੱਤਿਆ ਹੋ ਗਈ ਹੈ । ਅੱਜ ਤੈਨੂੰ ਇੱਥੇ ਨਹੀਂ ਆਣਾ ਚਾਹੀਦਾ ਸੀ । ਮੈਂ ਤਾਂ ਬਹੁਤ ਹੈਰਾਨ ਹਾਂ ਕਿ ਤੂੰ ਇੱਥੇ ਕਿਵੇਂ ਪਹੁੰਚ ਗਿਆ ? ਮੈਂ ਕਿਹਾ ਕਿ ਕਿਉਂ ਭਾਈ ਸਾਰੇ ਲੋਕ ਆ-ਜਾ ਰਹੇ ਹਨ । ਤਾਂ ਫਿਰ ਕੀ ਹੋ ਗਿਆ । ਮੇਰਾ ਦੋਸਤ ਮੈਨੂੰ ਕਹਿਣ ਲਗਾ "ਜੀਤ ਸਿੰਘ ਤੂੰ ਨਹੀਂ ਸਮਝ ਰਿਹਾ । ਇੰਝ ਕਰ ਅੱਜ ਤੂੰ ਵਾਪਸ ਘਰ ਨਾ ਜਾ ।" ਮੈਂ ਕਿਹਾ, "ਕਿਉਂ ਭਾਈ? ਮੇਰੇ ਬੱਚੇ ਘਰ ਇੱਕਲੇ ਹਨ । ਅਗਰ ਮੈਂ ਨਹੀਂ ਜਾਵਾਂਗਾ ਤਾਂ ਉਹ ਬਹੁਤ ਪ੍ਰੇਸ਼ਾਨ ਹੋ ਜਾਣਗੇ । ਮੇਰੀ ਬਹੁਤ ਚਿੰਤਾ ਕਰਣਗੇ ਤੇ ਮੇਰੇ ਘਰ ਵਿੱਚ ਮੇਰੀ ਪਤਨੀ ਤੇ ਮੇਰੀ ਦੋ ਲੜਕੀਆਂ ਤੇ ਦੋ ਬੇਟੇ ਹਨ । ਸਭ ਛੋਟੇ-ਛੋਟੇ ਹਨ । ਇਸ ਲਈ ਮੈਨੂੰ ਤੇ ਘਰ ਜਾਣਾ ਹੀ ਹੋਏਗਾ ।"

ਮੇਰੇ ਘਰ ਜਾਣ ਵਿੱਚ ਮੈਨੂੰ ਕੀ ਪ੍ਰੇਸ਼ਾਨੀ ਹੈ । ਆਖਿਰ ਮੈਂ ਇੱਥੇ ਆਇਆ ਵੀ ਤਾਂ ਹਾਂ । ਮੈਂ ਬਹੁਤ ਜਿੱਦ ਕੀਤੀ ਤੇ ਮੈਂ ਆਪਣੇ ਘਰ ਵਾਪਸ ਚਲ ਪਿਆ । ਜਦ ਮੈਂ ਫ਼ਰੀਦਾਬਾਦ ਸਟੇਸ਼ਨ ਪਹੁੰਚਿਆ ਤਾਂ ਦਿੱਲੀ ਜਾਣ ਲਈ ਇੱਕ ਟ੍ਰੇਨ ਆ ਰਹੀ ਸੀ । ਮੈਂ ਉਸ ਟ੍ਰੇਨ ਵਿੱਚ ਚੜ੍ਹਨ ਲਈ ਬਹੁਤ ਕੋਸ਼ਿਸ਼ ਕੀਤੀ ਪਰ ਮੈਨੂੰ ਕੋਈ ਜਗ੍ਹਾ ਨਹੀਂ ਮਿਲੀ । ਹਾਰ ਕੇ ਮੈਂ ਇੱਕ ਡੱਬੇ ਵਿੱਚ ਲਟਕ ਗਿਆ । ਉਹ ਡੱਬਾ ਫੌਜੀਆਂ ਦਾ ਸੀ । ਤੇ ਉਸ ਡੱਬੇ ਵਿੱਚ ਲਗਭਗ 90 ਸਿੱਖ ਫੌਜੀ ਸਿਵਲ ਕਪੜਿਆਂ ਵਿੱਚ ਸਫ਼ਰ ਕਰ ਰਹੇ ਸੀ । ਮੈਨੂੰ ਬਾਹਰ ਲਟਕਿਆ ਦੇਖਕੇ ਇੱਕ ਸਿੱਖ ਫੌਜੀ ਨੇ ਆਪਣੇ ਡੱਬੇ ਦਾ ਦਰਵਾਜਾ ਖੋਲਿਆ ਤੇ ਮੈਨੂੰ ਅੰਦਰ ਆਣ ਲਈ ਕਿਹਾ । ਮੈਂ ਅੰਦਰ ਡੱਬੇ ਵਿੱਚ ਆਕੇ ਇੱਕ ਜਗ੍ਹਾ ਬੈਠ ਗਿਆ । ਦੇਖਦੇ ਹੀ ਦੇਖਦੇ ਤੁਗਲਕਾਬਾਦ ਰੇਲਵੇ ਸਟੇਸ਼ਨ ਆ ਗਿਆ । ਤੇ ਉੱਥੇ ਹਜਾਰਾਂ ਲੋਕ ਜਮ੍ਹਾਂ ਸੀ । ਉਨ੍ਹਾਂ ਦੇ ਹੱਥਾਂ ਵਿੱਚ ਲਾਠੀਆਂ, ਸਰੀਏ, ਪੈਟਰੋਲ, ਮਿੱਟੀ ਦਾ ਤੇਲ, ਚਾਕੂ, ਛੁਰੇ

THE HINDU

THE HINDU, Saturday, August 13, 1988.

Demonstration by widows of 1984 riots

From Our Staff Reporter

NEW DELHI, Aug 12.

Widows of the November 1984 anti-Sikh carnage today staged a march from the Amar Jawan Jyoti to Boat Club to register their protest against the "denial of justice for four long years." The demonstration was organised by the All-India Sikh Conference.

In a memorandum addressed to Members of Parliament, the AISC alleged that "no serious investigation has been held or prosecution launched against those involved in causing the death of over 3,500 people."

It went on to say that "the Administration is denying us justice in the murder cases and colluding with assassins, killers and criminals in supporting them in seeking ex-parte adjournments with the result that prosecution in a vast majority of cases is held up."

According to the memorandum, "the Administration had done nothing to get the stay obtained (from the Delhi High Court) by vested interests against the expert Jain-Banerji Committee to monitor November 1984 cases vacated."

The AISC said that the stay, which has been in operation for about nine months, was given in spite of the standing directive of the Supreme Court in an earlier case that: "The police have the statutory right to investigate into the circumstances of any alleged cognizable offence without authority from a Magistrate and this statutory power of the police to investigate cannot be interfered with the exercise of power under Section 439 or under the inherent power of the court under Section 561-A of the Criminal Procedure Code."

According to the AISC memorandum, they were "not casting any aspersion on the High Court Judges for the stay but it is for the judiciary to dispel the oft-repeated charge of growing subservience to serve the vested interests of the powers-that-be by acting with great care and restraint in the sensitive cases of the nature of November '84 killings."

The lapse of the Administration, according to the AISC, "is that it has not preferred an appeal to get the order rescinded." (The stay was granted against the power of the Jain-Banerji panel to order registration of fresh cases against those involved in the riots following a petition filed by Brahmanand Gupta before the Delhi High Court).

Another demand made by the widows was an increase in their pension from the present Rs 400 a month to Rs 1,000.

ਆਦਿ ਸੀ । ਉਹ ਨਾਰੇ ਲਗਾ ਰਹੇ ਸੀ "ਇੰਦਰਾ ਗਾਂਧੀ ਅਮਰ ਰਹੇ, ਇੰਦਰਾ ਗਾਂਧੀ ਜਿੰਦਾਬਾਦ, ਸਿੱਖ ਮੁਰਦਾਬਾਦ ।

" ਦੇਖਦੇ ਹੀ ਦੇਖਦੇ ਲੋਕਾਂ ਦੀ ਭੀੜ ਡੱਬੇ ਤੇ ਟੁੱਟ ਪਈ ਤੇ ਹਰ ਡੱਬੇ ਵਿੱਚੋਂ ਸਿੱਖਾਂ ਨੂੰ ਖਿੱਚ-ਖਿੱਚ ਕੇ ਬਾਹਰ ਕੱਢ ਰਹੇ ਸੀ । ਤੇ ਉਸੀ ਜਗ੍ਹਾ ਤੇ ਲਾਠੀਆਂ ਤੇ ਸਰੀਆਂ ਨਾਲ ਮਾਰ-ਮਾਰ ਕੇ ਸਿੱਖਾਂ ਦਾ ਕਤਲ ਕਰ ਰਹੇ ਸੀ । ਕਈ ਸਿੱਖਾਂ ਨੂੰ ਮਾਰ ਕੇ ਤੇ ਫਿਰ ਪੈਟਰੋਲ ਪਾ ਕੇ ਜਲਾ ਰਹੇ ਸੀ । ਕਈ ਸਿੱਖਾਂ ਨੂੰ ਛੁਰਿਆਂ ਤੇ ਚਾਕੂਆਂ ਨਾਲ ਗੋਦ ਰਹੇ ਸੀ ਤੇ ਮੈਂ ਇਹ ਸਭ ਕੁੱਝ ਟ੍ਰੇਨ ਦੇ ਅੰਦਰ ਟੱਟੀਆਂ ਵਿੱਚ ਛੁੱਪ ਕੇ ਦੇਖ ਰਿਹਾ ਸੀ । ਇਤਨੇ ਵਿੱਚ ਗੱਡੀ ਚੱਲ ਪਈ ਤੇ ਮੈਂ ਇੱਕ ਲੰਬਾ ਸਾਹ ਲਿਆ । ਇਤਨੇ ਵਿੱਚ ਇੱਕ ਸਿੱਖ ਫੌਜੀ ਜੋ ਮਿਲਟਰੀ ਵਿੱਚ ਕੈਪਟਨ ਸੀ । ਉਹ ਵੀ (ਟਾਇਲਟ) ਵਿੱਚ ਆ ਗਿਆ । ਹੁਣ ਅਸੀਂ ਦੋ ਸਿੱਖ ਇੱਕਠੇ ਟਾਇਲਟ ਵਿੱਚ ਖੜੇ ਹੋ ਗਏ । ਮੌਤ ਸਾਡੇ ਸਾਮਣੇ ਖੜੀ ਸੀ ।

ਮੇਰਾ ਸ਼ਰੀਰ ਕੰਬ ਰਿਹਾ ਸੀ । ਮੈਨੂੰ ਆਪਣੇ ਬੱਚਿਆਂ ਦੀ ਵੀ ਚਿੰਤਾ ਸਤਾ ਰਹੀ ਸੀ । ਤੇ ਮੈਂ ਇਹ ਵੀ ਨਹੀਂ ਸਮਝ ਪਾ ਰਿਹਾ ਸੀ ਕਿ ਲੋਕ ਸਿੱਖਾਂ ਨੂੰ ਕਿਉਂ ਮਾਰ ਰਹੇ ਹਨ? ਲੋਕ ਮੈਨੂੰ ਕਿਉਂ ਮਾਰ ਰਹੇ ਹਨ? ਮੈਂ ਕੀ ਕੀਤਾ ਹੈ? ਬੇਕਸੂਰ ਸਿੱਖ ਫੌਜੀਆਂ ਦੀ ਕਿਉਂ ਹੱਤਿਆ ਕਰ ਦਿੱਤੀ ?

ਇਤਨੇ ਵਿੱਚ ਗੱਡੀ ਫਿਰ ਰੁੱਕ ਜਾਂਦੀ ਹੈ । ਅਸੀਂ ਟ੍ਰੇਨ ਦੇ ਸ਼ੀਸ਼ੇ ਚੋਂ ਦੇਖਦੇ ਹਾਂ ਕਿ ਟ੍ਰੇਨ ਲੋਕਾਂ ਦੀ ਭਾਰੀ ਭੀੜ ਦੇ ਕਾਰਨ ਰੁੱਕ ਗਈ ਹੈ । ਲੋਕਾਂ ਨੇ ਗੱਡੀ ਨੂੰ ਰੋਕ ਲਿਆ ਹੈ । ਲੋਕ ਇੱਕ-ਇੱਕ ਡੱਬੇ ਵਿੱਚ ਜਾ ਕੇ ਸਿੱਖਾਂ ਨੂੰ ਲਭ ਰਹੇ ਹਨ । ਜਦੋਂ ਕੋਈ ਸਿੱਖ ਲੋਕਾਂ ਨੂੰ ਨਹੀਂ ਮਿਲਿਆ ਤਾਂ ਕਿਸੀ ਇੱਕ ਆਦਮੀ ਨੇ ਭੀੜ ਵਿੱਚ ਆਵਾਜ਼ ਲਗਾਈ ਕਿ "ਡੱਬਿਆਂ ਵਿੱਚ (ਟਾਇਲਟ) ਵੀ ਚੈਕ ਕਰੋ, ਕਹੀਂ ਸਿੱਖ ਟਾਇਲਟ ਮੇਂ ਨਾ ਛੁੱਪੇ ਬੈਠੇ ਹੋਂ ।" ਇਤਨਾ ਸੁਣਦੇ ਹੀ ਸਾਡੇ ਪਸੀਨੇ ਛੁੱਟ ਗਏ । ਅਸੀਂ ਸੋਚਿਆ ਹੁਣ ਅਸੀਂ ਨਹੀਂ ਬੱਚ ਸਕਦੇ ਤੇ ਨਿਸ਼ਚਿਤ ਹੀ ਹੁਣ ਸਾਡਾ ਅੰਤ ਹੋਏਗਾ । ਇਤਨਾ ਅਸੀਂ ਅਜੇ ਸੋਚ ਹੀ ਰਹੇ ਸੀ ਕਿ ਭੀੜ ਨੇ ਸਾਡਾ ਦਰਵਾਜਾ ਖੜਕਾਇਆ ਤੇ ਅਸੀਂ ਆਪਣੇ ਦਰਵਾਜ਼ੇ ਨੂੰ ਚਟਕਨੀ ਲਾਕੇ ਬੰਦ ਕਰ ਰੱਖਿਆ ਸੀ ਪਰ ਲੋਕ ਬਹੁਤ ਸੀ । ਲੋਕਾਂ ਨੇ ਦਰਵਾਜੇ ਨੂੰ ਤੋੜਨਾ ਸ਼ੁਰੂ ਕਰ ਦਿੱਤਾ ਤੇ ਦੇਖਦੇ ਹੀ ਦੇਖਦੇ ਦਰਵਾਜਾ ਟੁੱਟ ਗਿਆ ਤੇ ਲੋਕਾਂ ਨੇ ਸਾਨੂੰ ਪਕੜ ਲਿਆ ਤੇ ਸਾਨੂੰ ਬੁਰੀ ਤਰ੍ਹਾਂ ਮਾਰਨਾ ਸ਼ੁਰੂ ਕਰ ਦਿੱਤਾ ਤੇ ਉਥੋਂ ਹੀ ਸਾਨੂੰ ਦੋਨਾਂ ਨੂੰ ਘਸੀਟ ਕੇ ਟ੍ਰੇਨ ਵਿਚੋਂ ਬਾਹਰ ਕੱਢਿਆ ਤੇ ਲੋਕਾਂ ਨੇ ਪਹਿਲੇ ਸਾਡੇ ਪੈਸੇ ਖੋਹੇ ਤੇ ਕਪੜੇ ਖੋਹੇ ਫਿਰ ਮੇਰੇ ਤੋਂ ਪਹਿਲਾਂ ਕੈਪਟਨ ਦੀ ਸਰੀਏ ਮਾਰ-ਮਾਰ ਕੇ ਹੱਤਿਆ ਕਰ ਦਿੱਤੀ । ਉਹ ਲੋਕਾਂ ਦੇ ਅੱਗੇ ਅਪਣੇ ਹੱਥ ਜੋੜਕੇ ਆਪਣੀ ਜਾਨ ਦੀ ਭੀਖ ਮੰਗਦਾ ਰਿਹਾ ਤੇ ਉਨ੍ਹਾਂ ਨੂੰ ਬੇਨਤੀ ਕਰਦਾ ਰਿਹਾ ਕਿ "ਆਪ ਮੇਰੇ ਭਾਈ ਹੋ ਮੁਝੇ ਕਿਉਂ ਮਾਰ ਰਹੇ ਹੋ? ਮੈਂ ਤੋ ਫੌਜੀ ਹੂੰ । ਮੈਂ ਤੋ ਦੇਸ਼ ਕੀ ਸੇਵਾ ਕੇ ਲੀਏ ਏਕ ਸਾਲ ਸੇ ਸੀਮਾ ਪਰ ਥਾ । ਮੈਂ ਤੋ ਛੁੱਟੀ ਪਰ ਆਇਆ ਹੂੰ । ਘਰ ਪਰ ਮੇਰੇ ਬੱਚੇ ਮੇਰੀ ਰਾਹ ਦੇਖ ਰਹੇ ਹੋਂਗੇ ।" ਪ੍ਰੰਤੂ ਕਿਸੀ ਨੇ ਉਸਦੀ ਫ਼ਰਿਆਦ ਨਹੀਂ ਸੁਣੀ ਤੇ ਉਸਨੂੰ ਉਸੀ ਜਗ੍ਹਾ ਮਾਰ ਦਿੱਤਾ । ਤੇ ਹੁਣ ਮੇਰੀ ਵਾਰੀ ਸੀ । ਮੈਂ ਪੈਸੇ, ਘੜੀ, ਪਗੜੀ, ਕਪੜੇ ਸਭ ਕੁੱਝ ਦੇ ਦਿੱਤਾ । ਦੇਖਦੇ ਹੀ ਦੇਖਦੇ ਮੇਰੇ ਤੇ ਲਾਠੀਆਂ ਵਰਸਣੀਆਂ ਸ਼ੁਰੂ ਹੋ ਗਈਆਂ ਤੇ ਮੈਂ ਡਿੱਗ ਪਿਆ । ਕਿਸੀ ਨੇ ਮੈਨੂੰ ਨਾਲ ਦੇ ਲੰਘਦੇ ਗੰਦੇ ਨਾਲੇ ਵਿੱਚ ਧੱਕਾ ਦੇ ਦਿੱਤਾ ਤੇ ਮੈਂ ਨਾਲੇ ਵਿੱਚ ਜਾ ਡਿੱਗਿਆ । ਮੈਂ ਪੂਰੀ ਤਰ੍ਹਾਂ ਗਿੱਲਾ ਹੋ ਚੁੱਕਿਆ ਸੀ, ਪਰ ਮੇਰੇ ਵਿੱਚ ਥੋੜੀ ਜਿਹੀ ਚੇਤਨਾ ਸੀ । ਭੀੜ ਵਿੱਚੋਂ ਫਿਰ ਕਿਸੇ ਨੇ ਮੇਰੇ ਉੱਤੇ ਤੇਲ ਪਾ ਕੇ ਅੱਗ ਲਾਣ ਦੀ ਕੋਸ਼ਿਸ਼ ਕੀਤੀ, ਲੇਕਿਨ ਗਿੱਲਾ ਹੋਣ ਕਰਕੇ ਅੱਗ ਨਾ ਲੱਗ ਸਕੀ । ਤੇ ਤਦੇ ਦੂਜੀ ਗੱਡੀ ਆ ਗਈ। ਤੇ ਭੀੜ ਮੈਨੂੰ ਮਰਿਆ ਸਮਝ ਕੇ ਅੱਗੇ ਵੱਧ ਗਈ ।

ਥੋੜੀ ਦੇਰ ਤੱਕ ਮੈਂ ਉੱਥੇ ਹੀ ਗੰਦੇ ਨਾਲੇ ਵਿੱਚ ਪਿਆ ਰਿਹਾ । ਉਦੋਂ ਤੱਕ ਕੁੱਝ ਅੰਧੇਰਾ ਹੋ ਗਿਆ ਸੀ

Tension runs high in Tilak Vihar

Express News Service

NEW DELHI, June 29

Tension continued to run high in Tilak Vihar on Wednesday. The relatives of Ranjit Singh, the 25-year-old hospital chaprasi who was stabbed to death in Tuesday night's group clashes, have refused to take charge of his body from the police till the Lt. Governor visits them, promises his wife a job and grants them a compensation of Rs 1 lakh.

The scene of Tuesday's action, block-B and street No. 13, a playground in between the colony and Harijan basti and the local gardwara, are littered with the broken bricks that mobs freely used.

There was a heavy deployment of the Delhi Police, the Delhi Armed Police and the CRPF in both Tilak Vihar and Harijan basti. Apart from the damage to houses and property in Tilak Vihar, mobs tried to set fire to two houses in Harijan basti and looted a television set and other valuables when those living in the houses fled.

Residents of Tilak Vihar allege that the police have not taken any action yet on the names of eight suspects who began the violence, which they submitted. According to the police, the names were given only in the morning, by which time all eight had disappeared.

Though cases of rioting have been registered by the police from both sides, there have been no arrests. Several people have, however, been detained for questioning.

While the police maintain that the incident was sparked off by a minor accident between two Sikh youths on a scooter and a sweeper and her son on a cycle, residents of Tilak Vihar which houses the largest number of 1984 riot victims, alleged that the entire clash had been "carefully pre-planned."

The lights in Tilak Vihar were off ten minutes after news of the clash spread, at 8.30 pm. According to the police, residents of Harijan basti armed with lathis and with their faces covered and residents of Tilak Vihar armed with swords and kirpans converged near Valmiki Mandir. After that, the whole thing got out of hand. Some residents even alleged that shots were fired.

Paman Singh, a worker in the Campa Cola factory, was returning home from work just then. As he was walking along the dark streets of the colony, around 25 men surrounded him. "I could not see anyone's face, there were no lights. They stabbed me in the legs," he said, lying in his home with both his thighs bandaged.

For Tahkari Kaur, the widow of Ranjit Singh who died in Tuesday's clash, this is not the first time a member of her family has met such a violent end. In the '84 riots, mobs killed her father and three brothers. Now, she has to support an elderly mother-in-law, five daughters and two sons. Her husband's body was found in a street at 10.20 pm. She was informed about his death around 1 am.

Mr Gurcharan Singh Babbar, president of the All-India Sikh Conference, said; "We want to ask the Lt Governor how long will we be subjected to this kind of violence. Whatever happens in Punjab, the repercussions are felt in Tilak Vihar. It's now time either to move the Harijan colony out of here, or if that is not possible, move us out of this colony."

Weeping mother and wife of Ranjit Singh who was killed in the Tilak Vihar violence on Wednesday – Express photograph

INDIAN EXPRESS

। ਤੇ ਫਿਰ ਇੱਕ ਟ੍ਰੇਨ ਆਈ । ਮੈਂ ਹਿੰਮਤ ਕੀਤੀ ਤੇ ਹੌਲੀ-ਹੌਲੀ ਲੇਟ ਕੇ ਮੈਂ ਗੱਡੀ ਦੇ ਕੋਲ ਪਹੁੰਚ ਗਿਆ ਤੇ ਮੈਂ ਉਸ ਵਕਤ ਨੰਗੇ ਸਿਰ ਸੀ । ਸਿਰ ਤੇ ਪਗੜੀ ਵੀ ਨਹੀਂ ਸੀ ਬਦਨ ਤੇ ਕਪੜੇ ਵੀ ਨਹੀਂ ਸੀ, ਸਿਰਫ਼ ਇੱਕ ਪੈਂਟ ਪਾ ਰੱਖੀ ਸੀ । ਤੇ ਮੈਂ ਪੂਰੀ ਤਰ੍ਹਾਂ ਨਾਲੇ ਦੇ ਪਾਣੀ ਨਾਲ ਭਿੱਜਿਆ ਹੋਇਆ ਸੀ ।..

ਤੇ ਬਹੁਤ ਜ਼ਖਮੀ ਹਾਲਤ ਵਿੱਚ ਸੀ । ਮੇਰਾ ਸਿਰ ਫੱਟਿਆ ਹੋਇਆ ਸੀ । ਮੈਂ ਖ਼ੂਨ ਨਾਲ ਲੱਥਪੱਥ ਸੀ, ਪਰ ਫਿਰ ਵੀ ਮੈਂ ਕਿਸੀ ਤਰ੍ਹਾਂ ਗੱਡੀ ਵਿੱਚ ਹਿੰਮਤ ਕਰਕੇ ਚੱੜ੍ਹ ਗਿਆ ਤੇ ਇੱਕ ਕੋਨੇ ਵਿੱਚ ਚੋਰਾਂ ਦੀ ਤਰ੍ਹਾਂ ਛੁੱਪ ਕੇ ਬੈਠ ਗਿਆ ।

ਮੈਂ ਦਰਦ ਨਾਲ ਤੜਪ ਰਿਹਾ ਸੀ । ਅਚਾਨਕ ਮੈਨੂੰ ਬਹੁਤ ਪਿਆਸ ਲੱਗੀ ਤੇ ਮੈਂ ਸੋਚਣ ਲੱਗਿਆ ਕਿ ਪਾਣੀ ਕਿਥੋਂ ਪੀਵਾਂ । ਪਿਆਸ ਇਤਨੀ ਜੋਰ ਨਾਲ ਲੱਗ ਰਹੀ ਸੀ ਕਿ ਮੇਰਾ ਦਮ ਘੁੱਟ ਰਿਹਾ ਸੀ । ਮੈਂ ਆਪਣੇ ਆਸ-ਪਾਸ ਦੇਖਿਆ ਤਾਂ ਮੇਰੇ ਨਜ਼ਦੀਕ ਇੱਕ ਔਰਤ ਬੈਠੀ ਸੀ, ਜਿਸ ਦੇ ਕੋਲ ਪਾਣੀ ਦੀ ਸੁਰਾਹੀ ਸੀ । ਤੇ ਉਸਦੇ ਨਾਲ ਉਸਦੇ ਦੋ ਛੋਟੇ-ਛੋਟੇ ਬੱਚੇ ਵੀ ਸੀ । ਮੈਂ ਬੜੀ ਹਿੰਮਤ ਕਰਕੇ ਉਸ ਔਰਤ ਨੂੰ ਹੱਥ ਜੋੜਕੇ ਕਿਹਾ ਕਿ "ਬਹਿਨ ਜੀ ਮੁਝੇ ਦੋ ਘੂੰਟ ਪਾਣੀ ਦੇਦੋ, ਮੇਰਾ ਦਮ ਘੁੱਟਾ ਜਾ ਰਹਾ ਹੈ ।" ਪਹਿਲੀ ਵਾਰ ਤੇ ਉਸ ਔਰਤ ਨੇ ਮੈਨੂੰ ਕੋਈ ਜਵਾਬ ਨਹੀਂ ਦਿੱਤਾ । ਜਦੋਂ ਮੈਂ ਉਸ ਕੋਲੋਂ ਦੂਜੀ ਵਾਰ ਪਾਣੀ ਮੰਗਿਆ ਤਾਂ ਉਹ ਮੈਨੂੰ ਘੂਰਨ ਲਗੀ । ਲੇਕਿਨ ਮੈਨੂੰ ਪਿਆਸ ਬਹੁਤ ਜ਼ੋਰ ਨਾਲ ਲੱਗੀ ਹੋਈ ਸੀ । ਇਸ ਲਈ ਮੈਂ ਤੀਜੀ ਵਾਰ ਫ਼ਿਰ ਉਸ ਔਰਤ ਕੋਲੋਂ ਪਾਣੀ ਮੰਗਿਆ ਤਾਂ ਉਸਨੇ ਮੈਨੂੰ ਪਾਣੀ ਦੇਣ ਤੋਂ ਇਨਕਾਰ ਕਰਦੇ ਹੋਏ ਕਿਹਾ "ਅਗਰ ਤੁਝੇ ਪਾਣੀ ਪੀਣਾ ਹੈ ਤੋ ਗੁਰੂ ਨਾਨਕ ਸੇ ਮਾਂਗ । ਮੇਰੇ ਪਾਸ ਪਾਣੀ ਨਹੀਂ ਹੈ ।" ਇਹ ਸੁਣਕੇ ਮੈਂ ਬਹੁਤ ਡਰ ਗਿਆ ਤੇ ਉਸ ਵਕਤ ਮੈਂ ਇਤਨਾ ਡਰ ਗਿਆ ਕਿ ਮੈਂ ਪਾਣੀ ਪੀਣਾ ਹੀ ਭੁਲ ਗਿਆ ।

ਇਤਨੀ ਦੇਰ ਵਿੱਚ ਰੇਲ ਗੱਡੀ ਨਵੀਂ ਦਿੱਲੀ ਰੇਲਵੇ ਸਟੇਸ਼ਨ ਤੇ ਆ ਪਹੁੰਚੀ । ਉਸ ਗੱਡੀ ਵਿੱਚ ਅਚਾਨਕ ਇੱਕ ਪੁਲਿਸ ਇੰਸਪੈਕਟਰ (ਜੋ ਬਾਦ ਵਿੱਚ ਮੈਨੂੰ ਪਤਾ ਲੱਗਿਆ ਕਿ ਉਹ ਕਿਸੀ ਸਿੱਖ ਪਰਿਵਾਰ ਨਾਲ ਸੰਬੰਧਤ ਸੀ), ਨੇ ਮੈਨੂੰ ਉਥੋਂ ਚੁੱਕਿਆ ਤੇ ਆਪਣੀ ਜੀਪ ਤੇ ਮੈਨੂੰ ਈਰਵਨ ਹਸਪਤਾਲ ਛੱਡ ਗਿਆ । ਹਸਪਤਾਲ ਪਹੁੰਚਦੇ ਹੀ ਮੈਂ ਬੇਹੋਸ਼ ਹੋ ਗਿਆ । ਹਸਪਤਾਲ ਵਾਲਿਆਂ ਨੇ ਮੈਨੂੰ ਮਰਿਆ ਹੋਇਆ ਸਮਝ ਕੇ ਮੁਰਦਾਘਰ ਵਿੱਚ ਸੁੱਟ ਦਿੱਤਾ ਕਿਉਂਕਿ ਉਸ ਵਕਤ ਮੇਰੀ ਹਾਲਤ ਬਹੁਤ ਖਰਾਬ ਸੀ ਤੇ ਮੈਂ ਬੇਹੋਸ਼ ਵੀ ਸੀ । ਜਦੋਂ ਮੈਨੂੰ ਅੱਧੀ ਰਾਤ ਨੂੰ ਹੋਸ਼ ਆਇਆ ਤਾਂ ਮੈਂ ਆਪਣੇ ਆਪ ਨੂੰ ਕਈ ਲਾਸ਼ਾਂ ਵਿੰਚ ਦੇਖਿਆ । ਮੈਂ ਬਹੁਤ ਡਰ ਗਿਆ ਤੇ ਡਰ ਨਾਲ ਮੈਂ ਕੰਬਣ ਲੱਗ ਪਿਆ ਤੇ ਚੁਪਚਾਪ ਮੁਰਦਾ ਲਾਸ਼ਾਂ ਵਿੱਚ ਪਿਆ ਰਿਹਾ ।

ਅਚਾਨਕ ਥੋੜੀ ਦੇਰ ਦੇ ਬਾਦ ਹਸਪਤਾਲ ਦਾ ਇੱਕ ਕਰਮਚਾਰੀ ਅੰਦਰ ਆਇਆ । ਮੈਂ ਉਸਦੇ ਅੱਗੇ ਹੱਥ ਜੋੜਕੇ ਬਹੁਤ ਗਿੜਗਿੜਾਇਆ । ਮੈਂ ਉਸਨੂੰ ਕਿਹਾ ਕਿ "ਪਤਾ ਨਹੀਂ ਮੇਰੇ ਬੱਚੋਂ ਪਰ ਕਿਆ ਬੀਤ ਰਹੀ ਹੋਗੀ, ਭਾਈ ਮੇਰੀ ਮਦਦ ਕਰੋ ।" ਭਗਵਾਨ ਦੀ ਮੇਰੇ ਤੇ ਕਿਰਪਾ ਹੋਈ ਤੇ ਉਸ ਕਰਮਚਾਰੀ ਨੇ ਮੇਰੀ ਮਦਦ ਕਰਨਾ ਮੰਨ ਲਿਆ ਤੇ ਉਸਨੇ ਮੇਰੇ ਗੁਆਂਢੀ ਨੂੰ ਟੈਲੀਫੋਨ ਕਰਕੇ ਦੱਸਿਆ ਕਿ ਮੈਂ ਇੱਥੇ ਈਰਵਨ ਹਸਪਤਾਲ ਵਿੱਚ ਹਾਂ ਤੇ ਉਹ ਮੈਨੂੰ ਲਭਦੇ-ਲਭਦੇ ਮੁਰਦਾਘਰ ਵਿੱਚ ਪਹੁੰਚ ਗਏ । ਮੈਂ ਉਨ੍ਹਾਂ ਨੂੰ ਝੱਟ-ਪੱਟ ਪਹਿਚਾਨ ਲਿਆ, ਲੇਕਿਨ ਉਨ੍ਹਾਂ ਨੂੰ ਮੈਨੂੰ ਪਹਿਚਾਨਣ ਵਿਚ ਥੋੜੀ ਦੇਰ ਲੱਗੀ । ਸਵੇਰ ਦੇ ਚਾਰ ਵੱਜ ਚੁੱਕੇ ਸੀ । ਮੌਸਮ ਬਹੁਤ ਠੰਡਾ ਸੀ । ਮੈਂ ਬਦਨ ਤੋਂ ਨੰਗਾ ਸੀ । ਮੈਨੂੰ ਮੇਰੇ ਗੁਆਂਢੀ ਆਪਣੀ ਕਾਰ ਵਿੱਚ ਸੀਟਾਂ ਦੇ ਥੱਲੇ ਛੁੱਪਾ ਕੇ ਮੇਰੇ ਘਰ ਲੈ ਆਏ । ਮੈਂ ਇਸ ਹਾਦਸੇ ਤੋਂ ਇਤਨਾ ਭੈ ਭੀਤ ਹੋ ਗਿਆ ਸੀ ਕਿ ਮੈਂ ਲਗਭਗ 6 ਮਹੀਨੇ ਤੱਕ ਘਰੋਂ ਬਾਹਰ ਨਹੀਂ ਨਿਕਲਿਆ ।

THE PIONEER

THE PIONEER

WEDNESDAY APRIL 8, 1998



Author of the book *Govt Organised Carnage '84 Riots*, Gurcharan Singh Babbar, protesting against the Government's attempt to suppress freedom of speech and expression, on hunger strike outside the Prime Minister's residence in the Capital on Tuesday *Pioneer*

THE HINDU, Wednesday, April 15, 1998

Lift ban on book on '84 riots'

By Our Staff Reporter

NEW DELHI, April 14.

The All-India Shiromani Akali Dal (Master Tara Singh) today demanded immediate revocation of the ban imposed on the book — *Sarkari Qatal-e-Aam* — on the 1984 anti-Sikh riots written by Mr. Gurucharan Singh Babbar.

“ਹੱਤਿਆਕਾਂਡ ਤੇ ਵਿਸ਼ੇਸ ਅਧਿਅਨ”

1. ਸੁਲਤਾਨਪੁਰੀ :-

ਸੁਲਤਾਨਪੁਰੀ ਮਿਲੀ-ਜੁਲੀ ਪੁਨਰਵਾਸ ਕਾਲੋਨੀ ਵਿੱਚ ਅਲੱਗ-ਅਲੱਗ ਕਾਰੋਬਾਰ ਦੇ ਹਿੰਦੂ ਤੇ ਸਿੱਖਾਂ ਦੀ ਆਬਾਦੀ ਹੈ । ਬਹੁਤ ਸਾਰੇ ਹਿੰਦੂ (ਤਥਾ ਕਥਿਤ) ਛੋਟੀਆਂ ਜਾਤੀਆਂ ਦੇ ਹਨ ਅਤੇ ਅਲੱਗ-ਅਲੱਗ ਸੰਸਥਾਵਾਂ ਵਿੱਚ ਸਫ਼ਾਈ ਕਰਮਚਾਰੀ ਹਨ । ਸਿੱਖਾਂ ਵਿੱਚ ਬਿਲਡਿੰਗਾਂ ਵਿੱਚ ਲੱਗਣ ਵਾਲੇ ਲੋਹੇ ਦੇ ਜੰਗਲੇ ਆਦਿ ਬਨਾਣ ਵਾਲੇ ਸੀਕਲੀਗਰ ਅਲਵਰ ਦੇ ਮੰਜੀਆਂ ਬੁਨਣ ਵਾਲੇ, ਸਕੂਟਰ ਚਲਾਣ ਵਾਲੇ ਟੀ. ਵੀ. ਮਕੈਨਿਕ, ਬਿਜਲੀ ਦੇ ਕਾਰੀਗਰ ਤੇ ਦੁਕਾਨਦਾਰ ਹਨ । ਇਨ੍ਹਾਂ ਵਿੱਚੋਂ ਕੁੱਝ ਰਿਕਸ਼ਾ ਚਲਾਂਦੇ ਹਨ ਤੇ ਕੁਝ ਫੇਰੀ ਲਗਾਣ ਵਾਲੇ ਤੇ ਕੁੱਝ ਮਜ਼ਦੂਰ ਹਨ ।

ਇਹ ਗੱਲ ਮਹੱਤਵਪੂਰਨ ਹੈ ਕਿ ਇਨ੍ਹਾਂ ਦੰਗਿਆਂ ਤੋਂ ਪਹਿਲਾਂ ਦੋਨੋਂ ਧਰਮਾਂ ਦੇ ਲੋਕ ਪੂਰੀ ਏਕਤਾ ਤੇ ਭਾਈਚਾਰੇ ਨਾਲ ਰਹਿੰਦੇ ਸੀ । ਇਸ ਗੱਲ ਦੀ ਕੈਂਪਾਂ ਵਿੱਚ ਰਹਿਣ ਵਾਲੇ ਅਨੇਕ ਸਿੱਖਾਂ ਨੇ ਵੀ ਪੁਸ਼ਟੀ ਕੀਤੀ । ਪਹਿਲੇ ਕਦੇ ਵੀ ਕਿਸੀ ਵੀ ਮੌਕੇ ‘ਤੇ ਦੋਨਾਂ ਦੇ ਵਿੱਚਕਾਰ ਕਿਸੀ ਵੀ ਤਨਾਵ ਦਾ ਪ੍ਰਮਾਣ ਨਹੀਂ ਸੀ ।

ਜਦੋਂ ਵੀਰਵਾਰ (1 ਨਵੰਬਰ) ਨੂੰ ਸ਼ਾਮ ਦੇ ਵਕਤ ਆਕਰਮਕ ਭੀੜ ਨੇ ਸਿੱਖ ਨਿਵਾਸੀਆਂ ਤੇ ਅਚਾਨਕ ਹਮਲਾ ਕੀਤਾ ਤਾਂ ਉਹ ਹੈਰਾਨ ਰਹਿ ਗਏ । ਅੱਖੀਂ ਦੇਖਣ ਵਾਲਿਆਂ ਨੇ ਦੱਸਿਆ ਕਿ ਇਸ ਭੀੜ ਵਿੱਚ ਇਲਾਕੇ ਦੇ ਲੋਕ ਤੇ ਆਸ-ਪਾਸ ਦੇ ਜਾਟ ਸਮਝੇ ਜਾਣ ਵਾਲੇ ਵੀ ਸੀ । (ਇਨ੍ਹਾਂ ਵਿੱਚ ਮੁੰਡਕਾ ਪਿੰਡ ਸ਼ਾਮਲ ਹੈ) ਆਦਮੀਆਂ ਨੂੰ ਹਮਲਿਆਂ ਦਾ ਨਿਸ਼ਾਨਾ ਬਣਾਇਆ ਗਿਆ ਤੇ ਬਹੁਤ ਸਾਰੇ ਸਿੱਖ ਆਦਮੀ ਮਾਰੇ ਗਏ । ਕੁੱਝ ਬਚੇ ਹੋਏ ਲੋਕਾਂ ਨੇ ਹਮਲੇ ਵਿੱਚ ਮੁੱਖ ਭੂਮਿਕਾ ਨਿਭਾਣ ਵਾਲੇ ਲੋਕਾਂ ਦੀ ਪਹਿਚਾਣ ਕੀਤੀ । ਇਨਾਂ ਵਿੱਚ ਇਲਾਕੇ ਦੇ ਰਾਜਨੇਤਾ, ਪੁਲਿਸ ਤੇ ਇਲਾਕੇ ਦੇ ਨਿਵਾਸੀ ਸ਼ਾਮਲ ਸਨ ।

ਹੱਤਿਆ ਤੇ ਲੁੱਟਪਾਟ ਕਰਣ ਵਾਲਿਆਂ ਨੂੰ ਪਹਿਚਾਣ ਦੀ ਪ੍ਰਕ੍ਰਿਆ ਵਿੱਚ ਇੱਕ ਗੱਲ ਪੱਕੇ ਤੌਰ ਤੇ ਸਾਹਮਣੇ ਆਈ ਹੈ ਕਿ ਇਸ ਵਿੱਚ ਲੋਕਲ ਸਫ਼ਾਈ ਕਰਮਚਾਰੀ, ਬੱਚੇ, ਭਿਖਾਰੀ, ਮੈਕੈਨਿਕ, ਡਰਾਈਵਰ, ਸਬਜ਼ੀ ਵੇਚਣ ਵਾਲੇ ਆਦਿ ਸ਼ਾਮਲ ਸਨ । ਪਰ ਉਨ੍ਹਾਂ ਨੇ ਸਭ ਕੁੱਝ ਆਪਣੇ ਆਪ ਪਹਿਲ ਕਰਕੇ ਨਹੀਂ ਕੀਤਾ । ਸੁਲਤਾਨਪੁਰੀ ਵਿੱਚ ਜ਼ਿਆਦਾਤਰ ਹੱਤਿਆਰਿਆਂ ਦੀ ਅਗਵਾਈ ‘ਪ੍ਰਧਾਨ’ ਕਰ ਰਹੇ ਸੀ । ਜੋ ਕਿ ਰਾਜਨੀਤਕ ਸ਼੍ਰੇਣੀ ਕ੍ਰਮ ਦੇ ਆਧਾਰ ਤੇ ਹੈ । ਉਨ੍ਹਾਂ ਨੇ ਹੀ ਭੀੜ ਨੂੰ ਸਿੱਖਾਂ ਦੇ ਖਿਲਾਫ਼ ਭੜਕਾਇਆ ਅਤੇ ਸਿੱਖਾਂ ਦੇ ਘਰਾਂ ਤੇ ਦੁਕਾਨਾਂ ਆਦਿ ਨੂੰ ਪਹਿਚਾਨਣ ਵਿੱਚ ਭੀੜ ਦੀ ਮਦਦ ਕੀਤੀ । ਇਹ ਪ੍ਰਧਾਨ ਇਲਾਕੇ ਦੇ ਇੰਕਾ ਸਾਂਸਦਾਂ ਨਾਲ ਸੰਬੰਧਤ ਸੀ । ਲੋਕਾਂ ਨੇ ਲੁੱਟਪਾਟ ਲਈ ਭੀੜ ਨੂੰ ਉਕਸਾਨ ਅਤੇ ਦੰਗਾਈਆਂ ਦੀ ਮਦਦ ਕਰਣ ਵਾਲਿਆਂ ਵਿੱਚ ਬਾਰ-ਬਾਰ ਜਿਨਾਂ ਪ੍ਰਧਾਨਾਂ ਦਾ ਨਾਂ ਲਿਆ, ਉਨਾਂ ਵਿੱਚ ਸ੍ਰੀ ਚੌਹਾਨ, ਸ਼੍ਰੀ ਬਾਗੜੀ, ਅਤੇ ਸ੍ਰੀ ਗੁਪਤਾ ਸ਼ਾਮਲ ਹਨ । ਜਿਸ ਸਾਂਸਦ ਤੇ ਸਭ ਤੋਂ ਜ਼ਿਆਦਾ ਲੋਕਾਂ ਨੇ ਆਰੋਪ ਲਗਾਇਆ, ਉਹ ਹੈ, ਇੰਕਾ ਦੇ ਸੱਜਣ ਕੁਮਾਰ ।

ਸੁਲਤਾਨਪੁਰੀ ਵਿੱਚ ਦੰਗਾਈਆਂ ਦੇ ਨਾਲ ਪੁਲਿਸ ਦੀ ਮਿਲੀ-ਭਗਤ ਦਾ ਸੰਕੇਤ ਸੂਚਨਾਵਾਂ ਤੋਂ ਮਿਲਦਾ ਹੈ ਕਿ ਐਸ. ਐਚ. ਓ. ਸ਼੍ਰੀ ਭੱਟੀ ਨੇ ਨਾ ਕੇਵਲ ਕਈ ਸਿੱਖਾਂ ਨੂੰ ਮਾਰ ਦਿੱਤਾ, ਬਲਕਿ ਉਸਨੇ ਸਿੱਖਾਂ ਦੇ ਹਥਿਆਰ ਖੋਹਣ ਵਿੱਚ ਵੀ ਦੰਗਾਈਆਂ ਦੀ ਮਦਦ ਕੀਤੀ । ਪੁਲਿਸ ਦੇ ਸ਼ਾਮਲ ਹੋਣ ਦੀ ਗੱਲ ਇੱਕ

THE HINDU

India's National Newspaper

Printed at Chennai, Coimbatore, Bangalore, Hyderabad, Madurai, Delhi, Visakhapatnam and Thiruvananthapuram

DELHI, MONDAY, NOVEMBER 2, 1998

Victims of the 1984 riots organised a rally in New Delhi on Sunday to demand justice and punishment of the guilty.

ਆਦਮੀ ਨੇ ਇਨਾਂ ਸ਼ਬਦਾਂ ਵਿੱਚ ਰੱਖੀ 'ਖੁਦ ਮਾਰਾ ਹੈ, ਮਿਲੇ ਹੂਏ ਥੇ ।'

ਜਿਨਾਂ ਸ਼ਰਨਾਰਥੀਆਂ ਨਾਲ ਅਸੀਂ ਗੱਲਬਾਤ ਕੀਤੀ ਉਨਾਂ ਵਿੱਚ ਲਗਭਗ ਸਾਰਿਆਂ ਨੇ ਇਕੋ ਜਿਹਾ ਬਉਰਾ ਦਿੱਤਾ । ਸੁਲਤਾਨਪੁਰੀ ਦੇ ਹੱਤਿਆਕਾਂਡ ਵਿੱਚ ਸ਼ਾਮਲ ਲੋਕਾਂ ਵਿੱਚ ਮਿੱਟੀ ਦਾ ਤੇਲ ਵੇਚਣ ਵਾਲੇ ਬ੍ਰਹਮਾਨੰਦ ਗੁਪਤਾ, ਬੇਰਾਨੰਦ, ਮਾਸਟਰ ਤੇ ਵੇਦਪ੍ਰਕਾਸ਼ ਵੀ ਸੀ । ਜਿਨ੍ਹਾਂ ਨੇ ਮ੍ਰਿਤਕ ਸਿੱਖਾਂ ਨੂੰ ਜਲਾਣ ਲਈ ਮਿੱਟੀ ਦਾ ਤੇਲ ਦਿੱਤਾ । ਇਨ੍ਹਾਂ ਵਿੱਚ ਇੱਕ ਜਾਟ ਡਾਕਟਰ ਚੰਗਾ ਵੀ ਸ਼ਾਮਲ ਸੀ । ਇਨਾਂ ਦੇ ਇਲਾਵਾ ਗਜਾਨੰਦ, ਗੋਦਾਮ ਦਾ ਮਾਲਕ ਗੁਲਾਬ ਸਿੰਘ ਤੇ ਇੱਕ ਸਕੂਟਰ ਚਾਲਕ ਓਮੀ ਵੀ ਸੀ । ਇਨਾਂ ਸਭ ਬਦਮਾਸ਼ਾਂ ਨੇ ਹੱਤਿਆਕਾਂਡ ਦਾ ਨਿਰਦੇਸ਼ਨ ਕੀਤਾ ।

ਸਿੱਖਾਂ ਤੇ ਵੀਰਵਾਰ ਦੀ ਰਾਤ ਨੂੰ ਜੋ ਹਮਲਾ ਸ਼ੁਰੂ ਹੋਇਆ ਉਹ ਲਗਭਗ ਸ਼ੁਕਰਵਾਰ ਦੋਪਹਿਰ ਤੱਕ (ਨਵੰਬਰ 1-2) ਬਿਨਾਂ ਰੁੱਕੇ ਚਲਦਾ ਰਿਹਾ । ਭੀੜ ਨੂੰ ਨਿਰਦੇਸ਼ ਦਿੱਤੇ ਜਾ ਰਹੇ ਸੀ ਕਿ 'ਪੁਰਸ਼ੋਂ ਕੋ ਮਾਰ ਡਾਲੋ ਤਥਾ ਇਸਤਰੀਓਂ ਕੀ ਇਜ਼ੱਤ ਲੂਟ ਲੋ ।" ਦੰਗਾਈਆਂ ਕੋਲ ਲਾਠੀਆਂ, ਲੋਹੇ ਦੀਆਂ ਛੜਾਂ ਤੇ ਹੋਰ ਹੱਥਿਆਰ ਸੀ ਤੇ ਉਹ ਮਿੱਟੀ ਦਾ ਤੇਲ ਲੈ ਕੇ ਘੁੰਮ ਰਹੇ ਸੀ ।

ਕਈ ਹਿੰਦੂ ਗੁਆਂਢੀਆਂ ਨੇ ਸਹਾਰਾ ਦਿੱਤਾ ਅਤੇ ਉਨਾਂ ਨੂੰ ਘਰਾਂ ਵਿੱਚ ਛੁਪਾਣ ਦੀ ਇੱਛਾ ਨਾਲ ਬੰਦ ਕਰ ਲਿਆ । ਪਰ ਇਸ ਨਾਲ ਵੀ ਉਹ ਬਾਦ ਵਿੱਚ ਹੋਣ ਵਾਲੀ ਮਾਰਕਾਟ, ਅੱਗਜ਼ਨੀ ਅਤੇ ਲੁੱਟਪਾਟ ਤੋਂ ਬੱਚ ਨਾ ਸਕੇ । ਘਰਾਂ ਦੀ ਪਹਿਚਾਣ ਕਰਕੇ ਉਨ੍ਹਾਂ ਵਿੱਚ ਅੱਗ ਲਗਾਈ ਜਾ ਰਹੀ ਸੀ । ਸਿੱਖ ਆਦਮੀਆਂ ਨੂੰ ਜਾਨ ਤੋਂ ਮਾਰਿਆ ਜਾ ਰਿਹਾ ਸੀ । ਔਰਤਾਂ ਸਮੂੰਹ ਸਿੱਖ ਘਰਾਂ ਵਿਚੋਂ ਲੁੱਟ ਦਾ ਮਾਲ ਲੈ ਜਾਂਦੀਆਂ ਦਿਖਾਈ ਦੇ ਰਹੀਆਂ ਸਨ । ਸੋਨੇ ਦੇ ਗਹਿਣੇ, ਟੀ. ਵੀ. ਅਤੇ ਹੋਰ ਚੀਜ਼ਾਂ ਲੁੱਟ ਲਈਆਂ ਗਈਆਂ । ਠੇਲੇ, ਰਿਕਸ਼ਾ ਆਦਿ ਰੋਜ਼ੀ-ਰੋਟੀ ਦੇ ਸਾਧਨਾ ਸਮੇਤ ਸੰਪਤੀ ਨੂੰ ਪੂਰਨ ਰੂਪ ਨਾਲ ਨਸ਼ਟ ਕਰ ਦਿੱਤਾ ਗਿਆ ।

ਹੱਤਿਆਵਾਂ ਪੂਰੇ ਕਰੂਰ ਢੰਗ ਨਾਲ ਕੀਤੀਆਂ ਗਈਆਂ । ਇੱਕ ਸਿੱਖ ਨੂੰ ਪਹਿਲੇ ਇੱਕ ਗੱਡੀ ਵਿੱਚ ਧਕੇਲ ਦਿੱਤਾ ਗਿਆ ਤੇ ਫਿਰ ਗੱਡੀ ਵਿੱਚ ਅੱਗ ਲਗਾ ਦਿੱਤੀ ਗਈ । ਔਰਤਾਂ ਨੂੰ ਮਾਰਕੇ, ਧਰਤੀ ਤੇ ਗਿਰਾਕੇ, ਮਿੱਟੀ ਦਾ ਤੇਲ ਛਿੱਡਕ ਕੇ ਅੱਗ ਲਗਾ ਦਿੱਤੀ ਗਈ ।

ਦੰਗਾਈਆਂ ਨੇ ਇੱਕ ਗਰਭਵਤੀ ਮਹਿਲਾ ਨੂੰ ਚਾਕੂ ਮਾਰਿਆ । ਕਈ ਬਿਆਨਾਂ ਦੇ ਮੁਤਾਬਿਕ ਕੁੱਝ ਇਸਤਰੀਆਂ ਦੇ ਨਾਲ ਬਲਾਤਕਾਰ ਕੀਤਾ ਗਿਆ । ਇਨਾਂ ਸਭ ਘਟਨਾਵਾਂ ਦਾ ਜ਼ਿਆਦਾ ਲੰਬਾ ਬਿਉਰਾ ਸਾਡੇ ਦਲ ਦੇ ਉਨਾਂ ਮੈਂਬਰਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ, ਜੋ ਰਾਣੀਬਾਗ ਸ਼ਕੂਰਪੁਰ ਦੇ ਸ਼ਰਨਾਰਥੀ ਕੈਂਪ ਵਿੱਚ ਗਏ ਸੀ ।

ਸ਼ਕੂਰਪੁਰ ਕੈਂਪ ਦੇ ਇੱਕ ਵੱਡੇ ਹਾਲ ਵਿੱਚ ਜਿੱਥੇ ਸੁਲਤਾਨਪੁਰੀ ਦੇ ਦੰਗਾ-ਪੀੜਤਾਂ ਨੂੰ ਸ਼ਰਨ ਦਿੱਤੀ ਗਈ ਸੀ । ਇੱਕ ਕੋਨੇ ਵਿੱਚ ਔਰਤਾਂ ਤੇ ਬੱਚਿਆਂ ਦਾ ਇੱਕ ਵੱਡਾ ਸਮੂੰਹ ਦੁਬਕਿਆ ਬੈਠਾ ਸੀ । ਉਨਾਂ ਵਿੱਚੋਂ ਹਰੇਕ ਦੇ ਚਿਹਰੇ ਤੇ ਸ਼ੋਕ ਤੇ ਆਘਾਤ ਦੇ ਚਿੰਨ ਸਪਸ਼ਟ ਅੰਕਿਤ ਸਨ । ਇਸ ਸਮੂੰਹ ਵਿੱਚ 10 ਸਾਲ ਤੋਂ ਜ਼ਿਆਦਾ ਉਮਰ ਦਾ ਇੱਕ ਵੀ ਮੁੰਡਾ ਨਹੀਂ ਸੀ, ਬਲਕਿ ਲੜਕੇ ਹੀ ਬਹੁਤ ਘੱਟ ਸਨ । ਹਰ ਸਮੂੰਹ ਵਿੱਚ ਇੱਕ ਅਧੇੜ ਔਰਤ ਤਿੰਨ ਜਾਂ ਚਾਰ ਜਵਾਨ ਵਿਧਵਾਵਾਂ, ਕੁੱਝ ਕਿਸ਼ੋਰ ਲੜਕੀਆਂ ਤੇ ਬਾਕੀ ਨਵਜਾਤ ਬੱਚਿਆਂ ਤੋਂ ਲੈ ਕੇ 10 **ਸਾਲ** ਤੱਕ ਦੇ ਬੱਚੇ ਹਨ ।

ਇੱਕ ਪਰਿਵਾਰ ਵਿੱਚ 18 ਮੈਂਬਰ ਹਨ, ਜੋ ਬਿਲਕੁਲ ਬੇਸਹਾਰਾ ਹੋ ਗਏ ਹਨ । ਉਸ ਪਰਿਵਾਰ ਦੇ

ਸਰਦਾਰ ਗੁਰਚਰਨ ਸਿੰਘ ਬੱਬਰ ਵਿਧਵਾ ਬਸਤੀ ਵਿੱਚ ਵਿਧਵਾਵਾਂ ਦੇ ਪਰਿਵਾਰਾਂ ਦਾ ਹਾਲ-ਚਾਲ ਪੁੱਛਦੇ ਹੋਏ।



ਚਾਰੋਂ ਜਵਾਨ ਪੁਰਸ਼ ਮਾਰ ਦਿੱਤੇ ਗਏ ਹਨ । ਹੁਣ ਉਸ ਪਰਿਵਾਰ ਵਿੱਚ ਕੋਈ ਵੀ ਕਮਾਣ ਵਾਲਾ ਨਹੀਂ ਹੈ । ਉਸ ਵਿੱਚ ਦੋ ਜਵਾਨ ਔਰਤਾਂ ਦੇ ਛੋਟੇ-ਛੋਟੇ ਨਵਜਾਤ ਬੱਚੇ ਹਨ । ਇੱਕ ਦੀ ਉਮਰ ਕੇਵਲ 6 ਦਿਨ ਹੈ (ਉਹ ਦੰਗਿਆਂ ਤੋਂ ਇੱਕ ਦਿਨ ਪਹਿਲੇ ਹੀ ਪੈਦਾ ਹੋਇਆ ਸੀ) ਅਤੇ ਦੂਜੇ ਦੀ 10 ਦਿਨ । ਉਹ ਔਰਤਾਂ ਬੱਚਿਆਂ ਨੂੰ ਹੱਥਾਂ ਵਿੱਚ ਚੁੱਕੀ ਬਸ ਸੁੰਨ ਹੋਈਆਂ ਰਹੀਆਂ-ਨਾ ਰੋ ਸਕੀਆਂ, ਨਾ ਹੀ ਬੋਲ ਸਕੀਆਂ । ਲੇਕਿਨ ਉਸ ਵੱਡੀ ਉਮਰ ਦੀ ਔਰਤ ਨੇ ਜਿਸਦੇ ਪਤੀ ਤੇ ਤਿੰਨ ਬੇਟੇ ਮਾਰ ਦਿੱਤੇ ਗਏ ਸੀ, ਆਪਣੇ ਸ਼ੋਕ ਨੂੰ ਬੜੇ ਹੀ ਦੁਖੀ ਹਿਰਦੇ ਵੇਦਕ ਸ਼ਬਦਾਂ ਵਿੱਚ ਬਿਆਨ ਕੀਤਾ 'ਅਬ ਤੋ ਅੱਛਾ ਹੋਗਾ ਕਿ ਆਪ ਹਮ ਸਭ ਕੋ ਜ਼ਹਿਰ ਦੇ ਦੋਂ, ਅਬ ਤੋ ਹਮ ਜੀ ਨਹੀਂ ਸਕਤੇ, ਕੈਸੇ ਜੀਏਂਗੇ ? ਕਿਸਕੇ ਲੀਏ ਜੀਏਂਗੇ ?

ਉਹ ਉੱਥੇ ਬੈਠੀਆਂ ਸਾਰੀਆਂ ਇਸਤਰੀਆਂ ਦੇ ਵਿਚਾਰਾਂ ਨੂੰ ਬਿਆਨ ਕਰ ਰਹੀ ਸੀ । ਉਨਾਂ ਵਿੱਚੋਂ ਹਰੇਕ ਨੇ ਆਪਣੇ ਪਰਿਵਾਰ ਦੇ ਬੰਦਿਆਂ ਨੂੰ ਘਸੀਟੇ ਜਾਂਦੇ, ਮਾਰੇ ਜਾਂਦੇ ਤੇ ਤੇਲ ਛਿੜਕ ਕੇ ਜਲਾਏ ਜਾਂਦੇ ਆਪਣੀਆਂ ਅੱਖਾਂ ਨਾਲ ਦੇਖਿਆ ਹੈ । ਉਸ ਜ਼ਾਲਮ ਹੱਤਿਆਕਾਂਡ ਤੋਂ ਬਾਦ ਇਨਾਂ ਵਿਚੋਂ ਕੋਈ ਹੁਣ ਆਪਣੇ ਪੁਰਾਣੇ ਘਰਾਂ ਨੂੰ ਵਾਪਸ ਜਾਣ ਵਾਸਤੇ ਤਿਆਰ ਨਹੀਂ ਹੈ । ਉਹ ਐਸਾ ਕੁੱਝ ਸੋਚ ਹੀ ਕਿਵੇਂ ਸਕਦੀਆਂ ਹਨ । ਜਦ ਤੱਕ ਕਿ ਅਪਰਾਧੀਆਂ ਨੂੰ ਫੜਕੇ ਸਜ਼ਾ ਨਹੀਂ ਦਿੱਤੀ ਜਾਂਦੀ ?

ਜਿਹੜੇ ਬਲਾਕ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਏ, ਉਹ ਹਨ-ਏ-4 (65 ਮਰੇ, 15 ਲਾਪਤਾ), ਪੀ-1,2,3, (31 ਮਰੇ, 5 ਲਾਪਤਾ) ਅਤੇ ਸੀ-3 ਤੇ 4 । ਕੈਂਪ 2 (ਜਿਸ ਵਿੱਚ ਜਿਆਦਾਤਰ ਸੁਲਤਾਨਪੁਰੀ ਤੋਂ ਆਏ ਲਗਭਗ 2000 ਸ਼ਰਨਾਰਥੀਆਂ ਨੂੰ ਜਗ੍ਹਾ ਮਿਲੀ), ਦੇ ਆਂਕੜਿਆਂ ਤੋਂ ਪਤਾ ਚਲਦਾ ਹੈ ਕਿ ਸਿਰਫ਼ ਇਸ ਸਮੂੰਹ ਦੇ ਹੀ 157 ਲੋਕ ਮਰੇ ਹਨ, 25 ਜ਼ਖਮੀ ਹੋਏ ਹਨ ਤੇ 52 ਲਾਪਤਾ ਹਨ । ਇਸਦਾ ਮਤਲਬ ਕਿ ਔਸਤਨ ਹਰ ਦੂਜੇ ਪਰਿਵਾਰ ਦਾ ਘੱਟ ਤੋਂ ਘੱਟ ਇੱਕ ਮੈਂਬਰ ਮਾਰਿਆ ਗਿਆ ਹੈ । ਇੱਕ ਵਿਸ਼ੇਸ਼ ਬੰਦੇ ਨੇ ਇਸ ਗੱਲ ਤੇ ਹੈਰਾਨੀ ਪ੍ਰਕਟ ਕੀਤੀ ਕਿ ਮ੍ਰਿਤਕਾਂ ਦੀ ਗਿਣਤੀ ਦੇ ਮੁਕਾਬਲੇ ਜ਼ਖਮੀਆਂ ਦੀ ਗਿਣਤੀ ਬੜੀ ਘੱਟ ਹੈ । ਭੀੜ ਦੇ ਹਜੂਮ ਵਿੱਚ ਹੱਤਿਆ ਤੇ ਲੁੱਟਪਾਟ ਦੀਆਂ ਘਟਨਾਵਾਂ ਵਿੱਚ ਵੀ ਆਮ ਤੌਰ ਤੇ ਜ਼ਖਮੀਆਂ ਦੀ ਗਿਣਤੀ ਬਹੁਤ ਘੱਟ ਹੈ । ਇਸਤੋਂ ਇਹੀ ਨਤੀਜਾ ਨਿਕਲਦਾ ਹੈ ਕਿ ਹਮਲਾਵਰ ਭੀੜ ਅਸੰਗਠਿਤ ਨਹੀਂ ਸੀ । 1 ਤੇ 2 ਨਵੰਬਰ ਦੀਆਂ ਘਟਨਾਵਾਂ ਤੇ ਹੀ ਕਿੱਸਾ ਖਤਮ ਨਹੀਂ ਹੋਇਆ । ਅਗਲੇ ਦੋ ਦਿਨਾਂ ਦੇ ਦੌਰਾਨ (ਸ਼ਨੀਵਾਰ ਤੇ ਐਤਵਾਰ-3,4 ਨਵੰਬਰ) ਸੁਣਦੇ ਹਾਂ ਕਿ ਐਸ. ਐਚ. ਓ. ਨੇ ਨਾਈ ਨੂੰ ਬੁਲਵਾਕੇ ਸਿੱਖਾਂ ਨੂੰ ਵਾਲ ਕਟਵਾਣ ਲਈ ਮਜਬੂਰ ਕੀਤਾ ਤੇ ਇਸ ਕੰਮ ਲਈ ਸਾਰਿਆਂ ਤੋਂ (ਉਨ੍ਹਾਂ ਦੇ ਵਾਪਸ ਜਾਣ ਤੋਂ ਪਹਿਲੇ) 21-21 ਰੁਪਏ ਵੀ ਵਸੂਲ ਕੀਤੇ । ਉਨ੍ਹਾਂ ਨੂੰ ਧਮਕਾਇਆ ਗਿਆ ਕਿ ਜੇ ਉਨ੍ਹਾਂ ਨੇ ਆਗਿਆ ਨਾ ਮੰਨੀ ਤੇ ਉਨ੍ਹਾਂ ਨੂੰ ਗੋਲੀ ਨਾਲ ਉਡਾ ਦਿੱਤਾ ਜਾਵੇਗਾ । ਲੋਕਾਂ ਨੇ ਦਸਿਆ ਕਿ ਨਾਈ ਨੇ 500 ਰੁਪਏ ਕਮਾਏ ।

ਤਿੰਨ ਦਿਨ ਬਾਦ ਸੈਨਾ ਨੇ ਆਕੇ ਉਨਾਂ ਨੂੰ ਛੁਡਾਇਆ । ਤੱਦ ਤੱਕ ਉੱਥੇ ਸਿੱਖਾਂ ਨੂੰ ਭੇਡਾਂ ਦੀ ਤਰ੍ਹਾਂ ਠੂਸਿਆ ਹੋਇਆ ਸੀ । ਇਸ ਦੁਰਘਟਨਾ ਤੋਂ ਇੱਕ ਹਫ਼ਤੇ ਬਾਦ ਤੱਕ ਵੀ ਵੀਰਵਾਰ 8 ਨਵੰਬਰ ਨੂੰ ਸੈਨਾ ਅਜੇ ਖਾਣ-ਪੀਣ ਦਾ ਸਾਮਾਨ ਜੁਟਾਣ ਦੀ ਕੋਸ਼ਿਸ਼ ਹੀ ਕਰ ਰਹੀ ਸੀ ।

2. ਮੰਗੋਲਪੁਰੀ :-

ਪੱਛਮੀ ਦਿੱਲੀ ਵਿੱਚ ਉਜਾੜ ਦਾ ਕੇਂਦਰ ਮੰਗੋਲਪੁਰੀ, ਜਿਸ ਵਿੱਚ ਕੁੱਝ ਬਲਾਕਾਂ ਵਿੱਚ ਕਾਫ਼ੀ ਸਿੱਖ ਰਹਿੰਦੇ ਸੀ ।

Former prime minister V.P. Singh with the widows of November, 1984 st his residence
meetting organised by All India Sikh Conference (Babbar)



ਇੱਥੇ ਦੰਗਾ 1 ਨਵੰਬਰ ਦੀ ਸ਼ਾਮ ਨੂੰ ਤਾਂ ਸ਼ੁਰੂ ਹੋਇਆ ਜਦ ਪੁਲਿਸ ਦੀ ਇੱਕ ਗੱਡੀ ਤੋਂ ਜੀ-1 ਬਲਾਕ ਵਿੱਚ ਇਹ ਅਨਾਊਂਸਮੈਂਟ ਕੀਤੀ ਗਈ ਕਿ ਪਾਣੀ ਵਿੱਚ ਜ਼ਹਿਰ ਮਿਲਾ ਦਿੱਤਾ ਗਿਆ ਹੈ । ਦੋ ਹੋਰ ਅਫ਼ਵਾਹਾਂ ਵੀ ਫੈਲ ਰਹੀਆਂ ਸਨ-ਇੱਕ ਇਹ ਕਿ ਸਿੱਖ ਸ਼੍ਰੀਮਤੀ ਇੰਦਰਾ ਗਾਂਧੀ ਦੀ ਮੌਤ ਤੇ ਮਿਠਾਈ ਵੰਡ ਰਹੇ ਸੀ ਤੇ ਦੂਜੀ ਇਹ ਕਿ ਪੰਜਾਬ ਤੋਂ ਆਣ ਵਾਲੀਆਂ ਰੇਲਾਂ ਵਿੱਚ ਹਿੰਦੂਆਂ ਦੀਆਂ ਲਾਸ਼ਾਂ ਭਰੀਆਂ ਹਨ ।

ਕਈ ਬਲਾਕਾਂ ਦੇ ਸਿੱਖ ਸੰਭਾਵਿਤ ਦੰਗੇ ਦੇ ਡਰ ਤੋਂ ਪੁਲਿਸ ਦੀ ਸਹਾਇਤਾ ਮੰਗਣ ਗਏ । ਇੱਕ ਔਰਤ ਨੇ, ਜਿਸਨੂੰ ਅਸੀਂ 5 ਨਵੰਬਰ ਨੂੰ ਸ਼ਕੂਰਪੁਰ ਕੈਂਪ ਵਿੱਚ ਮਿਲੇ, ਸਾਨੂੰ ਦਸਿਆ ਕਿ ਉਹ ਜਦ ਥਾਣੇ ਵਿੱਚ ਸੁਰੱਖਿਆ ਲਈ ਸਹਾਇਤਾ ਮੰਗਣ ਗਈ ਤਾਂ ਪੁਲਿਸ ਨੇ ਉਸਨੂੰ ਕਿਹਾ, 'ਹਮ ਕੁਛ ਨਹੀਂ ਕਰ ਸਕਤੇ, ਤੁਮ ਅਪਨੇ ਆਪ ਭੁਗਤੋ ।' ਬਾਦ ਵਿੱਚ ਦੰਗਿਆਂ ਦੇ ਦੌਰਾਨ ਇਹ ਵੀ ਦੇਖਿਆ ਗਿਆ ਕਿ ਦੰਗਾਈ ਪੁਲਿਸ ਦੀਆਂ ਜੀਪਾਂ ਵਿੱਚੋਂ ਡੀਜ਼ਲ ਕੱਢ ਕੇ ਸਿੱਖਾਂ ਦੇ ਘਰ ਜਲਾ ਰਹੇ ਸੀ । ਦੰਗਿਆਂ ਵਿੱਚ ਬਲਾਕ ਐਕਸ ਦੇ ਜੋ ਸਿੱਖ ਆਪਣੀ ਜਾਨ ਬਚਾ ਪਾਏ, ਉਨ੍ਹਾਂ ਨੇ ਸਾਨੂੰ ਦਸਿਆ ਕਿ ਪੁਲਿਸ ਨੇ ਉਨ੍ਹਾਂ ਨੂੰ ਤੇ ਦੂਜੇ ਸਿੱਖਾਂ ਨੂੰ ਘਰਾਂ ਵਿੱਚੋਂ ਬਾਹਰ ਕੱਢਕੇ ਭੀੜ ਦੇ ਹਵਾਲੇ ਕਰ ਦਿੱਤਾ । ਦੰਗਿਆਂ ਵਿੱਚ ਕਿਸੀ ਤਰ੍ਹਾਂ ਬਚੇ ਲੋਕਾਂ ਤੋਂ ਮਿਲੀ ਸੂਚਨਾ ਤੋਂ ਪਤਾ ਚਲਦਾ ਹੈ ਕਿ ਮਾਰਨ ਵਾਲੇ ਜਾਟ ਨਾਲ ਦੇ ਪਿੰਡਾਂ ਵਿੱਚੋਂ ਆਏ ਸੀ । ਤੇ ਮੰਗੋਲਪੁਰੀ ਦੇ ਹੀ ਕੁੱਝ ਅਨੁਸੂਚਿਤ ਜਾਤੀਆਂ ਦੇ ਲੋਕ ਉਨ੍ਹਾਂ ਦੇ ਨਾਲ ਮਿਲੇ ਸੀ । ਇਕ ਜਨੂੰਨੀ ਭੀੜ ਦਾ ਇਹੀ ਰੂਪ ਤ੍ਰਿਲੋਕਪੁਰੀ ਵਿੱਚ ਵੀ ਆਇਆ ਸੀ । ਇੰਕਾ ਦੇ ਇਲਾਕਾਈ ਨੇਤਾ ਤੇ ਸਮਰਥਕ ਜੀਪਾਂ ਤੇ ਹੋਰ ਗੱਡੀਆਂ ਵਿੱਚ ਦੰਗਾਈਆਂ ਦੇ ਨੇੜੇ-ਤੇੜੇ ਮੰਡਰਾ ਰਹੇ ਸੀ । ਲੋਕਾਂ ਨੇ ਇੱਕ ਇਲਾਕਾਈ ਨੇਤਾ ਮਾਲਾਰਾਮ ਦਾ ਨਾਂ ਲਿਆ ਜੋ 300 ਲੋਕਾਂ ਦੇ ਨਾਲ ਆਇਆ ਤੇ ਉਸਨੇ ਅੱਗਜ਼ਨੀ, ਮਾਰਕਾਟ ਤੇ ਲੁੱਟਪਾਟ ਆਪ ਅਪਣੀ ਦੇਖ-ਰੇਖ 'ਚ ਕਰਾਈ । ਲੋਕਾਂ ਨੇ ਰਾਜਿੰਦਰ ਸਿੰਘ ਇੰਕਾ ਵਰਕਰ) ਤੇ ਵਕਫ਼ ਕਲਬ ਦੇ ਇੰਕਾ ਵਰਕਰਾਂ ਈਸ਼ਵਰ ਸਿੰਘ, ਸਲੀਮ ਕੁਰੈਸ਼ੀ ਤੇ ਸ਼ੌਕੀਨ ਨੂੰ ਭੀੜ ਨੂੰ ਭੜਕਾਂਦੇ, ਸਿੱਖਾਂ ਦੇ ਘਰ ਦਿਖਾਂਦੇ ਤੇ ਮਿੱਟੀ ਦਾ ਤੇਲ ਵੰਡਦੇ ਹੋਏ ਦੇਖਿਆ ।

ਮੰਗੋਲਪੁਰੀ ਵਿੱਚ ਇੱਕ ਨਾਂ ਸਭ ਨੇ ਦੋਹਰਾਇਆ, ਉਹ ਸੀ, ਇੰਕਾ ਦੇ ਸਾਂਸਦ ਸ੍ਰੀ ਸੱਜਣ ਕੁਮਾਰ ਦਾ । ਸਭਨੇ ਲਗਭਗ ਇਕੋ ਜਿਹੇ ਲਫ਼ਜ਼ਾਂ ਵਿੱਚ ਕਿਹਾ ਕਿ ਇਹ ਹਿੰਸਾ ਉਸੀ ਦੇ ਦਿਮਾਗ ਦੀ ਉਪਜ ਹੈ । ਕੁਝ ਲੋਕਾਂ ਨੇ ਦੋਸ਼ ਲਗਾਇਆ ਕਿ ਇਸ ਖ਼ੂਨੀਕਾਂਡ ਵਿੱਚ ਭਾਗ ਲੈਣ ਵਾਲਿਆਂ ਨੂੰ ਸੱਜਣ ਕੁਮਾਰ ਨੇ ਸੌ-ਸੌ ਰੁਪਏ ਤੇ ਇੱਕ-ਇੱਕ ਸ਼ਰਾਬ ਦੀ ਬੋਤਲ ਦਿੱਤੀ । ਜਿੰਦਾ ਬਚੇ ਸਿੱਖਾਂ ਦੇ ਮਨ ਵਿੱਚ ਸੱਜਣ ਕੁਮਾਰ ਦੇ ਪ੍ਰਤੀ ਇਤਨੀ ਨਫ਼ਰਤ ਹੈ, ਇਹ ਗੱਲ ਤਾਂ ਸਪਸ਼ਟ ਹੋ ਗਈ ਜਦ ਉਹ 4 ਨਵੰਬਰ ਨੂੰ ਮੰਗੋਲਪੁਰੀ ਥਾਣੇ ਵਿੱਚ ਆਏ । ਜਿੱਥੇ ਸਿੱਖ ਸ਼ਰਨਾਰਥੀ ਕੈਂਪਾਂ ਵਿੱਚ ਭੇਜੇ ਜਾਣ ਦੀ ਉਡੀਕ ਕਰ ਰਹੇ ਸੀ । ਸਾਡੇ ਦਲ ਦੇ ਮੈਂਬਰਾਂ ਨੇ ਖੁਦ ਦੇਖਿਆ ਕਿ ਸਿੱਖਾਂ ਨੇ ਉਸਦੇ ਮੂੰਹ ਤੇ ਉਸਨੂੰ ਬੁਰਾ-ਭਲਾ ਕਿਹਾ ਤੇ ਹੱਤਿਆਕਾਂਡ ਲਈ ਦੋਸ਼ੀ ਠਹਿਰਾਇਆ । ਇੰਕਾ ਦੇ ਇਸ ਮੈਂਬਰ ਨੇ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਣ ਦੀ ਕੋਸ਼ਿਸ਼ ਕੀਤੀ ਤੇ ਕਿਹਾ ਕਿ 'ਆਪ ਤੋ ਕਾਂਗਰਸ (ਈ) ਕੇ ਸਮਰਥਕ ਹੈਂ, ਭਲਾ ਮੇਰੀ ਪਾਰਟੀ ਆਪਕੋ ਕਿਉਂ ਮਾਰੇਗੀ ?" ਉਲਟਾ ਸਾਰਾ ਦੋਸ਼ ਉਪਰਾਜਪਾਲ ਤੇ ਲਾ ਦਿੱਤਾ (ਕਿਉਂਕਿ ਇੱਕ ਦਿਨ ਪਹਿਲੇ ਹੀ ਨਵਾਂ ਉਪਰਾਜਪਾਲ ਨਿਯੁਕਤ ਕੀਤਾ ਗਿਆ ਸੀ) ਉੱਥੇ ਦੱਸਿਆ ਗਿਆ ਕਿ ਭੁਖ ਨਾਲ ਪਰੇਸ਼ਾਨ ਸ਼ਰਨਾਰਥੀਆਂ ਨੇ ਸੱਜਣ ਕੁਮਾਰ ਦਵਾਰਾ ਲਿਆਂਦੇ ਗਏ ਖਾਣੇ ਨੂੰ ਛੂਣ ਤੋਂ ਵੀ ਇਨਕਾਰ ਕਰ ਦਿੱਤਾ । ਹਮਲਾਵਰ ਭੀੜ ਦੀ ਹਿੰਸਕ ਵਾਰਦਾਤਾਂ ਵਿੱਚ ਅਤਿਅੰਤ ਬਾਬਰਾਨਾ ਅਤਿਆਚਾਰ ਕੀਤੇ ਗਏ । ਜਿੰਦਾ ਬਚੀਆਂ ਔਰਤਾਂ ਨੇ ਸਾਨੂੰ ਦਸਿਆ ਕਿ ਕਿਸ ਤਰ੍ਹਾਂ



ਨਵੰਬਰ 1984 ਵਿੱਚ ਹੋਏ ਯਤੀਮ ਬੱਚੇ ਜਿਨ੍ਹਾਂ ਦੇ ਪਰਿਵਾਰ ਵਿੱਚ ਜਬਰਦਸਤ ਤਬਾਹੀ ਹੋਈ।

ਉਨ੍ਹਾਂ ਦੇ ਬੱਚਿਆਂ ਨੂੰ ਚੀਰ ਦਿੱਤਾ ਗਿਆ, ਉਨ੍ਹਾਂ ਦੇ ਪਤੀ ਤੇ ਬੇਟੇ ਨੂੰ ਪਹਿਲੇ ਵਾਲ ਕਟਵਾਣ ਲਈ ਮਜਬੂਰ ਕੀਤਾ ਗਿਆ, ਫਿਰ ਉਨ੍ਹਾਂ ਨੂੰ ਲੋਹੇ ਦੇ ਸਰੀਏ ਨਾਲ ਕੁੱਟਕੇ ਜਿੰਦਾ ਜਲਾ ਦਿੱਤਾ ਗਿਆ । ਮੰਗੋਲਪੁਰੀ ਦੇ ਸਾਰੇ 26 ਬਲਾਕਾਂ ਦੇ ਲਗਭਗ ਹਰ ਸਿੱਖ ਪਰਿਵਾਰ ਤੇ ਹਮਲਾ ਹੋਇਆ । ਤੇ ਉਨ੍ਹਾਂ ਨੂੰ ਬਰਬਾਦ ਕਰ ਦਿੱਤਾ ਗਿਆ । ਘਰ ਦੇ ਜਵਾਨ ਆਦਮੀਆਂ ਨੂੰ ਖ਼ਾਸ ਕਰਕੇ ਨਿਸ਼ਾਨਾ ਬਣਾਇਆ ਗਿਆ । ਸਰਕਾਰ ਨੇ ਕੇਵਲ 9 ਮ੍ਰਿਤਕਾਂ ਦੀ ਗਿਣਤੀ ਦੇਕੇ ਹੱਤਿਆ ਦੇ ਸਹੀ ਆਂਕੜਿਆਂ ਨੂੰ ਜਾਣ-ਬੁੱਝ ਕੇ ਘੱਟ ਕਰਣ ਦੀ ਜੋ ਕੋਸ਼ਿਸ਼ ਕੀਤੀ ਹੈ, ਉਹ ਇਸ ਗੱਲ ਤੋਂ ਝੂਠੀ ਸਾਬਤ ਹੋ ਜਾਂਦੀ ਹੈ ਕਿ ਸੀ. ਪੀ. ਆਈ. (ਐਮ.) ਨੇ ਕੁੱਝ ਬਲਾਕਾਂ ਵਿੱਚ ਹੀ ਘਰ-ਘਰ ਜਾ ਕੇ ਜਿਹੜਾ ਸਰਵੇ ਕੀਤਾ, ਉਸੀ ਦੇ ਮੁਤਾਬਕ ਘੱਟ ਤੋਂ ਘੱਟ 51 ਲੋਕ ਮਾਰੇ ਗਏ ਹਨ । 5 ਨਵੰਬਰ ਨੂੰ ਮੰਗੋਲਪੁਰੀ ਗਏ ਤਾਂ ਉਹ ਜਗ੍ਹਾ ਦਿਖਾਈਆਂ ਗਈਆਂ ਜਿੱਥੇ ਲਾਸ਼ਾਂ ਜਲਾਈਆਂ ਗਈਆਂ ਸੀ । ਤੇ ਉਹ ਨਾਲਾ ਵੀ ਦਿਖਾਇਆ ਗਿਆ, ਜਿਸ ਵਿੱਚ ਲੋਕਾਂ ਦੇ ਮੁਤਾਬਕ ਕਈ ਸੌ ਲਾਸ਼ਾਂ ਸੁੱਟੀਆਂ ਗਈਆਂ ।

3 ਨਵੰਬਰ ਦੀ ਸ਼ਾਮ ਨੂੰ ਪਹਿਲੀ ਵਾਰ ਮੰਗੋਲਪੁਰੀ ਵਿੱਚ ਮਿਲਟਰੀ ਪਹੁੰਚੀ । ਉਸ ਘਟਨਾ ਦਾ ਵਰਨਣ ਕਰਦੇ ਹੋਏ ਸ਼ਕੂਰਪੁਰ ਸ਼ਰਨਾਰਥੀ ਕੈਂਪ ਵਿੱਚ ਇੱਕ ਸਿੱਖ ਸੱਜਣ ਨੇ ਸਾਨੂੰ ਦੱਸਿਆ ਕਿ ਪਹਿਲੇ ਭੀੜ ਨੇ ਉਨਾਂ ਸਭ ਨੂੰ ਇਕ ਪਾਰਕ ਵਿੱਚ ਖੜਾ ਕਰ ਦਿੱਤਾ । ਭੀੜ ਉਨ੍ਹਾਂ ਨੂੰ ਸਾੜ ਕੇ ਖਤਮ ਕਰਣ ਹੀ ਵਾਲੀ ਸੀ ਕਿ ਮਿਲਟਰੀ ਉੱਥੇ ਪਹੁੰਚ ਗਈ ਤੇ ਉਨ੍ਹਾਂ ਨੂੰ ਬਚਾ ਲਿਆ ਗਿਆ । ਮਿਲਟਰੀ ਦੇ ਆਣ ਤੋਂ ਪਹਿਲਾਂ ਅਗਰ ਸਿੱਖਾਂ ਨੂੰ ਕਿੱਧਰੇ ਸ਼ਰਨ ਮਿਲੀ ਤਾਂ ਉਹ ਉਨ੍ਹਾਂ ਦੇ ਹਿੰਦੂ ਤੇ ਮੁਸਲਮਾਨ ਗੁਆਂਢੀਆਂ ਦੇ ਘਰਾਂ ਵਿੱਚ, ਜਿਨ੍ਹਾਂ ਨੇ ਆਪਣੀ ਜਾਨ ਖਤਰੇ ਵਿੱਚ ਪਾ ਕੇ ਸਿੱਖਾਂ ਨੂੰ ਆਸਰਾ ਦਿੱਤਾ । ਇਨਾਂ ਗੁਆਂਢੀਆਂ ਨੇ ਸਿੱਖਾਂ ਨੂੰ ਆਪਣੇ ਘਰਾਂ ਤੇ ਦੁਕਾਨਾਂ ਵਿੱਚ ਛੁਪਾਇਆ ਤੇ ਉਨਾਂ ਨੂੰ ਲਭਦੀ ਹੋਈ ਭੀੜ ਤੋਂ ਬਚਾਇਆ । ਨਾਂਗਲੋਈ ਵਿੱਚ ਇੱਕ ਮੁਸਲਿਮ ਯੁਵਕ ਨੇ ਸਾਨੂੰ ਦਸਿਆ ਕਿ ਉਸਦੇ ਪਰਿਵਾਰ ਨੇ ਕਿਸ ਤਰ੍ਹਾਂ ਕਈ ਸਿੱਖ ਬੰਦਿਆਂ, ਜਨਾਨੀਆਂ ਤੇ ਬੱਚਿਆਂ ਨੂੰ ਬਚਾਇਆ ਤੇ ਕਿਵੇਂ ਉਨ੍ਹਾਂ ਨੂੰ ਚੁਪਕੇ ਜਿਹੇ ਸ਼ਰਨਾਰਥੀ ਕੈਂਪਾਂ ਵਿੱਚ ਪਹੁੰਚਾਇਆ ।

ਮੰਗੋਲਪੁਰੀ ਦੇ ਇੱਕ ਹਿੰਦੂ ਨਿਵਾਸੀ ਸ਼੍ਰੀ ਸੀ. ਲਾਲ ਦਾ ਤਜਰਬਾ ਆਪਣੇ ਆਪ ਵਿੱਚ ਬਹੁਤ ਕੁੱਝ ਕਹਿੰਦਾ ਹੈ । ਉਨ੍ਹਾਂ ਨੇ 1947 ਵਿੱਚ ਸਿਆਲਕੋਟ ਤੋਂ ਭਾਰਤ ਆਣ ਦੇ ਦਿਨਾਂ ਨੂੰ ਭੋਗਿਆ ਸੀ । ਇਸ ਨਵੰਬਰ ਦੇ ਪਹਿਲੇ ਹਫ਼ਤੇ ਵਿੱਚ ਉਨ੍ਹਾਂ ਨੂੰ ਫਿਰ ਉਸੇ ਹਾਲਾਤ ਵਿੱਚੋਂ ਲੰਘਣਾ ਪਿਆ । ਜਦੋਂ ਉਨ੍ਹਾਂ ਦੇ ਭਰਾ ਦੀ ਦੁਕਾਨ ਇਸ ਲਈ ਸਾੜ ਦਿੱਤੀ ਗਈ ਕਿ ਉਨ੍ਹਾਂ ਨੇ ਕਈ ਸਿੱਖ ਪਰਿਵਾਰਾਂ ਨੂੰ ਆਸਰਾ ਤੇ ਸਿੱਖਾਂ ਦੀ ਸੁਰੱਖਿਆ ਲਈ ਆਪਣੇ ਇਲਾਕੇ ਵਿੱਚ ਸ਼ਾਂਤੀ ਕਮੇਟੀ ਬਣਾਈ ਸੀ ।

3. ਤ੍ਰਿਲੋਕਪੁਰੀ

ਜਮਨਾਪਾਰ ਦੀ ਪੁਨਰਵਾਸ ਕਾਲੋਨੀ ਤ੍ਰਿਲੋਕਪੁਰੀ ਵਿੱਚ 31 ਅਕਤੂਬਰ ਤੋਂ 2 ਨਵੰਬਰ ਤੱਕ ਦੀਆਂ ਘਟਨਾਵਾਂ ਨਿਰਮਮ ਹੱਤਿਆਵਾਂ ਦਾ ਇੱਕ ਹਿਰਦੇ ਵੇਦਕ ਕਾਂਡ ਸੀ । ਕੇਵਲ 48 ਘੰਟੇ ਵਿੱਚ ਲਗਭਗ 500 ਸਿੱਖ ਜਿਨ੍ਹਾਂ ਵਿੱਚ ਜਿਆਦਾਤਰ ਨੌਜਵਾਨ ਸੀ, ਜਿੰਦਾ ਜਲਾ ਦਿੱਤੇ ਗਏ । ਇਹ ਕਾਂਡ ਇੱਕ ਇੰਕਾ ਪਾਰਸ਼ਦ ਦੀ ਅਗਵਾਈ ਵਿੱਚ ਦੰਗਾਈਆਂ ਦੇ ਸੰਗਠਿਤ ਗਰੋਹ ਤੇ ਇਲਾਕੇ ਦੀ ਪੁਲਿਸ ਦੀ ਮਿਲੀਭਗਤ ਨਾਲ ਹੋਇਆ ।

ਹੋਰ ਜਗ੍ਹਾ ਦੀ ਤਰ੍ਹਾਂ ਇੱਥੇ ਵੀ ਇਸ ਕਤਲੇਆਮ ਤੋਂ ਪਹਿਲੇ ਜਾਣੀ-ਪਹਿਚਾਣੀ ਅਫ਼ਵਾਹ ਫੈਲੀ ਕਿ ਸਿੱਖ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੇ ਖੁਸ਼ੀਆਂ ਮਨਾ ਰਹੇ ਹਨ । ਪਰ ਤ੍ਰਿਲੋਕਪੁਰੀ ਵਿੱਚ ਤਾਂ ਘਟਨਾਚੱਕਰ

TIMES OF INDIA

DELHI, SUNDAY, OCTOBER 9, 1988



The Jan Morcha leader, Mr V. P. Singh, offering a glass of juice to Mr Gurcharan Singh Babbar, who went on hunger-strike in Delhi demanding stringent steps to curb violence against the Sikh community. — TOI photo

ਦਾ ਇੱਕ ਦੂਜਾ ਰੂਪ ਦਸਿਆ ਗਿਆ ਕਿ 31 ਅਕਤੂਬਰ ਨੂੰ ਹਿੰਦੂਆਂ ਦੀ ਭੀੜ ਗੁਰਦਵਾਰੇ ਤੇ ਹਮਲਾ ਕਰਣ ਆਈ ਤਾਂ ਸਿੱਖਾ ਨੇ ਤਲਵਾਰਾਂ ਕੱਢਕੇ ਉਸਦਾ ਵਿਰੋਧ ਕੀਤਾ । ਜਦ ਭੀੜ ਨੇ ਗੁਰਦਵਾਰੇ ਤੇ ਹਮਲਾ ਕੀਤਾ ਤਾਂ ਉਸਤੇ ਗੁਰਦਵਾਰੇ ਦੀ ਛੱਤ ਤੋਂ ਪਥਰਾਵ ਕੀਤਾ ਗਿਆ ਤੇ ਫਿਰ ਦੰਗਾ ਸ਼ੁਰੂ ਹੋ ਗਿਆ । ਸਾਨੂੰ ਆਪਣੀ ਛਾਨਬੀਨ ਦੇ ਦੌਰਾਨ ਇੱਕ ਵੀ ਐਸਾ ਬੰਦਾ ਨਹੀਂ ਮਿਲਿਆ ਜੋ ਇਹ ਕਹਿੰਦਾ ਕਿ ਉਸਨੇ ਖੁਦ ਸਿੱਖਾਂ ਨੂੰ ਮਿਠਾਈ ਵੰਡਦੇ ਦੇਖਿਆ ਹੈ । ਪਰੰਤੂ ਕੁੱਝ ਨੇ ਇਹ ਜ਼ਰੂਰ ਕਿਹਾ ਹੈ ਕਿ ਜਦੋਂ ਹਿੰਦੂਆਂ ਦੀ ਭੀੜ ਗੁਰਦਵਾਰੇ ਤੇ ਹਮਲਾ ਕਰਣ ਆਈ ਤਾਂ ਉਨ੍ਹਾਂ ਨੇ ਸਿੱਖਾਂ ਨੂੰ ਤਲਵਾਰ ਕੱਢਕੇ ਭੀੜ ਨੂੰ ਧਮਕਾਂਦੇ ਹੋਏ ਦੇਖਿਆ ।

ਹੱਤਿਆਕਾਂਡ ਵਿੱਚ ਜਿੰਦਾ ਬਚੇ ਲੋਕਾਂ, ਹਿੰਦੂ ਗੁਆਂਢੀਆਂ ਤੇ 2 ਨਵੰਬਰ ਨੂੰ ਘਟਨਾਸਥਾਨ ਤੇ ਪਹੁੰਚਣ ਵਾਲੇ ਰਿਪੋਰਟਰਾਂ ਨਾਲ ਗੱਲ ਕਰਕੇ ਅਸੀਂ ਘਟਨਾਕ੍ਰਮ ਦਾ ਇਹ ਕ੍ਰਮ ਬਣਦਾ ਹੈ । ਇਸ ਬਾਬਰਾਨਾ ਕਾਂਡ ਦੀ ਸ਼ੁਰੂਆਤ 31 ਅਕਤੂਬਰ ਦੀ ਸਭਾ ਨਾਲ ਹੋਈ, ਜੋ ਇੰਕਾ ਪਾਰਸ਼ਦ ਡਾ. ਅਸ਼ੋਕ ਕੁਮਾਰ ਨੇ ਤ੍ਰਿਲੋਕਪੁਰੀ ਵਿੱਚ ਕੀਤੀ । ਡਾ. ਅਸ਼ੋਕ ਕੁਮਾਰ ਦਾ ਦਵਾਖਾਨਾ ਇੱਕ ਕਿਲੋਮੀਟਰ ਦੂਰ ਕਲਿਆਨਪੁਰੀ ਵਿੱਚ ਹੀ ਹੈ । ਸਭਾ ਤੋਂ ਤੁਰੰਤ ਬਾਅਦ ਭੜਕੀ ਹਿੰਸਾ ਅਗਲੇ ਦਿਨ ਸਵੇਰੇ ਹੋਰ ਤੇਜ਼ ਹੋ ਗਈ । ਜਦੋਂ ਨਾਲ ਦੇ ਚਿੱਲਾ ਪਿੰਡ ਦੇ ਗੁਜੱਰ ਕਿਸਾਨਾਂ ਨੇ ਤ੍ਰਿਲੋਕਪੁਰੀ ਤੇ ਧਾਵਾ ਬੋਲਿਆ । ਉਨ੍ਹਾਂ ਨੇ ਇਲਾਕੇ ਦੇ ਲੋਕਾਂ (ਜੋ ਕਿ ਨਿਵਾਸੀਆਂ ਦਵਾਰਾ ਛੋਟੀਆਂ ਜਾਤਾਂ ਦੇ ਦੱਸੇ ਗਏ) ਦੇ ਨਾਲ ਬਲਾਕ 28, 32, 33, ਤੇ 34 ਤੇ ਹਮਲਾ ਕੀਤਾ ਤੇ ਬਹੁਤ ਸੋਚੇ ਹੋਏ ਢੰਗ ਨਾਲ ਸਿੱਖਾਂ ਦੇ ਘਰਾਂ ਤੇ ਹਮਲਾ ਕੀਤਾ, ਜਵਾਨਾਂ ਨੂੰ ਬਾਹਰ ਘਸੀਟਿਆ, ਮਾਰਿਆ, ਜਲਾਇਆ ਤੇ ਫਿਰ ਘਰਾਂ ਵਿੱਚ ਅੱਗ ਲਗਾ ਦਿੱਤੀ । ਕਈ ਮਾਮਲਿਆਂ ਵਿੱਚ ਹੱਤਿਆਰਿਆਂ ਨੇ ਮਿੱਟੀ ਦਾ ਤੇਲ ਛਿੜਕਣ ਤੋਂ ਪਹਿਲਾਂ ਲੋਹੇ ਦੀਆਂ ਛੜਾਂ ਨਾਲ ਵੀ ਲੋਕਾਂ ਦੇ ਸਿਰ ਤੇ ਵਾਰ ਕੀਤੇ ।

ਮਾਰਕਾਟ ਤੇ ਲੁੱਟਪਾਟ ਵਿੱਚ ਹਿੱਸਾ ਲੈਣ ਵਾਲਿਆਂ ਦੀ ਲਿਸਟ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਵਿੱਚ ਬਹੁਤ ਸਾਰੇ ਕੁਖਿਆਤ ਸਮਾਜ ਵਿਰੋਧੀ ਤੱਤ ਸੀ, ਜਿੰਨਾਂ ਨੂੰ ਇਲਾਕੇ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ । ਇਨ੍ਹਾਂ ਵਿੱਚੋਂ ਇੱਕ ਬਲਾਕ 32 ਦੇ ਮਕਾਨ ਨੰ : 90 ਦਾ ਸੋਮਨਾਥ ਹੈ ਜੋ ਹੁਸ਼ਿਆਰ ਸਿੰਘ (ਸਪੁਤਰ ਮਿਲਾਪ ਸਿੰਘ ਤੇ ਤਿੰਨ ਹੋਰ ਜਵਾਨਾਂ ਦੀ ਹੱਤਿਆ ਲਈ ਜਿੰਮੇਦਾਰ ਸੀ । ਉਸਨੇ ਉਨ੍ਹਾਂ ਨੂੰ ਇੱਕ ਘਰ ਵਿੱਚ ਬੰਦ ਕਰ ਦਿੱਤਾ, ਬਾਦ ਵਿੱਚ ਹੋਰ ਲੋਕਾਂ ਦੀ ਮਦਦ ਨਾਲ ਉਨ੍ਹਾਂ ਨੂੰ ਮਾਰ ਦਿੱਤਾ । (ਤ੍ਰਿਲੋਕਪੁਰੀ ਦੇ ਅਪਰਾਧੀ ਤੇ ਉਨ੍ਹਾਂ ਦੇ ਅਪਰਾਧਾਂ ਦੀ ਇੱਕ ਲੰਬੀ ਲਿਸਟ ਪਰਿਸ਼ਿਸ਼ਟ 4 ਵਿੱਚ ਹੈ)

ਇਸ ਖੂਨੀਕਾਂਡ ਵਿੱਚ ਕੁਝ ਦੁਕਾਨਦਾਰ ਵੀ ਸ਼ਾਮਲ ਸਨ, ਜਿਨ੍ਹਾਂ ਨੇ ਅੱਗਜਨੀ ਕਰਨ ਵਾਲਿਆਂ ਨੂੰ ਮਿੱਟੀ ਦਾ ਤੇਲ ਦਿੱਤਾ । ਮਾਰਨ ਵਾਲਿਆਂ ਵਿੱਚ ਗੁਆਂਢੀਆਂ ਸਮੇਤ ਛੋਟੇ-ਮੋਟੇ ਧੰਧੇ ਕਰਨ ਵਾਲੇ, ਜਿਵੇਂ ਦੁੱਧ ਵੇਚਣ ਵਾਲੇ, ਮਕੈਨਿਕ ਤੇ ਸੀਮੇਂਟ ਵੇਚਣ ਵਾਲੇ ਸ਼ਾਮਲ ਸਨ ਦੰਗਾ-ਪੀੜਤਾਂ ਵਿੱਚ ਜ਼ਿਆਦਾਤਰ ਗਰੀਬ ਸਿੱਖ ਸੀ-ਮਕੈਨਿਕ, ਦਿਹਾੜੀ ਮਜ਼ਦੂਰ, ਤਰਖਾਣ ਤੇ ਦੂਜੇ ਦਸਤਕਾਰ ।

ਦੰਗਿਆਂ ਦੇ ਦੌਰਾਨ ਇੱਥੇ ਵੀ ਪੁਲਿਸ ਦੀ ਭੂਮਿਕਾ ਦੂਜੀਆਂ ਥਾਵਾਂ ਵਾਂਗ ਹੀ ਰਹੀ । ਕਲਿਆਣਪੁਰੀ ਥਾਣੇ ਵਿੱਚ, ਜਿਸਦੇ ਅਧੀਨ ਤ੍ਰਿਲੋਕਪੁਰੀ ਆਂਦਾ ਹੈ, 113 ਪੁਲਿਸ ਵਾਲੇ ਤੈਨਾਤ ਸੀ । ਇਨ੍ਹਾਂ ਵਿੱਚ ਇੱਕ ਇੰਸਪੈਕਟਰ (ਜੋ ਹੁਣ ਐਸ. ਐਚ. ਓ. ਹੈ) ਤੇ ਤਕਰੀਬਨ 90 ਕਾਂਸਟੇਬਲ ਸ਼ਾਮਲ ਹਨ । ਐਸ. ਐਚ. ਓ. ਇੱਕ ਨਵੰਬਰ ਨੂੰ ਦਿਨ ਦੇ 2.30 ਵਜੇ ਉਸ ਵਕਤ ਤ੍ਰਿਲੋਕਪੁਰੀ ਪਹੁੰਚਿਆ, ਜਦੋਂ ਲੁੱਟਮਾਰ ਤੇ ਕਤਲ ਹੋ ਰਹੇ ਸਨ । ਉਸਨੇ ਸਭ ਤੋਂ ਪਹਿਲਾ ਕੰਮ ਉਥੋਂ ਹੈਡ ਕਾਂਸਟੇਬਲ ਤੇ ਹੋਰ ਕਾਂਸਟੇਬਲਾਂ ਨੂੰ ਹਟਾਣ ਦਾ ਕੀਤਾ ਤੇ ਇਸ ਤਰ੍ਹਾਂ ਅਪਰਾਧੀਆਂ ਨੂੰ ਸ਼ਨਾਖ਼ਤ ਤੋਂ ਬੱਚ ਨਿਕਲਣ ਦਾ ਪੂਰਾ ਮੌਕਾ ਦੇ ਦਿੱਤਾ । ਉਸਤੋਂ ਬਾਅਦ ਤਾਂ

ਨਵੰਬਰ 1984 ਦੀਆਂ ਵਿਧਵਾਵਾਂ ਇਨਸਾਫ਼ ਲਈ ਰਾਜੀਵ ਗਾਂਧੀ ਦੀ ਕੋਠੀ ਦੇ ਬਾਅਰ ਜਬਰਦਸਤ ਪ੍ਰਦਰਸ਼ਨ ਕਰਦੀਆਂ ਹੋਈਆਂ।

ਅੱਗਜ਼ਨੀ, ਬਲਾਤਕਾਰ ਤੇ ਹੱਤਿਆ ਦਾ ਦੌਰ ਬਗੈਰ ਰੋਕ-ਟੋਕ ਦੇ ਚਲਦਾ ਰਿਹਾ । ਬਾਦ ਵਿੱਚ ਪੁਲਿਸ ਦੇ ਵੱਡੇ ਅਧਿਕਾਰੀ ਨੇ ਇਨਕੁਆਰੀ ਕਰਕੇ ਪਤਾ ਕੀਤਾ ਕਿ 14 ਤੋਂ 50 ਸਾਲ ਤੱਕ ਦੀਆਂ ਕਈ ਔਰਤਾਂ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ । ਬਾਦ ਵਿੱਚ ਤ੍ਰਿਲੋਕਪੁਰੀ ਤੋਂ 7 ਬਲਾਤਕਾਰ ਦੇ ਮਾਮਲੇ ਜੈਪ੍ਰਕਾਸ਼ ਨਾਰਾਇਣ ਹਸਪਤਾਲ ਵਿੱਚ ਫ਼ਰਜ਼ੀ ਤੌਰ ਤੇ ਰਿਪੋਰਟ ਕੀਤੇ ਗਏ ।

ਇਸ ਖ਼ੂਨੀਕਾਂਡ ਦੀ ਚਰਮ ਸੀਮਾ ਤੇ ਵੀ ਹੱਤਿਆਵਾਂ ਦੇ ਸਿਲਸਿਲੇ ਨੂੰ ਰੋਕਣ ਦੀ ਕੋਈ ਕੋਸ਼ਿਸ ਪੁਲਿਸ ਨੇ ਨਹੀਂ ਕੀਤੀ । 2 ਨਵੰਬਰ ਦੀ ਸ਼ਾਮ 5.30 ਵਜੇ ਏ. ਸੀ. ਪੀ. ਨਿਖਿਲ ਕੁਮਾਰ ਨੂੰ ਸੂਚਨਾ ਮਿਲੀ ਕਿ "ਬਲਾਕ 32 ਵਿੱਚ ਮਾਰਕਾਟ ਹੋ ਰਹੀ ਹੈ ।" ਪਰ ਪੁਲਿਸ ਕੰਟਰੋਲ ਰੂਮ ਵਿੱਚ ਸਿਰਫ਼ ਇਹ ਲਿਖਿਆ ਗਿਆ ਕਿ ਕੇਵਲ ਤਿੰਨ ਵਿਅਕਤੀ ਜ਼ਖ਼ਮੀ ਹੋਏ ਹਨ ਅਤੇ ਇਹ ਗੱਲ ਉਦੋਂ ਦੀ ਹੈ, ਜਦ ਤ੍ਰਿਲੋਕਪੁਰੀ ਦੇ ਕਈ ਬਲਾਕਾਂ ਵਿੱਚ ਘਰਾਂ ਦੀਆਂ ਕਤਾਰਾਂ ਦੀਆਂ ਕਤਾਰਾਂ ਸੜ ਰਹੀਆਂ ਸੀ । ਤੇ ਉਨ੍ਹਾਂ ਵਿੱਚ ਰਹਿਣ ਵਾਲੇ ਮਾਰੇ ਜਾ ਰਹੇ ਸਨ ।

ਦਿੱਲੀ ਦੀ ਇੱਕ ਅਖਬਾਰ ਦਾ ਰਿਪੋਰਟਰ ਜਦੋਂ 2 ਨਵੰਬਰ ਨੂੰ ਲਗਭਗ 2 ਵਜੇ ਤ੍ਰਿਲੋਕਪੁਰੀ ਪਹੁੰਚਿਆ ਤਾਂ ਬਲਾਕ 28 ਵਿੱਚ ਹਿੰਸਕ ਭੀੜ ਨੇ ਉਹਨੂੰ ਰੋਕ ਕੇ ਧਮਕੀ ਦਿੱਤੀ ਤੇ ਉਸਦੀ ਕਾਰ ਤੇ ਪੱਥਰ ਸੁੱਟੇ । ਜਦ ਉਹ ਕਲਿਆਣਪੁਰੀ ਥਾਣੇ ਵਿੱਚ ਗਿਆ ਤਾਂ ਐਸ. ਐਚ. ਓ. ਸ਼ੁਰਵੀਰ ਸਿੰਘ ਨੇ ਉਸਨੂੰ ਕਿਹਾ ਕਿ ਇਲਾਕੇ ਵਿੱਚ ਪੂਰੀ ਸ਼ਾਂਤੀ ਹੈ । ਪਰ ਉਸ ਰਿਪੋਰਟਰ ਨੇ ਥਾਣੇ ਦੇ ਬਾਹਰ ਖੜੇ ਟਰੱਕ ਵਿੱਚ ਚਾਰ ਲਾਸ਼ਾਂ ਦੇਖੀਆਂ, ਜਿਨ੍ਹਾਂ ਵਿੱਚ ਇੱਕ ਹਰਕਤ ਕਰ ਰਹੀ ਸੀ । ਪ੍ਰੇਸ਼ਾਨ ਹੋ ਕੇ ਉਹ ਰਿਪੋਰਟਰ ਪੁਲਿਸ ਕੰਟਰੋਲ ਰੂਮ ਵੱਲ ਚੱਲਿਆ ਤਾਂ ਉਸਨੇ ਨਿਜਾਮੁਦੀਨ ਪੁੱਲ ਦੇ ਕੋਲ ਲਗਭਗ 70 ਸਿੱਖ ਔਰਤਾਂ ਤੇ ਬੱਚਿਆਂ ਨੂੰ ਜਾਂਦੇ ਦੇਖਿਆ । ਉਨ੍ਹਾਂ ਨੇ ਉਸਨੂੰ ਦਸਿਆ ਕਿ ਉਨ੍ਹਾਂ ਦੇ ਘਰ ਦੇ ਸਾਰੇ ਆਦਮੀਆਂ ਨੂੰ ਮਾਰ ਦਿੱਤਾ ਗਿਆ ਹੈ । ਉਸ ਰਿਪੋਰਟਰ ਨੇ ਉੱਥੇ ਖੜੇ ਸੈਨਿਕ ਅਧਿਕਾਰੀਆਂ ਕੋਲੋਂ ਮਦਦ ਮੰਗੀ, ਲੇਕਿਨ ਉਨ੍ਹਾਂ ਕੋਲੋਂ ਕੋਈ ਮਦਦ ਨਹੀਂ ਮਿਲੀ ਕਿਉਂਕਿ ਇੱਕ ਤਾਂ ਉਨ੍ਹਾਂ ਵਿੱਚੋਂ ਜ਼ਿਆਦਾਤਰ ਦਾ ਅਪਣੇ-ਅਪਣੇ ਕੰਟਰੋਲ ਰੂਮ ਤੋਂ ਸੰਪਰਕ ਟੁੱਟ ਗਿਆ ਸੀ । ਤੇ ਦੂਜੇ ਉਨ੍ਹਾਂ ਕੋਲ ਕੋਈ ਸਪਸ਼ਟ ਆਡਰ ਨਹੀਂ ਸੀ । ਆਖਰਕਾਰ ਆਈ. ਟੀ. ਓ. ਪੁਲਿਸ ਹੈਡਕਵਾਟਰ ਪਹੁੰਚਕੇ ਉਹ ਏ. ਸੀ. ਪੀ. ਨਿਖਿਲ ਕੁਮਾਰ ਨੂੰ ਮਿਲਿਆ । ਪਰ ਨਿਖਿਲ ਕੁਮਾਰ ਨੇ ਕਿਹਾ ਕਿ ਮੈਂ ਕੁਝ ਨਹੀਂ ਕਰ ਸਕਦਾ । ਮੈਂ ਕੇਵਲ ਤੁਹਾਡਾ ਸੰਦੇਸ਼ ਕੰਟਰੋਲ ਰੂਮ ਤੱਕ ਪਹੁੰਚਾ ਸਕਦਾ ਹਾਂ ।

ਇਹ ਰਿਪੋਰਟਰ ਉਸੀ ਸ਼ਾਮ ਦੋਬਾਰਾ ਤ੍ਰਿਲੋਕਪੁਰੀ ਗਿਆ ਤੇ ਉਸਨੇ ਉਸ ਖ਼ੂਨੀਕਾਂਡ ਦੇ ਨਿਸ਼ਾਨ ਦੇਖੇ- ਜਲੇ ਹੋਏ ਘਰ ਤੇ ਲਾਸ਼ਾਂ ਅਤੇ ਉਹੀ ਐਸ. ਐਚ. ਓ. ਦੋ ਕਾਂਸਟੇਬਲਾਂ ਦੇ ਨਾਲ ਘੁੰਮ ਰਿਹਾ ਸੀ । ਇਹ ਰਿਪੋਰਟਰ ਦੁਬਾਰਾ ਪੁਲਿਸ ਹੈਡਕਵਾਟਰ ਗਿਆ ਤਾਂ ਉਸਨੂੰ ਇੱਕ ਹੋਰ ਏ. ਸੀ. ਪੀ. ਨੇ ਦਸਿਆ ਕਿ ਜਿਥੋਂ ਤੱਕ ਉਸਨੂੰ ਪਤਾ ਹੈ ਤ੍ਰਿਲੋਕਪੁਰੀ ਵਿੱਚ ਪੂਰੀ ਸ਼ਾਂਤੀ ਹੈ । ਰਿਪੋਰਟਰ ਨੇ ਉਸਨੂੰ ਦਸਿਆ ਕਿ ਘੱਟ ਤੋਂ ਘੱਟ 500 ਲੋਕਾਂ ਨੂੰ ਸਾੜ ਦਿੱਤਾ ਗਿਆ ਹੈ, ਪਰ ਪੁਲਿਸ ਸਿਰਫ਼ ਉਨ੍ਹਾਂ ਲਾਸ਼ਾਂ ਦੀ ਗਿਣਤੀ ਕਰ ਰਹੀ ਹੈ, ਜੋ ਥੋੜੇ ਬਹੁਤ ਪਹਿਚਾਣੀਆਂ ਜਾ ਰਹੀਆਂ ਹਨ । ਤੇ ਉਨ੍ਹਾਂ ਲਾਸ਼ਾਂ ਨੂੰ ਗਿਣ ਵੀ ਨਹੀਂ ਰਹੀ, ਜਿਹੜੀਆਂ ਇਕਦਮ ਸੁਆਹ ਹੋ ਗਈਆਂ ਹਨ ।

2 ਨਵੰਬਰ ਸ਼ਾਮ 7 ਵਜੇ ਹੀ ਪੁਲਿਸ ਦੇ ਵੱਡੇ ਅਧਿਕਾਰੀ ਤ੍ਰਿਲੋਕਪੁਰੀ ਪਹੁੰਚੇ । ਉਦੋਂ ਸੀ. ਆਰ. ਪੀ. ਦੇ ਜਵਾਨਾਂ ਨੂੰ ਉੱਥੇ ਤੈਨਾਤ ਕੀਤਾ ਗਿਆ ਤੇ ਬਚੇ ਹੋਏ ਲੋਕਾਂ ਨੂੰ ਸ਼ਰਨਾਰਥੀ ਕੈਂਪਾਂ ਵਿੱਚ ਭੇਜਿਆ

DECRY
-NCE
हम सिख
एक हैं।
दंगा करनेवाले
देश के दुश्मन

[illegible]

ਗਿਆ । ਤ੍ਰਿਲੋਕਪੁਰੀ ਵਿੱਚ ਜਿੱਥੇ ਜਿੰਦਾ ਬਚੇ ਹੋਏ ਬੁੱਢੇ, ਔਰਤਾਂ ਤੇ ਬੱਚੇ ਮੇਨ ਰੋਡ ਤੇ ਖੁਲੇ ਵਿੱਚ ਇੱਕ-ਦੂਜੇ ਨਾਲ ਲਗਕੇ ਬੈਠੇ ਹੋਏ ਸੀ । ਉਨ੍ਹਾਂ ਵਿੱਚੋਂ ਕੁਝ ਬੁਰੀ ਤਰ੍ਹਾਂ ਜਲੇ ਹੋਏ ਸੀ । ਔਰਤਾਂ ਨੇ ਰੋ-ਰੋ ਕੇ ਦਸਿਆ ਕਿ ਉਨ੍ਹਾਂ ਦੇ ਘਰਾਂ ਦੇ ਆਦਮੀਆਂ ਨੂੰ ਕੱਟ ਸੁੱਟਿਆ ਗਿਆ ਹੈ, ਉਨ੍ਹਾਂ ਨੇ ਦਸਿਆ ਕਿ ਕਈ ਹੱਤਿਆਵਾਂ ਪੁਲਿਸ ਦੇ ਕਹਿਣ ਤੇ ਹੋਈਆਂ ।

ਉਨ੍ਹਾਂ ਵਿੱਚੋਂ ਕਈਆਂ ਨੇ ਕਿਹਾ ਕਿ ਇੰਕਾ ਪਾਰਸ਼ਦ ਡਾ. ਅਸ਼ੋਕ ਕੁਮਾਰ ਨੇ ਭੀੜ ਨੂੰ ਭੜਕਾਇਆ ਸੀ । ਉਨ੍ਹਾਂ ਨੇ ਕਿਹਾ ਕਿ ਪੂਰੇ ਦੋ ਦਿਨ ਤੱਕ ਉਸ ਇਲਾਕੇ ਦੇ ਸਾਰੇ ਸਿੱਖ ਜਾਤੀ ਨੂੰ ਭੀੜ ਦੇ ਹੱਥਾਂ ਵਿੱਚ ਸੌਂਪ ਦਿੱਤਾ ਗਿਆ ਸੀ, ਜਦ ਤੱਕ ਕਿ ਸੀ. ਆਰ. ਪੀ. ਉੱਥੇ ਪਹੁੰਚ ਨਹੀਂ ਗਈ ।

ਅਤੇ ਉਸਤੋਂ ਬਾਅਦ ਇੱਥੇ ਇਤਨਾ ਭਿਆਨਕ ਹੱਤਿਆਕਾਂਡ ਹੋਇਆ, ਜਿਸਦੇ ਕਾਰਨ ਬਲਾਕ 32 ਵਿੱਚ ਘਰਾਂ ਦੇ ਅੰਦਰ ਸੜਦੀਆਂ ਹੋਈਆਂ ਲਾਸ਼ਾਂ ਦੀ ਬਦਬੂ ਆ ਰਹੀ ਸੀ । ਸਾਰੀ ਗਲੀ ਵਿੱਚ ਜਲੇ ਹੋਏ ਕਾਗਜ਼, ਫ਼ਰਨੀਚਰ, ਸਕੂਟਰ ਤੇ ਮਨੁੱਖਾਂ ਦੇ ਢਾਂਚੇ ਵਿੱਚ ਸੁਆਹ ਦੇ ਢੇਰ ਬਿਖਰੇ ਹੋਏ ਸੀ । ਸਾਫ਼ ਸੀ ਕਿ ਇੱਥੇ ਮਨੁਖਾਂ ਨੂੰ ਜਲਾਇਆ ਗਿਆ ਹੈ । ਕੁੱਤੇ ਇੱਧਰ-ਉੱਧਰ ਲਭ ਰਹੇ ਸੀ । ਮਾਨਵ ਸ਼ਰੀਰਾਂ ਦੇ ਕੁੱਝ ਬਾਕੀ ਹਿੱਸੇ ਨੂੰ ਚੂਹੇ ਕੁਤੱਰ ਰਹੇ ਸਨ ।

ਉਸ ਨਜ਼ਾਰੇ ਨੂੰ ਦੇਖਦੇ ਹੋਏ ਯਾਦ ਆਇਆ ਕਿ ਸਵੇਰੇ ਦੀਆਂ ਅਖਬਾਰਾਂ ਵਿੱਚ ਕੀ ਪੜ੍ਹਿਆ ਸੀ । **2 ਨਵੰਬਰ** ਨੂੰ ਦਿੱਲੀ ਦੇ ਹਾਲਾਤ ਕਾਬੂ ਵਿੱਚ ਹਨ । ਲੇਕਿਨ ਉੱਥੇ ਕਬਜ਼ਾ ਤਾਕਤਵਰ ਲੋਕਾਂ ਦਾ ਸੀ । ਜਿਨ੍ਹਾਂ ਨੇ ਉਸ ਖੂਨੀਕਾਂਡ ਤੇ ਲੁੱਟਮਾਰ ਵਿੱਚ ਮਦਦ ਲਈ ਇਲਾਕੇ ਦੀ ਪੁਲਿਸ ਨੂੰ ਆਪਣੇ ਨਾਲ ਮਿਲਾ ਲਿਆ । ਤੇ ਹੱਤਿਆ ਤੇ ਲੁੱਟਮਾਰ ਦੀ ਆਪਣੀ ਯੋਜਨਾ ਨੂੰ ਪੂਰੀ ਤਰ੍ਹਾਂ ਨਾਲ ਲਾਗੂ ਕਰਨ ਲਈ ਸਾਰੇ ਪ੍ਰਸ਼ਾਸਨ-ਤੰਤ੍ਰ ਨੂੰ 48 ਘੰਟਿਆਂ ਤੱਕ ਬਿਲਕੁਲ ਨਿਕੰਮਾ ਬਣਾਏ ਰੱਖਿਆ ।

ਤ੍ਰਿਲੋਕਪੁਰੀ ਦੇ ਦੰਗਾ ਪੀੜਤਾਂ ਨੂੰ ਸਭ ਤੋਂ ਪਹਿਲਾਂ ਪ੍ਰਸ਼ਾਸਨ ਨੇ ਨਹੀਂ, ਬਲਕਿ ਇੱਕ ਸਵੈਂ-ਸੇਵੀ ਸੰਗਠਨ ਦੇ ਲਗਭਗ 25 ਵਰਕਰਾਂ ਨੇ ਰਾਹਤ ਦਿੱਤੀ, ਜੋ ਉਨ੍ਹਾਂ ਲਈ ਦਯਾ-ਪੂਰਵਕ ਭੋਜਨ ਤੇ ਦਵਾਈਆਂ ਲੈ ਕੇ ਆਏ । ਪੀੜਤਾਂ ਵਿੱਚੋਂ ਇੱਕ ਔਰਤ ਨੇ ਉਸੀ ਰਾਤ ਇੱਕ ਬੱਚੇ ਨੂੰ ਜਨਮ ਦਿੱਤਾ ਸੀ । ਲੇਕਿਨ ਪ੍ਰਸ਼ਾਸਨ ਨੇ ਉਸਦੇ ਲਈ ਜਾਂ ਇੱਕ ਦਿਨ ਤੋਂ ਵੀ ਜ਼ਿਆਦਾ ਵਕਤ ਤੋਂ ਬੁਰੀ ਤਰ੍ਹਾਂ ਜ਼ਖਮੀ ਲੋਕਾਂ ਲਈ ਡਾਕਟਰੀ ਮਦਦ ਨਹੀਂ ਭੇਜੀ ।

ਇਸ ਸੰਗਠਨ ਦੇ ਮੈਂਬਰਾਂ ਨੇ ਸ਼ਾਮ 7.30 ਵਜੇ ਤੱਕ ਹਿੰਦੂ ਗੁਆਂਢੀਆਂ ਦੇ ਘਰਾਂ ਵਿੱਚ ਛੁਪੇ ਸਿੱਖ ਪਰਿਵਾਰਾਂ ਨੂੰ ਬਚਾਇਆ । ਉਨ੍ਹਾਂ ਨੂੰ ਜਿਲ੍ਹਾ ਕਮਿਸ਼ਨਰ (ਡੀ. ਸੀ.) ਦੀ ਹਾਜ਼ਰੀ ਵਿੱਚ ਬਚਾਇਆ ਗਿਆ । ਡੀ. ਸੀ. ਨੂੰ ਬਾਰ-ਬਾਰ ਕੁੱਝ ਕਰਨ ਲਈ ਕਹਿਣਾ ਪਿਆ ।

ਅਧਿਕਾਰੀਆਂ ਨੇ ਪੀੜਤਾਂ ਨੂੰ ਭਰੋਸਾ ਦਿੱਤਾ ਕਿ ਉਨਾਂ ਨੂੰ ਹਰ ਤਰ੍ਹਾਂ ਦੀ ਮਦਦ ਦਿੱਤੀ ਜਾਏਗੀ ਤੇ ਉਨ੍ਹਾਂ ਨੂੰ ਕੰਬਲ ਵਗੈਰਾ ਚੀਜ਼ਾਂ ਦਿੱਤੀਆਂ ਜਾਣਗੀਆਂ । ਜਦਕਿ ਉਸ ਵਕਤ ਅਧਿਕਾਰੀਆਂ ਦੇ ਕੋਲ ਕੁੱਝ ਵੀ ਨਹੀਂ ਸੀ । ਅਸਲ ਵਿੱਚ ਫ਼ਰਸ਼ ਬਾਜ਼ਾਰ ਕੈਂਪ ਵਿੱਚ, ਜਿੱਥੇ ਤ੍ਰਿਲੋਕਪੁਰੀ ਦੇ ਦੰਗਾ ਪੀੜਤਾਂ ਨੂੰ ਭੇਜਿਆ ਗਿਆ, ਜ਼ਿਆਦਾਤਰ ਕੰਮ ਪ੍ਰਾਈਵੇਟ ਸੰਗਠਨਾਂ ਨੇ ਕੀਤਾ । ਪਰ ਸਰਕਾਰੀ ਅਧਿਕਾਰੀਜਨ ਉਸ ਕੈਂਪ ਨੂੰ ਆਪਣੀ ਕੰਮ ਦੇ ਕੁਸ਼ਲਤਾ ਦੇ ਨਮੂਨੇ ਦੇ ਤੌਰ ਤੇ ਪੇਸ਼ ਕਰ ਰਹੇ ਹਨ ।

INDIAN EXPRESS

1984 riots widows demonstrating against the accused during a hearing, in the Delhi High Court, on Monday.— *EXpress photo by Ravi Batra*

“ਸੋਚੀ ਸਮਝੀ ਸਾਜਿਸ਼”

ਅਲੱਗ-ਅਲੱਗ ਰਿਪੋਰਟਾਂ ਤੇ ਪੀੜਤ ਬੰਦਿਆਂ ਨਾਲ ਮੁਲਾਕਾਤਾਂ ਦਾ ਵਿਸ਼ਲੇਸ਼ਣ ਕਰਨ ਤੇ ਹਿੰਸਾਤਮਕ ਘਟਨਾਵਾਂ ਦੀ ਇੱਕ ਨਿਸ਼ਚਿਤ ਤੇ ਸਪਸ਼ਟ ਰੂਪ-ਰੇਖਾ ਪ੍ਰਗਟ ਹੁੰਦੀ ਹੈ । ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਜਿਸ ਪਾਗਲਪਨ ਤੇ ਜਨੂੰਨ ਵਿੱਚ ਡੁੱਬ ਗਈ ਸੀ, ਉਹ ਕੋਈ ਆਪਣੇ ਆਪ ਪੈਦਾ ਹੋਇਆ ਪਾਗਲਪਨ ਤੇ ਜਨੂੰਨ ਨਹੀਂ ਸੀ । ਉਹ ਤਾਂ ਇੱਕ ਨਿਸ਼ਚਿਤ ਤਰੀਕੇ ਨਾਲ ਪੈਦਾ ਕੀਤਾ ਗਿਆ ਸੀ । ਸੋ ਉਸਦਾ ਆਪਣਾ ਢੰਗ ਤੇ ਆਪਣੀ ਪ੍ਰਕ੍ਰਿਆ ਸੀ । ਅੰਗ੍ਰੇਜ਼ੀ ਵਿੱਚ ਜਿਸਨੂੰ ‘ਮੈਥਡ ਇਨ ਦ ਮੈਡਨੇਸ’ ਕਹਿੰਦੇ ਹਨ, ਉਹ ਦਿੱਲੀ ਦੀ ਹਿੰਸਾ ਲਈ ਢੁਕਵਾਂ ਕਥਨ ਹੈ ।

(ਕ) 31 ਅਕਤੂਬਰ ਦੀ ਰਾਤ ਨੂੰ ਸਭਾਵਾਂ ਤੇ ਬੈਠਕਾਂ ਦਾ ਆਯੋਜਨ :-

(1) ਪੂਰਵੀ ਦਿੱਲੀ ਦੇ ਵਿਨੋਦ ਨਗਰ ਦੇ ਦੰਗਿਆਂ ਵਿੱਚ ਬਚ ਗਏ ਇੱਕ ਟੈਕਸੀ ਡਰਾਈਵਰ ਰਾਮ ਸਿੰਘ (ਨਾਂ ਬਦਲ ਦਿੱਤਾ ਗਿਆ ਹੈ) ਦੇ ਅਨੁਸਾਰ : ਵਿਨੋਦ ਨਗਰ ਦੇ ਇੱਕ ਪ੍ਰਮੁਖ ਇੰਕਾ ਨੇਤਾ ਨੇ 31 ਅਕਤੂਬਰ ਦੀ ਸ਼ਾਮ ਨੂੰ ਇੱਕ ਬੈਠਕ ਬੁਲਾਈ । ਇਸ ਬੈਠਕ ਵਿੱਚ, -(ਮੱਜਾਂ ਵਾਲਾ), -(ਇੱਕ ਜਾਣਿਆ-ਪਛਾਣਿਆ ਸਮਗਲਰ) ਤੇ ਕੁੱਝ ਹੋਰ ਲੋਕ ਸ਼ਾਮਲ ਹੋਏ । ਮੀਟਿੰਗ ਅੱਧੀ ਰਾਤ ਤੱਕ ਚਲਦੀ ਰਹੀ । ਮੀਟਿਗ ਵਿੱਚ ਸ਼ਾਮਲ ਲੋਕਾਂ ਨੇ ਵਿਨੋਦ ਨਗਰ ਦੇ 200-250 ਬਸ਼ਿੰਦਿਆਂ ਦੇ ਨਾਲ ਪਹਿਲੀ ਨਵੰਬਰ ਨੂੰ ਸਵੇਰੇ-ਸਵੇਰੇ ਮੇਰੇ ਘਰ ਤੇ ਹਮਲਾ ਕੀਤਾ । ਇੰਨ੍ਹਾਂ ਲੋਕਾਂ ਨੇ ਲੋਹੇ ਦੀਆਂ ਛੜਾਂ ਨਾਲ ਘਰ ਦੇ ਦਰਵਾਜ਼ੇ ਤੋੜ ਦਿੱਤੇ ਤੇ ਸਾਨੂੰ (ਰਾਮ ਸਿੰਘ ਤੇ ਉਸਦੇ ਦੋ ਬੇਟੇ) ਸੁੱਤੇ ਹੋਏ ਦੇਖਿਆ । ਇਸ ਤੇ—ਓਸਨੇ ਆਪਣੇ ਦੋਸਤਾਂ ਨੂੰ ਕਿਹਾ : ‘ਇਨ ਪਰ ਮਿੱਟੀ ਕਾ ਤੇਲ ਉੜੇਲ ਦੋ ਔਰ ਇਨਹੇਂ ਜਿੰਦਾ ਜਲ੍ਹਾ ਡਾਲੋ (ਇਸ ਤੇ ਮੈਂ ਜਾਗ ਗਿਆ ਤੇ ਮੈਂ ਆਪਣੀ ਕਿਰਪਾਨ ਖਿੱਚ ਲਈ ਤੇ ਟੁੱਟੇ ਹੋਏ ਦਰਵਾਜੇ ਦੇ ਬਾਹਰ ਕੁੱਦ ਪਿਆ । -ਪਿੱਛੇ ਖੜਾ ਰਿਹਾ ਤੇ ਬਾਕੀ ਦੇ ਲੋਕ ਭੱਜ ਗਏ । ਗੁਆਂਢ ਦੇ ਇੱਕ ਹਿਮਾਚਲ ਪ੍ਰਦੇਸ਼ੀ ਹਿੰਦੂ ਨੇ ਦੌੜਣ ਵਿੱਚ ਮੇਰੀ ਮਦਦ ਕੀਤੀ ।

ਵਿਨੋਦ ਨਗਰ ਇਲਾਕੇ ਦੇ ਨਿਹੰਗ ਸਿੰਘ ਗੁਰਦਵਾਰਾ, ਪਾਂਡਵ ਨਗਰ ਦੇ ਸੇਵਾਦਾਰ ਸੁਰਜੀਤ ਸਿੰਘ ਸਵੇਰੇ-ਸਵੇਰੇ ਘਰ ਤੋਂ ਬਾਹਰ ਗਏ ਹੋਏ ਸੀ । ਸੋ ਉਹ ਤਾਂ ਬੱਚ ਗਏ ਲੇਕਿਨ ਉਨ੍ਹਾਂ ਦੀ ਪਤਨੀ ਤੇਜ ਕੌਰ ਤੇ ਬੇਟੀ ਮੀਨੂ (ਉਮਰ 9 ਸਾਲ) ਤੇ ਦੋਸਤ ਨਾਹਨ ਸਿੰਘ ਤੇ ਉਨ੍ਹਾਂ ਦੀ ਪਤਨੀ 1 ਨਵੰਬਰ ਦੀ ਸਵੇਰੇ ਜਿੰਦਾ ਜਲਾ ਦਿੱਤੇ ਗਏ । ਅਸੀਂ ਜਦੋਂ ਕੈਂਪ ਵਿੱਚ ਸੁਰਜੀਤ ਸਿੰਘ ਨਾਲ ਮੁਲਾਕਾਤ ਕੀਤੀ ਤਾਂ ਦੇਖਿਆ ਕਿ ਉਹ ਸਦਮੇ ਨਾਲ ਅੱਧੇ ਪਾਗਲ ਹੋ ਗਏ ਹਨ ।

(2). ਜਮਨਾਪਾਰ ਦੇ ਗਾਮੜੀ ਇਲਾਕੇ ਵਿੱਚ ਖਜੂਰੀ ਭਜਨਪੁਰਾ (ਸੀ ਬਲਾਕ) ਵਿੱਚ 31 ਅਕਤੂਬਰ ਦੀ ਰਾਤ ਨੂੰ ਇੱਕ ਪ੍ਰਮੁੱਖ ਇਲਾਕੇ ਦੇ ਇੰਕਾ ਨੇਤਾ—ਨੇ, ਜੋ ਗੁੱਜਰ ਜਾਤੀ ਦਾ ਹੈ, ਇੱਕ ਬੈਠਕ ਬੁਲਾਈ । ਇਸ ਬੈਠਕ ਵਿੱਚ ਉਸਦਾ ਬੇਟਾ-, ਮਿੱਟੀ ਦੇ ਤੇਲ ਡਿਪੋ ਦਾ ਮਾਲਕ—ਅਤੇ ਭਜਨਪੁਰਾ ਦੇ ਇੱਕ ਇਲਾਕੇ ਦੇ ਸਕੂਲ ਦਾ ਪ੍ਰਿੰਸੀਪਲ—ਸ਼ਾਮਲ ਹੋਏ । ਇਨ੍ਹਾਂ ਲੋਕਾਂ ਨੇ ਬੈਠਕ ਵਿੱਚ 1 ਨਵੰਬਰ ਨੂੰ ਹਮਲਾ ਕਰਣ ਲਈ ਇਲਾਕੇ ਦੇ ਸਿੱਖ ਪਰਿਵਾਰਾਂ ਦੀ ਵੱਡੀ ਲਿਸਟ ਬਣਾਈ । ਨਾਨਕਸਰ ਰਿਪੋਰਟ ਦੇ ਅਨੁਸਾਰ ਇਸਤੋਂ ਬਾਦ ਜੋ ਹੋਇਆ, ਉਸਦੀ ਬਾਬਰਾਨਾ ਤੇ ਕਰੂਰਤਾ ਬਿਆਨ ਕਰਨ ਤੋਂ ਪਰੇ ਹੈ । ਦੰਗਿਆਂ ਤੋਂ ਬਾਅਦ ਨਾਨਕਸਰ ਕੈਂਪ ਵਿੱਚ ਸ਼ਰਣ ਲੈਣ ਵਾਲੇ ਪਰਿਵਾਰਾਂ ਵਿੱਚੋਂ 155 ਬੰਦਿਆਂ ਦਾ ਢਾਈ ਦਿਨਾਂ ਦੇ ਅੰਦਰ ਕਤਲ ਕਰ ਦਿੱਤਾ ਗਿਆ



ਨਵੰਬਰ 1984 ਕਤਲੇਆਮ ਦੇ ਮੁੱਖ ਦੋਸ਼ੀਆਂ ਵਿੱਚੋਂ ਇਕ ਸਾਬਕਾ ਕੇਂਦਰੀ ਮੰਤਰੀ ਅਤੇ ਕਾਂਗਰਸ ਪਾਰਟੀ
ਦੇ ਵੱਡੇ ਨੇਤਾ ਐਚ.ਕੇ.ਐਲ. ਭਗਤ ਦੇ ਖਿਲਾਫ ਪ੍ਰਮੁੱਖ ਗਵਾਹ ਸਰਦਾਰਨੀ ਦਰਸ਼ਨ ਕੌਰ।

। 155 ਦੀ ਇਹ ਗਿਣਤੀ ਸਿਰਫ਼ ਇੱਕ ਕੈਂਪ ਦੇ ਸ਼ਰਨਾਰਥੀ ਪਰਿਵਾਰਾਂ ਦੀ ਹੈ । ਇਹ ਰਾਜਧਾਨੀ ਦਿੱਲੀ ਵਿੱਚ ਹੋਈਆਂ ਦੰਗਿਆਂ ਵਿੱਚ ਮੌਤਾਂ ਦੀ ਸਰਕਾਰੀ ਗਿਣਤੀ ਦੇ ਝੂਠ ਦਾ ਪਰਦਾਫ਼ਾਸ਼ ਕਰਦੀ ਹੈ । ਕਤਲ ਕੀਤੇ ਗਏ ਲੋਕਾਂ ਵਿੱਚੋਂ 45 ਪ੍ਰਤੀਸ਼ਤ ਲੋਕ ਨੰਦ ਨਗਰੀ ਦੇ ਸਨ । ਇਨ੍ਹਾਂ ਵਿੱਚ ਜ਼ਿਆਦਾਤਰ ਲੋਕ ਬਲਾਕ ਏ-1/3, ਪੰਜਾਬੀ ਮਹੱਲਾ ਤੇ ਬਲਾਕ ਈ ਦੇ ਸਨ । 30 ਪ੍ਰਤੀਸ਼ਤ ਕਤਲ ਕੀਤੇ ਗਏ ਲੋਕ ਗਾਮੜੀ ਤੇ ਭਜਨਪੁਰਾ ਦੇ ਸੀ । ਇਨ੍ਹਾਂ ਵਿੱਚ ਜ਼ਿਆਦਾਤਰ ਲੋਕ ਬਲਾਕ ਸੀ ਦੇ ਸਨ । ਮ੍ਰਿਤਕ ਆਪਣੇ ਪਿੱਛੇ 72 ਔਰਤਾਂ ਨੂੰ ਵਿਧਵਾ ਛੱਡ ਗਏ ਹਨ, ਵਿਧਵਾਵਾਂ ਵਿੱਚ 72 ਪ੍ਰਤੀਸ਼ਤ ਦੀ ਉਮਰ 20-45 ਦੇ ਵਿੱਚ ਸੀ ।

(3). ਨਿਜ਼ਾਮੂਦੀਨ ਦੇ ਨਜ਼ਦੀਕ ਕਾਲੇ ਖਾਨ ਬਸਤੀ ਵਿੱਚ 31 ਅਕਤੂਬਰ ਦੀ ਰਾਤ ਨੂੰ ਇੰਕਾ ਦੇ ਇੱਕ ਚੁਣੇ ਹੋਏ ਨੇਤਾ ਦੀ ਅਗਵਾਈ ਵਿੱਚ ਇੱਕ ਬੈਠਕ ਹੋਈ । ਇਸ ਵਿੱਚ ਕੁੱਝ ਗੁੱਜਰਾਂ ਤੇ ਇਲਾਕੇ ਦੇ ਇੱਕ ਮੰਨੇ-ਪਰਮਨੇ ਵੈਦ ਨੇ ਹਿੱਸਾ ਲਿਆ । ਬੈਠਕ ਵਿੱਚ ਭਾਗ ਲੈਣ ਵਾਲੇ ਸਾਰੇ ਲੋਕ ਇੰਕਾ ਸਮਰਥਕ ਸੀ । ਕਾਫ਼ੀ ਰਾਤ ਤੱਕ ਚਾਹ ਦੇ ਦੌਰ ਚਲਦੇ ਰਹੇ ਤੇ ਇੱਕ ਨਵੰਬਰ ਲਈ 'ਪ੍ਰੋਗਰਾਮ' ਬਣਾਇਆ ਜਾਂਦਾ ਰਿਹਾ ।

(ਖ) ਰਾਜਨੀਤਕ ਸੰਗਠਨਕਰਤਾ :-

ਜਮਨਾਪਾਰ ਦੇ ਸਾਰੇ ਇਲਾਕੇ ਤੇ ਉਸ ਨਾਲ ਲੱਗੇ ਇਲਾਕਿਆਂ ਵਿੱਚ ਹਿੰਸਾਤਮਕ ਘਟਨਾਵਾਂ ਦੇ ਤਿੰਨ ਤਰ੍ਹਾਂ ਦੇ ਸੰਗਠਨਕਰਤਾ ਸੀ :-ਇੱਕ ਸਿੱਖ ਮਕਾਨਾਂ ਤੇ ਪਰਿਵਾਰਾਂ ਦੀ ਪਹਿਚਾਣ ਕਰਵਾਣ ਵਾਲੇ, ਉਨ੍ਹਾਂ ਦੀ ਲਿਸਟ ਬਨਾਣ ਵਾਲੇ, ਦੂਜੇ ਕਤਲ, ਲੁੱਟਪਾਟ ਤੇ ਅੱਗਜ਼ਨੀ ਲਈ ਭੀੜ ਇੱਕਠਾ ਕਰਨ ਵਾਲੇ ਤੇ ਤੀਜੇ ਅੱਗਜ਼ਨੀ ਲਈ ਪੈਟਰੋਲ, ਮਿੱਟੀ ਦਾ ਤੇਲ ਆਦਿ ਇੱਕਠਾ ਕਰਨ ਵਾਲੇ । ਇਹ ਸੰਗਠਨਕਰਤਾ ਕੌਣ ਸੀ ? ਦੰਗਾ ਪੀੜਤ ਤੇ ਕਤੱਲੇਆਮ ਤੋਂ ਬੱਚ ਗਏ ਲੋਕਾਂ ਦੇ ਮੁਤਾਬਕ ਇਨ੍ਹਾਂ ਸੰਗਠਨਕਰਤਾਵਾਂ (ਕ) ਇਲਾਕੇ ਦੇ ਵੱਡੇ ਇੰਕਾ ਨੇਤਾ ਤੇ ਛੋਟੀ-ਵੱਡੀ ਹੈਸੀਅਤ ਦੇ ਗੁੰਡੇ (ਖ) ਰਾਸ਼ਨ ਦੁਕਾਨਦਾਰ (ਗ) ਮਿੱਟੀ ਦੇ ਤੇਲ ਡਿਪੋ ਵਾਲੇ ਸੀ । ਰਾਸ਼ਨ ਦੀ ਦੁਕਾਨ ਤੇ ਅਤੇ ਮਿੱਟੀ ਦੇ ਤੇਲ ਡਿਪੋ ਵਾਲੇ ਜਾਂ ਤਾਂ ਇੰਕਾ ਦੇ ਮੈਂਬਰ ਸਨ ਜਾਂ ਇਲਾਕੇ ਦੇ ਇੰਕਾ ਨੇਤਾਵਾਂ ਨਾਲ ਉਨ੍ਹਾਂ ਦਾ ਗਹਿਰਾ ਰਿਸ਼ਤਾ ਸੀ (ਨਾਨਕਸਰ ਰਿਪੋਰਟ)

ਸਰਵੇ ਦੇ ਦੌਰਾਨ ਦੰਗਾ ਪੀੜਤਾਂ (19 ਪ੍ਰਤੀਸ਼ਤ) ਤੇ ਉਨ੍ਹਾਂ ਦੇ ਗੁਆਂਢੀਆਂ (20 ਪ੍ਰਤੀਸ਼ਤ) ਨੇ ਸਾਨੂੰ ਦਸਿਆ ਕਿ ਇੰਕਾ ਦੇ ਨੇਤਾਵਾਂ ਦੀ ਪ੍ਰੇਰਨਾ ਨਾਲ ਹਮਲੇ ਕੀਤੇ ਗਏ । ਦੰਗਾ ਪੀੜਤਾਂ ਦੀ ਇੱਕ ਵੱਡੀ ਗਿਣਤੀ (42 ਪ੍ਰਤੀਸ਼ਤ) ਨੇ ਹਮਲਾਵਰਾਂ ਦੀ ਪਹਿਚਾਣ ਦਸਦੇ ਹੋਏ ਕਿਹਾ ਕਿ ਉਹ ਇੰਕਾ ਸਮਰੱਥਕ ਸੀ ।

ਇਹ ਦੱਸਿਆ ਗਿਆ ਕਿ ਸੁਲਤਾਨਪੁਰੀ ਵਿੱਚ ਭੀੜ ਨੂੰ ਹਿੰਸਾ ਕਰਣ ਲਈ ਭੜਕਾਣ ਵਾਲੇ ਪ੍ਰਮੁੱਖ ਲੋਕਾਂ ਵਿੱਚ ਇੰਕਾ ਦਾ ਇੱਕ ਪਦਾਧਿਕਾਰੀ ਤੇ ਦਾ ਨਿਕਟ ਸਹਿਯੋਗੀ ਸੀ । ਨੇ ਇਲਾਕੇ ਵਿੱਚ ਘੁੰਮ-ਘੁੰਮ ਕੇ ਇਹ ਅਫ਼ਵਾਹ ਫੈਲਾਈ ਕਿ ਸਿੱਖਾਂ ਨੇ ਸ਼ਹਿਰ ਦੀ ਪਾਣੀ ਸਪਲਾਈ ਦੇ ਪ੍ਰਬੰਧ ਵਿੱਚ ਜ਼ਹਿਰ ਘੋਲ ਦਿੱਤਾ ਹੈ । ਉਹ ਲੋਕਾਂ ਦੇ ਵਿੱਚ ਆਤੰਕ ਪੈਦਾ ਕਰ ਰਿਹਾ ਸੀ । ਤੇ ਸਿੱਖਾਂ ਤੇ ਹਮਲੇ ਦੀ ਅਗਵਾਈ ਵੀ । ਉਸਦੇ ਨਾਲ ਇੱਕ ਜਮਾਂਦਾਰ , ਇੱਕ ਗਾਂਜਾ, ਚਰਸ ਆਦਿ ਵੇਚਣ ਵਾਲਾ..... ਤੇ..... ਨਾਂ..... ਦਾ ਇੱਕ ਆਦਮੀ ਵੀ ਸੀ ।

ਸਿੱਖਾਂ ਦੇ ਮਕਾਨਾਂ, ਦੁਕਾਨਾਂ, ਕਾਰਖਾਨਿਆਂ ਤੇ ਗੁਰਦਵਾਰਿਆਂ ਤੇ ਹਮਲਾ ਕਰਣ ਲਈ ਭੀੜ ਇੱਕਠੀ ਕਰਣ ਵਾਲੇ ਤੇ ਉਸਨੂੰ ਨਿਰਦੇਸ਼ ਦੇਣ ਵਾਲੇ ਲੋਕਾਂ ਵਿੱਚ ਮੈਟਾਡੋਰ ਟੈਂਪੋ, ਕਾਰਾਂ ਤੇ ਬੱਸਾਂ ਵਿੱਚ ਆਏ ਵਧੀਆ ਕਪੜੇ ਪਾਏ ਯੁਵਕ, ਇੰਕਾ ਦੇ ਪਦਾਧਿਕਾਰੀ ਤੇ ਇੰਕਾ ਦੇ ਨਿਰਵਾਚਿਤ ਨੇਤਾ ਦੇਖੇ ਗਏ । ਪਾਂਡਵ ਨਗਰ ਗੁਰਦਵਾਰੇ ਵਿੱਚ ਪਟਪੜਗੰਜ, ਖਿਚੜੀਪੁਰ ਤੇ ਕਲਿਆਣਪੁਰੀ ਤੋਂ ਆਏ ਸ਼ਰਨਾਰਥੀਆਂ ਨਾਲ ਅਸੀਂ ਅਲੱਗ-ਅਲੱਗ ਮੁਲਾਕਾਤ ਕੀਤੀ । ਇਨ੍ਹਾਂ ਲੋਕਾਂ ਨੇ ਦੱਸਿਆ—ਕੀ ਮੱਖਨ ਰੰਗ ਦੀ ਇੱਕ ਮੈਟਾਡੋਰ ਗੱਡੀ

The Sunday Statesman

Riot widows want justice



Mr Gurcharan Singh Babbar, general secretary of the All-India Sikh Conference (Babbar), at a Press conference in Calcutta on Wednesday. — The Statesman

ਗਨੇਸ਼ ਨਗਰ (ਪਾਂਡਵ ਨਗਰ ਕਾਂਪਲੈਕਸ) ਵਿੱਚ ਪਹੁੰਚੀ । ਗੱਡੀ ਵਿੱਚ 12 ਆਦਮੀ ਸੀ, ਜਿਨ੍ਹਾਂ ਵਿੱਚ ਇੱਕ ਇੰਕਾ ਕੌਂਸਲਰ—ਵੀ ਸੀ । ਇਨ੍ਹਾਂ ਲੋਕਾਂ ਨੇ ਉਥੇ ਇੱਕਠਾ ਭੀੜ ਨੂੰ ਲਾਠੀਆਂ, ਰਿਵਾਲਵਰ ਤੇ ਰਾਈਫ਼ਲਾਂ ਦਿੱਤੀਆਂ ਤੇ ਕਿਹਾ 'ਇਨਕਾ ਸਰਦਾਰੋਂ ਪਰ ਇਸਤੇਮਾਲ ਕਰੋ ।'

ਮੈਟਾਡੋਰ ਗੱਡੀ ਵਿੱਚ ਆਏ 12 ਆਦਮੀਆਂ ਦੇ ਨਾਂ ਦੀ ਲਿਸਟ, ਜਿਨ੍ਹਾਂ ਵਿੱਚ ਪ੍ਰਮੁੱਖ ਕੇਂਦਰੀ ਮੰਤਰੀ ਐਚ. ਕੇ. ਐਲ. ਭਗਤ, ਇੰਕਾ ਮੈਟ੍ਰੋਪੋਲਿਟਿਨ ਕੌਂਸਲਰ ਤੇ ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਦੀ ਪ੍ਰਧਾਨ ਸ੍ਰੀਮਤੀ ਤਾਜਦਾਰ ਬਾਬਰ ਅਤੇਸੁਰੱਖਿਆ ਵਿਭਾਗ ਦੇ ਇੱਕ ਅਧਿਕਾਰੀ ਸ਼੍ਰੀ ਵੇਦੀ ਸੀ । ਲੇਕਿਨ ਕਿਸੀ ਦੇ ਖਿਲਾਫ਼ ਵੀ ਅੱਜ ਤੱਕ ਕੋਈ ਕਾਰਵਾਹੀ ਨਹੀਂ ਹੋਈ । ਭੋਗਲ ਵਿੱਚ ਇੰਕਾ ਵਰਕਰ—ਤੇ ਇੰਕਾ ਸਮਰਥਕ ਮਿਠਾਈ ਦੀ ਦੁਕਾਨ ਦਾ ਮਾਲਕ—ਭੀੜ ਨੂੰ ਭੋਗਲ ਮਾਰਕੀਟ ਵਿੱਚ ਸਿੱਖਾਂ ਦੀਆਂ ਦੁਕਾਨਾਂ ਨੂੰ ਲੁੱਟਣ ਦਾ ਨਿਰਦੇਸ਼ ਦੇ ਰਿਹਾ ਸੀ । ਸਾਰੀਆਂ ਦੁਕਾਨਾਂ ਲੁੱਟ ਲਈਆਂ ਗਈਆਂ ।

ਮੰਗੋਲਪੁਰੀ ਵਿੱਚ ਇੱਕ ਚਿੱਟੀ ਅੰਬੈਸਡਰ ਕਾਰ ਫ਼ਲਾਈ ਉਵਰ ਦੇ ਕੋਲ ਆਕੇ ਰੁੱਕੀ । ਕਾਰ ਦੇ ਅੰਦਰ ਇੱਕ ਪ੍ਰਮੁੱਖ ਇੰਕਾਈ ਬੈਠਾ ਸੀ । ਉਸਨੇ ਆਪਣੇ ਚਿਹਰੇ ਨੂੰ ਨਕਾਬ ਨਾਲ ਛੁਪਾ ਰਖਿਆ ਸੀ । ਲੇਕਿਨ ਇਸਦੇ ਬਾਵਜੂਦ ਉਸਨੂੰ ਪਹਿਚਾਣਿਆ ਜਾ ਸਕਦਾ ਸੀ । ਉਸ ਇੰਕਾਈ ਨੇ ਭੀੜ ਨੂੰ ਬੁਲਾਇਆ, ਉਸਨੂੰ ਕੁੱਝ ਨਿਰਦੇਸ਼ ਦਿੱਤੇ ਤੇ ਚਲਾ ਗਿਆ । ਥੋੜੀ ਦੇਰ ਬਾਅਦ ਹੀ ਗੁਰਦਵਾਰੇ ਵਿੱਚ ਅੱਗ ਲਗਾ ਦਿੱਤੀ ਗਈ ।

ਵਿਨੋਦ ਨਗਰ ਪੂਰਵ ਵੱਲ ਉੱਤਰ ਪ੍ਰਦੇਸ਼ ਦੀ ਸੀਮਾ ਦੀ ਦਿਸ਼ਾ ਵਲੋਂ ਕੁੜਤਾ-ਪਜਾਮਾ ਪਾਏ ਯੁਵਕਾਂ ਦੀਆਂ ਦੋ ਟੋਲੀਆਂ ਦੋ ਬੱਸਾਂ ਵਿੱਚ ਭਰ ਕੇ ਆਈਆਂ । ਇਨਾਂ ਯੁਵਕਾਂ ਨੇ ਪਹਿਲਾਂ ਤੋਂ ਇੱਕਠੇ ਇਲਾਕੇ ਦੇ ਗੁੰਡਿਆਂ ਦੀ ਅਗਵਾਈ ਕਰਦੇ ਹੋਏ ਪਹਿਲਾਂ ਸਿੱਖਾਂ ਦੇ ਮਕਾਨ-ਦੁਕਾਨਾਂ ਲੁੱਟੀਆਂ, ਉਸਦੇ ਬਾਅਦ ਉਨ੍ਹਾਂ ਵਿੱਚ ਅੱਗ ਲਗਾਈ ਗਈ ਤੇ ਫਿਰ ਸਿੱਖਾਂ ਨੂੰ ਜਿੰਦਾ ਜਲਾਇਆ ਗਿਆ । ਪੂਰਵੀ ਦਿੱਲੀ ਦੀ ਇਸ ਛੋਟੀ ਜਿਹੀ ਕਾਲੋਨੀ ਵਿੱਚ ਇੱਕ ਨਵੰਬਰ ਨੂੰ ਇਸ ਤਰ੍ਹਾਂ ਨਰਮੇਧ ਯੱਗ ਖਤਮ ਹੋਇਆ ।

ਜਹਾਂਗੀਰਪੁਰੀ ਵਿੱਚ ਭੀੜ ਨੂੰ ਭੜਕਾਣ ਵਾਲਾ ਇੱਕ ਇਲਾਕਾਈ ਇੰਕਾ ਨੇਤਾ—ਸੀ । ਉਸਦਾ ਨਾਂ ਬਾਰ-ਬਾਰ ਲੋਕਾਂ ਨੇ ਲਿਆ । ਆਪਣੇ ਚਮਚੇ—ਦਵਾਰਾ ਸਿੱਖਾਂ ਦੇ ਘਰਾਂ ਦਾ ਪਤਾ ਲਗਾਣ ਤੋਂ ਬਾਅਦ ਇਹ ਨੇਤਾ ਭੀੜ ਨੂੰ ਸਿੱਖਾਂ ਦੇ ਘਰ ਲੁੱਟਣ ਤੇ ਜਲਾਣ ਲਈ ਲਗਾਤਾਰ ਉਕਸਾਂਦਾ ਰਿਹਾ ।

ਤ੍ਰਿਲੋਕਪੁਰੀ ਦੀ ਗੁਰਦੀਪ ਕੌਰ ਦੇ ਹਲਫ਼ਨਾਮੇ ਦੇ ਮੁਤਾਬਕ-'ਇੱਕ ਨਵੰਬਰ ਨੂੰ ਲਗਭਗ 500 ਲੋਕ ਬਲਾਕ 32 ਵਿੱਚ ਆਏ । ਇਤਨੇ ਲੋਕਾਂ ਦੀ ਭੀੜ ਵਿੱਚ ਸਭ ਨੂੰ ਪਹਿਚਾਣਨਾ ਸੰਭਵ ਨਹੀਂ ਸੀ,ਕਿਉਂਕਿ ਮੈਂ 8 ਸਾਲਾਂ ਤੋਂ ਤ੍ਰਿਲੋਕਪੁਰੀ ਵਿੱਚ ਰਹਿ ਰਹੀ ਸੀ । ਮੈਂ ਉਸ ਭੀੜ ਦੇ ਕੁੱਝ ਲੋਕਾਂ ਨੂੰ ਪਹਿਚਾਣਦੀ ਹਾਂ, ਜਿਨ੍ਹਾਂ ਨੇ ਮੇਰੇ ਪਰਿਵਾਰ ਦਾ ਕਤਲ ਕੀਤਾ । ਜਿਨ੍ਹਾਂ ਨੂੰ ਮੈਂ ਪਹਿਚਾਣਦੀ ਹਾਂ, ਉਹ ਹਨ :- ਤੇਲੋ, ਮੱਨੂ (ਤਸਕਰ ਦਸਿਆ ਜਾਂਦਾ ਹੈ), ਜੱਗਾ ਤੇ ਉਸਦੀ ਪਤਨੀ ਦਰੋਪਦੀ, ਕਿਸ਼ੋਰੀ ਜਮਾਂਦਾਰ, ਸੂਰ ਦਾ ਮਾਸ ਵੇਚਦਾ ਹੈ), ਰਾਮਪਾਲ ਸਰੋਜ (ਇੰਕਾ ਗੁੰਡਾ, ਜਿਸਨੇ ਲੁੱਟਪਾਟ ਤੇ ਹੱਤਿਆਵਾਂ ਵਿੱਚ ਪੂਰਾ ਹਿੱਸਾ ਲਿਆ ਤੇ ਜਿਸਦੀ ਅਗਵਾਈ ਵਿੱਚ ਕਈ ਲੋਕਾਂ ਦੀਆਂ ਹੱਤਿਆਵਾਂ ਹੋਈਆਂ), ਰੂਪਲਾਲ ਤੇ ਉਸਦੇ ਤਿੰਨ ਬੇਟੇ (ਜੋ ਚੋਰ ਦਸੇ ਜਾਂਦੇ ਹਨ) । ਰਾਮਪਾਲ ਸਰੋਜ ਸਾਡੀ ਗਲੀ ਵਿੱਚ ਆਇਆ ਤੇ ਉਸਨੇ ਸਾਨੂੰ ਭਰੋਸਾ ਦਿੱਤਾ ਕਿ ਸਿੱਖਾਂ ਦਾ ਕੋਈ ਨੁਕਸਾਨ ਨਹੀਂ ਹੋਏਗਾ । ਉਸਨੇ ਕਿਹਾ ਡਰਣ ਦੀ ਕੋਈ ਜ਼ਰੂਰਤ ਨਹੀਂ । ਇਲਾਕੇ ਦੇ ਨੇਤਾ ਦੀ ਹੈਸੀਅਤ ਨਾਲ ਉਸਨੇ ਸਿੱਖਾਂ ਨੂੰ ਕਿਹਾ ਕਿ ਉਹ ਘਰੋਂ ਬਾਹਰ ਨਹੀਂ ਨਿਕਲਣ । ਘਰ ਵਿੱਚ ਰਹਿਣਾ ਜ਼ਿਆਦਾ ਸੁਰੱਖਿਅਤ ਹੈ । ਲੇਕਿਨ ਮੈਂ ਉਸ ਵਕਤ ਰਾਮਪਾਲ ਦੀ ਧੋਖਾਧੜੀ ਦੇਖ ਕੇ ਹੈਰਾਨ ਰਹਿ ਗਈ, ਜਦੋਂ ਉਹ ਭੀੜ ਦੇ ਨਾਲ ਹੀ ਨਹੀਂ ਸੀ ਬਲਕਿ ਹੱਤਿਆਰਿਆਂ ਦੀ ਅਗਵਾਈ ਵੀ ਕਰ ਰਿਹਾ ਸੀ । ਉਸਨੇ ਸਾਨੂੰ

ਨਵੰਬਰ 1984 ਦੀਆਂ ਸੈਕੜੇ ਵਿਧਵਾਵਾਂ ਨੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਵੀਪੀ ਸਿੰਘ ਦੇ ਘਰ ਜਾ ਕੇ ਆਪਣੀਆਂ ਤਕਲੀਫਾ ਦੱਸੀਆ ਅਤੇ ਨਿਆਂ ਦੀ ਮੰਗ ਕੀਤੀ।

ਜਿਹੜਾ ਭਰੋਸਾ ਦਿੱਤਾ ਸੀ, ਉਹ ਤਾਂ ਇੱਕ ਚਾਲ ਦੇ ਮੁਤਾਬਕ ਦਿੱਤਾ ਗਿਆ ਸੀ, ਜਿਸਦਾ ਮਕਸਦ ਇਹ ਸੀ ਕਿ ਕੋਈ ਵੀ ਸਿੱਖ ਭੱਜ ਨਾ ਜਾਏ । ਭਰੋਸਾ ਦੇਣ ਦੇ ਪੰਜ ਘੰਟਿਆਂ ਦੇ ਅੰਦਰ ਹੀ ਉਹ ਗੁੰਡੇ ਲੈ ਆਇਆ । ਉਨ੍ਹਾਂ ਨੂੰ ਉਸਨੇ ਹਰ ਇੱਕ ਸਿੱਖ ਪਰਿਵਾਰ ਦੀ ਪਹਿਚਾਨ ਕਰਵਾਈ ਤੇ ਇਸ ਗੱਲ ਦਾ ਪੱਕਾ ਇੰਤਜ਼ਾਮ ਕੀਤਾ ਕਿ ਸਿੱਖਾਂ ਨੂੰ ਘਰੋਂ ਬਾਹਰ ਕੱਢਿਆ ਜਾਏ ਤੇ ਉਨ੍ਹਾਂ ਦੀ ਹੱਤਿਆ ਕੀਤੀ ਜਾਏ । ਉਸਦੀ ਮੌਜੂਦਗੀ ਵਿੱਚ ਬਹੁਤ ਸਾਰੇਸਿੱਖਾਂ ਨੂੰ ਕੁੱਟਿਆ ਤੇ ਜਿੰਦਾ ਜਲਾਇਆ ਗਿਆ ।

(ਗ) ਪਹਿਚਾਨਣ ਦੇ ਤਰੀਕੇ :-

ਸਿੱਖਾਂ ਦੇ ਮਕਾਨਾਂ ਤੇ ਉਹਨਾਂ ਦੀਆਂ ਦੁਕਾਨਾਂ ਨੂੰ ਪਹਿਚਾਨਣ ਦਾ ਕੰਮ ਬੜੇ ਹੀ ਸਹੀ ਢੰਗ ਨਾਲ ਕੀਤਾ ਗਿਆ ।-(1). ਸਕੂਟਰਾਂ, ਮੈਟਾਡੋਰਾਂ ਵਿੱਚ ਸਵਾਰ ਜਾਂ ਪੈਦਲ ਗੁੰਡੇ ਇਲਾਕਿਆਂ ਦਾ ਚੱਕਰ ਲਗਾਂਦੇ, ਜਿਵੇਂ ਉਹ ਘਰਾਂ ਤੇ ਦੁਕਾਨਾਂ ਆਦਿ ਦਾ ਸਰਵੇ ਕਰ ਰਹੇ ਹੋਣ ।(2). ਸਕੂਲ ਰਜਿਸਟਰਾਂ ਤੋਂ ਸਿੱਖ ਧਰਮਾਂ ਦੇ ਨਾਂ ਤੇ ਪਤੇ ਮਾਲੂਮ ਕੀਤੇ ਗਏ ।(3.) ਰਾਸ਼ਨ ਕਾਰਡਾਂ ਤੇ ਵੋਟਰਾਂ ਦੀ ਲਿਸਟਾਂ ਤੋਂ ਸਿੱਖਾਂ ਦੇ ਨਾਂ ਤੇ ਪਤੇ ਪਤਾ ਕੀਤੇ ਗਏ ।(4.) ਪਹਿਚਾਣ ਲਈ ਸਿੱਖਾਂ ਦੇ ਮਕਾਨਾਂ ਤੇ ਉਸ ਤਰ੍ਹਾਂ ਨਿਸ਼ਾਨ ਲਗਾਏ ਗਏ, ਜਿਸ ਤਰ੍ਹਾਂ ਜਰਮਨੀ ਵਿੱਚ ਨਾਜ਼ੀ ਯਹੂਦੀਆਂ ਦੇ ਮਕਾਨਾਂ ਤੇ ਲਗਾਂਦੇ ਸੀ,—ਤੇ ਭਜਨਪੁਰਾ ਮੇਨ ਮਾਰਕੀਟ ਦਾ ਇੱਕ ਦੁਕਾਨਦਾਰ—ਖਜੂਰੀ ਕਾਲੋਨੀ, ਗਾਮੜੀ ਤੇ ਭਜਨਪੁਰਾ ਵਿੱਚ ਘੁੰਮ-ਘੁੰਮ ਕੇ ਸਿੱਖਾਂ ਦੇ ਮਕਾਨਾਂ ਤੇ ✓. 4 (4.). (ਤ) ਦੇ ਨਿਸ਼ਾਨ ਲਗਾਂਦੇ ਰਹੇ ਤਾਂ ਕਿ ਨਿਸ਼ਾਨ ਦੇਖਕੇ ਅੱਗਜ਼ਨੀ, ਲੁੱਟਪਾਟ ਤੇ ਹੱਤਿਆ ਕੀਤੀ ਜਾ ਸਕੇ ।

(ਘ) ਦਾਹਕ (ਅੱਗ ਲਗਾਣ ਵਾਲੇ) ਸਾਮਾਨ ਦਾ ਸੰਗ੍ਰਹਿ :-

ਮਿੱਟੀ ਦਾ ਤੇਲ :-(1.) ਝੁੱਗੀ ਨਿਵਾਸੀਆਂ (ਜਿਵੇਂ ਨਿਜਾਮੁਦੀਨ ਵਿੱਚ) ਨੂੰ ਧਮਕਾ ਕੇ ।2. ਰਾਸ਼ਨ ਦੁਕਾਨ ਮਾਲਕਾਂ ਤੋਂ 3. ਮਿੱਟੀ ਦੇ ਤੇਲ ਡਿੱਪੂਆਂ ਦੇ ਮਾਲਕਾਂ ਤੋਂ ਲਿਆ ਗਿਆ ।

ਇੱਕ ਨਵੰਬਰ ਨੂੰ—, —,—ਭਰ-ਭਰ ਕੇ ਮਿੱਟੀ ਦਾ ਤੇਲ ਸਪਲਾਈ ਕੀਤਾ । ਇਹੀ ਨਹੀਂ, ਇਹ ਵੀ ਦਸਿਆ ਗਿਆ ਕਿ —ਨੇ—ਦੇ ਹੁਕਮ ਤੇ ਅੱਗਜ਼ਨੀ ਵਿੱਚ ਮਦਦ ਕਰਣ ਲਈ ਮਿੱਟੀ ਦੇ ਤੇਲ ਦੀਆਂ ਬਾਲਟੀਆਂ ਵਿੱਚ ਫ਼ਾਸਫ਼ੋਰਸ ਵੀ ਸਪਲਾਈ ਕੀਤਾ ਤੇ ਹਰ ਇੱਕ ਬੰਦੇ ਨੇ ਇਹੀ ਦੱਸਿਆ ਕਿ ਇਹ ('ਚਿੱਟੀ ਚੀਜ਼'-ਫ਼ਾਸਫ਼ੋਰਸ) ਬਾਲਟੀਆਂ ਵਿੱਚ ਸੀ ਤੇ ਜਦੋਂ ਮਿੱਟੀ ਦਾ ਤੇਲ ਜ਼ਮੀਨ ਤੇ ਪਾਇਆ ਜਾਂਦਾ ਤਾਂ ਇਹ ਦਿਖਾਈ ਦੇਂਦਾ ਸੀ । ਇਹ 'ਸਫ਼ੈਦ ਪਾਊਡਰ' ਜਹਾਂਗੀਰਪੁਰੀ ਵਿੱਚ ਵੀ ਇਸਤੇਮਾਲ ਕੀਤਾ ਗਿਆ । ਸੁਲਤਾਨਪੁਰੀ ਵਿੱਚ ਨਰਮੇਧ ਵਿੱਚ ਬੱਚ ਗਏ ਲੋਕਾਂ ਦਾ ਕਹਿਣਾ ਹੈ ਕਿ ਅੱਗਜ਼ਨੀ ਲਈ ਮਿੱਟੀ ਦਾ ਤੇਲ, ਇੱਕ ਤਰ੍ਹਾਂ ਦੇ ਜਵਲਨਸ਼ੀਲ ਤਰਲ ਪਦਾਰਥ ਤੇ ਇੱਕ ਕਿਸਮ ਦੇ ਵਿਸਫ਼ੋਟਕ ਜਾਂ ਅੱਗ ਪੈਦਾ ਕਰਣ ਵਾਲੇ ਪਾਊਡਰ ਦਾ ਇਸਤੇਮਾਲ ਕੀਤਾ ਗਿਆ ।

ਡੀਜ਼ਲ ਤੇ ਪੈਟਰੋਲ ਪੰਪਾਂ ਤੋਂ ਲੰਘਦੀਆਂ ਹੋਈਆਂ ਮੋਟਰਾਂ, ਲਾਰੀਆਂ, ਤੇ ਸਕੂਟਰਾਂ ਤੋਂ ਪ੍ਰਾਪਤ ਕੀਤਾ ਗਿਆ ।

(ਙ) ਭੀੜ ਦਾ ਜੁਗਾੜ :-

1. ਹਰੀਨਗਰ ਆਸ਼ਰਮ ਵਿੱਚ 400-500 ਗੁੰਡੇ ਲਾਠੀਆਂ, ਲੋਹੇ ਦੀਆਂ ਛੜਾਂ, ਸੋਡਾ ਵਾਟਰਾਂ ਦੀ ਬੋਤਲਾਂ ਤੇ ਮਿੱਟੀ ਦੇ ਤੇਲ ਦੇ ਪੀਪਿਆਂ ਦੇ ਨਾਲ ਦੋ ਜੱਥਿਆਂ ਵਿੱਚ ਆਏ । ਪਹਿਲਾ ਜੱਥਾ ਸਵੇਰੇ ਪੌਣੇ ਦਸ

SUNDAY OBSERVER

'Bhagat, Tytler behind stay on riot pa

by Neeraj Mahajan

NEW DELHI, Nov 28: The Delhi High Court's ad interim injunction restraining the Jain-Banerjee committee from registering fresh cases against those involved in the November 1984 riots followed a petition which, sources say, had the tacit support of H K L Bhagat and Jagdish Tytler and may have been intended to bail out Sajjan Kumar.

Significantly, the petition was filed within a week of the Jain-Banerjee committee's visit to the Tilak Vihar relief camp, reportedly to investigate charges against Bhagat's wife and son.

By getting the Brahma Nand Gupta to file a writ staying the committee, Bhagat and Tytler have succeeded in stalling the proceedings, sources say. The possibility of their names coming out has at the very least been put off, for as long as the committee is involved in a legal tangle.

Brahma Nand Gupta claimed he had filed the petition following newspaper reports that "FIR's are being registered against several persons including the petitioner on the recommendations of the Jain Banerjee committee."

The High Court observed that "no cases will be registered on the directive/orders of the respondents 4 and 5 (Justices M L Jain and A K Banerjee)." Based on the petition, it issued notices on December 16 to Delhi Administration, the Union of India, the Home ministry, Justices M L Jain and A K Banerjee and the Delhi police commissioner.

Advocates and politicians alike feel this move has considerable political significance. The possibility that this was done to extricate Sajjan Kumar is not too remote, sources say.

"It was not my mother who died", Sajjan Kumar is believed to have told his colleagues in the DPCC(I). This stirred the hornet's nest, sources say.

"The petition clearly shows there is a conspiracy—the people involved are employing all stratagems, legal or illegal, to see to it that their names do not come out", said Sikh Forum leader general J S Arora, commenting on the High Court's stay soon after Sajjan Kumar's name was referred to the police for investigation.

H K L Bhagat

Jagdish Tytler

"At a time when a section of the Sikh community had started seeing a glimmer of hope for justice from the courts, this has been a let down. At this time when Sikhs had started moving out from the socio-religious platforms into gurudwaras to the Boat Club for airing their grievances through dharnas and demonstrations, such developments pose potent threats", said All India Sikh Conference general secretary Gurcharan Singh Babbar.

As many as 20,000 teen age children and youths orphaned in November 1984 riots, are growing up today in an environment of general lack of faith in justice, Babbar said. According to him the only solution is to revive the faith of the Sikh community in the judicial system.

"In lay man's parlance the High court's decision restraining the Jain-Banerjee committee from recommending registration of fresh cases is like preventing a citizen from reporting a crime to the police. In the same way, I could commit a murder and move the Court to see to it that no complaint or FIR was lodged against me", a legal expert commented.

"This amounts to prejudging a case on merit without a proper trial being conducted. It goes against the general trend. Courts are now-a-days fighting shy of interfering in the investigative process. Courts are of the opinion that it should be established in an appropriate court of law whether a person is guilty or not, otherwise the entire system of natural justice would be negated," advocate Pinky Anand observed.

"In fact, this can only be warranted if indeed there is a mala-fide in investigation or there is no ingredient of the offence with which the person is charged," she added.

According to senior High Court advocate Arun Jetley the only precedent available is that of an investigation being quashed by the Calcutta High Court in 1982. The investigations were found to be malafide and no offence was made out in the FIR.

In this case, since the FIR was still to be lodged as stated by the petitioner, there was no apparent need for the court to stay the committee before the investigat-

Riot panel stay

• continued from page 1

Delhi administration notification empowering the committee to "examine whether there was an omission to register cases or properly investigate offences committed in Delhi," during the November 1984 riots is illegal, he said. The government had not intended to give such powers to this commission, he added.

However, a Supreme Court lawyer pointed out that it was incorrect to presume that the Jain-Banerjee committee was an offshoot of the Mishra commission. Nowhere does the notification mention that the committee was formed as per the recommendations of the Ranganath Mishra commission. "It is an independent committee appointed by the Delhi Administration. It derives its powers from the power of the administration to refer a crime to the police for investigation. Hence, going outside the purview of the commission does not arise."

A legal expert said it was a debatable point whether the commission was illegal or not. It could be argued both ways—the committee, like any other citizen or complainant, or any member of a complainant, to register an FIR and investigate, as per article 32 of the Constitution.

However, since the committee is not an investigating agency under the criminal procedure code (CRPC) but a recommendatory body, it cannot exert itself to see that its recommendations are implemented, the expert added.

ਨਵੰਬਰ 1984 ਦੇ ਮੁੱਖ ਅਪਰਾਧੀ ਕਾਂਗਰਸ ਆਈ ਦੇ ਵੱਡੇ ਨੇਤਾ ਅਤੇ ਸਾਬਕਾ ਕੇਂਦਰੀ ਮੰਤਰੀ ਐਚ.ਕੇ.ਐਲ. ਭਗਤ ਅਤੇ ਜਗਦੀਸ਼ ਟਾਈਟਲਰ ਤਸਵੀਰ ਵਿੱਚ ਦਿਖਾਈ ਦੇ ਰਹੇ ਹਨ।

ਵਜੇ ਫ਼ਰੀਦਾਬਾਦ ਤੋਂ ਦਿੱਲੀ ਦਲਦਲ ਸ਼ਟਲ ਐਕਸਪ੍ਰੈਸ ਤੋਂ ਤੇ ਦੂਜਾ ਜੱਥਾ ਗਿਆਰਾਂ ਵਜੇ ਕੁਤੁਬ ਨਰਮਦਾ ਐਕਸਪ੍ਰੈਸ ਤੇ ਆਇਆ । ਇਨ੍ਹਾਂ ਦੋਨਾਂ ਜੱਥਿਆਂ ਨੇ 700 ਲੋਕਾਂ ਦੀ ਇਲਾਕਾਈ ਭੀੜ ਵਿੱਚ, ਜਿਸਦੇ ਲੋਕ ਨਾਲ ਦੀਆਂ ਜੇ. ਜੇ. ਕਾਲੋਨੀਆਂ ਵਿੱਚੋਂ ਆਏ ਸੀ । ਇਨ੍ਹਾਂ ਲੋਕਾਂ ਦੀ ਅਗਵਾਈ ਇੱਕ ਇਲਾਕੇ ਦਾ ਇੰਕਾ ਨੇਤਾ—ਕਰ ਰਿਹਾ ਸੀ ਤੇ ਉਸਦੇ ਨਾਲ ਉਸਦੇ ਤਿੰਨ ਦੋਸਤ—,—ਤੇ—ਵੀ ਸੀ । ਇੱਕ ਹਜ਼ਾਰ ਤੋਂ ਵੀ ਜ਼ਿਆਦਾ ਲੋਕਾਂ ਦੀ ਇਹ ਭੀੜ ਦੋ ਹਿੱਸਿਆਂ ਵਿੱਚ ਵੰਡ ਗਈ-ਇੱਕ ਹਿੱਸਾ ਬਾਲਾ ਸਾਹਿਬ ਗੁਰਦਵਾਰੇ ਤੇ ਅਤੇ ਦੂਜਾ ਸ਼ਾਲੀਮਾਰ ਇਲਾਕੇ ਦੀ ਸਿੱਖ ਬਸਤੀ ਤੇ ਹਮਲਾ ਕਰਣ ਚਲ ਪਿਆ ।

2. ਜਹਾਂਗੀਰਪੁਰੀ ਵਿੱਚ ਵੀ ਭੀੜ ਇਸੀ ਤਰ੍ਹਾਂ ਇੱਕਠੀ ਕੀਤੀ ਗਈ-ਉਸ ਵਿੱਚ ਗੁਆਂਢੀ ਲੋਕ ਤੇ ਭਲਸਵਾ ਰਾਮਗੜ ਤੇ ਬਾਦਲੀ ਪਿੰਡਾਂ ਦੇ ਲੋਕ ਸ਼ਾਮਲ ਸੀ ।

3. ਹਰ ਇੱਕ ਪੁਨਰਵਾਸ ਕਾਲੋਨੀ ਵਿੱਚ ਬਾਹਰੀ ਲੋਕ, ਅਗਰ ਉਹ ਦੂਜੇ ਇਲਾਕਿਆਂ ਦੇ ਬਾਸ਼ਿੰਦੇ ਸੀ ਤਾਂ ਬੱਸਾਂ ਤੇਅਤੇ ਜੇਕਰ ਨਜ਼ਦੀਕ ਦੇ ਇਲਾਕਿਆਂ ਦੇ ਰਹਿਣ ਵਾਲੇ ਸੀ ਤਾਂ ਪੈਦਲ ਆਏ ਅਤੇ ਇਲਾਕੇ ਦੇ ਲੋਕਾਂ ਦੇ ਨਾਲ ਸ਼ਾਮਲ ਹੋ ਗਏ ।

4. ਸੁਲਤਾਨਪੁਰੀ ਵਿੱਚ ਭੀੜ ਨਜ਼ਦੀਕ ਦੇ ਪੁਥ ਪਿੰਡ ਤੋਂ ਆਈ । ਬਲਾਕ ਸੀ-2, ਸੀ-3, ਸੀ-4 ਤੇ ਸੀ-6 ਦੇ ਇਲਾਕਿਆਂ ਦੇ ਗੁੰਡੇ ਵੀ ਭੀੜ ਵਿੱਚ ਸ਼ਾਮਲ ਸਨ । ਇਨ੍ਹਾਂ ਸਭਦੇ ਨਾਂ ਸਾਡੇ ਕੋਲ ਹਨ ਤੇ ਅਸੀਂ ਉਨ੍ਹਾਂ ਨੂੰ ਪੇਸ਼ ਕਰ ਸਕਦੇ ਹਾਂ ।

5. ਪੰਜਾਬੀ ਬਾਗ ਤੇ ਮਾਦੀਪੁਰ ਕਾਲੋਨੀਆਂ ਵਿੱਚ ਪੁਛ-ਗਿੱਛ ਕਰਣ ਤੇ ਪਤਾ ਲਗਾ ਕਿ ਭੀੜ ਦੀ ਅਗਵਾਈ ਕਰਣ ਵਾਲੇ ਬੰਦੇ ਐਸੇ ਲੋਕ ਸੀ, ਜੋ ਸੱਤਾ-ਰੂੜ ਦਲ ਲਈ ਦਿੱਲੀ ਵਿੱਚ ਆਪਣੀਆਂ ਰੈਲੀਆਂ ਤੇ ਸਭਾਵਾਂ ਦੇ ਆਦਮੀ ਜੁਟਾਣ ਲਈ ਇਸਤੇਮਾਲ ਕੀਤਾ ਕਰਦੇ ਸਨ ।

ਉਪਰਾਜਪਾਲ ਨੇ 4 ਨਵੰਬਰ, 1984 ਨੂੰ ਆਪਣੀ ਪ੍ਰੈਸ ਕਾਨਫਰੰਸ ਵਿੱਚ ਜਿਨ੍ਹਾਂ ਇਲਾਕਿਆਂ ਵਿੱਚ ਦੰਗਾ ਹੋਣ ਦੀ ਗੱਲ ਕਹੀ, ਉਹ ਐਸੇ ਇਲਾਕੇ ਹਨ, ਜਿਥੋਂ ਸਤਾਰੂੜ ਦਲ ਨੇ ਕੁੱਝ ਸਾਲ ਪਹਿਲਾਂ ਆਪਣੀ ਕਿਸਾਨ ਰੈਲੀ ਤੇ ਜਨਵਰੀ 1984 ਦੇ ਬੈਂਕ ਕਰਜੇ ਮੇਲੇ ਲਈ ਭੀੜ ਜੁਟਾਈ ਗਈ ਸੀ । ਇੰਕਾ ਦੇ ਨੇਤਾ ਮੰਗੋਲਪੁਰੀ, ਸੁਲਤਾਨਪੁਰੀ, ਤ੍ਰਿਲੋਕਪੁਰੀ ਤੇ ਕਲਿਆਣਪੁਰੀ ਤੋਂ ਭੀੜ ਜੁਟਾਂਦੇ ਰਹੇ ਹਨ ਅਤੇ ਜਹਾਂਗੀਰਪੁਰੀ ਤਾਂ ਐਸੀ ਕਾਲੋਨੀ ਹੈ, ਜਿਥੋਂ ਭੀੜ ਨੇ ਇੱਕ ਘਟ ਗਿਣਤੀ ਫਿਰਕੇ ਦੇ ਕਈ ਬੰਦਿਆਂ ਨੂੰ ਇਸ ਸ਼ੱਕ ਤੇ ਜਾਨ ਤੋਂ ਮਾਰ ਦਿੱਤਾ ਕਿ ਉਨ੍ਹਾਂ ਨੇ ਜਨਵਰੀ 1983 ਵਿੱਚ ਦਿੱਲੀ ਦੀਆਂ ਚੌਣਾਂ ਵਿੱਚ ਇੰਕਾ ਨੂੰ ਵੋਟ ਨਹੀਂ ਦਿੱਤਾ ਸੀ । (ਸਟੇਟਸਮੈਨ, 5 ਨਵੰਬਰ, 1984) ।

(ਚ) ਭੀੜ ਵਿੱਚ ਸ਼ਾਮਲ ਲੋਕ :-

1. ਗੁੰਡੇ-ਜਿਸ ਵਿੱਚ, —, —, —, —, ਆਦਿ ਜਿਵੇਂ ਲੋਕ ਸੀ, ਜਿਨ੍ਹਾਂ ਦੇ ਉਪਰ ਡਕੈਤੀ ਦੇ ਇਲਜ਼ਾਮ ਹਨ ਤੇ ਜਿਨ੍ਹਾਂ ਦਾ ਪੁਲਿਸ ਰਿਕਾਰਡ ਹੈ । ਜਹਾਂਗੀਰਪੁਰੀ ਵਿੱਚ ਐਸੇ ਲੋਕ ਹਨ ਜੋ ਇਨ੍ਹਾਂ ਲੋਕਾਂ ਦੇ ਖਿਲਾਫ਼ ਅਦਾਲਤ ਵਿੱਚ ਗਵਾਹੀ ਦੇਣ ਨੂੰ ਤਿਆਰ ਹਨ ।

2. ਅਨੁਸੂਚਿਤ ਜਾਤਾਂ ਦੇ ਲੋਕ-ਖਟੀਕ, ਚਮਾਰ, ਪੂਰਬੀਆ, ਜਮਾਂਦਾਰ, ਭੰਗੀ (ਭੰਗੀਆਂ ਦੇ ਖ਼ਿਲਾਫ਼ ਕਾਫ਼ੀ ਰੋਸ਼ ਹੈ, ਜ਼ਿਆਦਾਤਰ ਭੰਗੀ ਸੂਰ ਪਾਲਦੇ ਹਨ) ।

3. ਪਿਛੜੀ ਜਾਤਾਂ ਦੇ ਲੋਕ-ਜਾਟ, ਗੁੱਜਰ, ਅਹੀਰ, ਇਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਹਾਲ ਤੱਕ

Dharna organised by All India Sikh Conference (Babbar)

ਜ਼ਮੀਨਾਂ ਦੇ ਮਾਲਕ ਸਨ । ਸਰਕਾਰ ਨੇ ਨਵੀਆਂ ਕਾਲੋਨੀਆਂ ਬਨਾਣ ਲਈ ਇਨ੍ਹਾਂ ਦੀ ਜ਼ਮੀਨ ਲੈ ਲਿੱਤੀ ਹੈ ।

(ਛ) ਹੱਤਿਆਰਿਆਂ ਦੀ ਕਿਸਮ :-

ਨਰਮੇਧ ਤੋਂ ਬਚੇ ਲੋਕਾਂ ਨੇ ਆਮਤੌਰ ਤੇ ਬਾਹਰੀ ਇਲਾਕਿਆਂ ਦੇ ਪਿੰਡਾਂ ਦੇ ਜਾਟਾਂ, ਜਮੀਂਦਾਰਾਂ, ਭੰਗੀਆਂ ਅਤੇ ਸ਼ੋਹਦੇ ਤੇ ਗੁੰਡਿਆਂ ਤੇ ਹੱਤਿਆਵਾਂ ਕਰਣ ਦਾ ਆਰੋਪ ਲਗਾਇਆ ਹੈ । ਹੱਤਿਆਰਿਆਂ ਨੇ ਖੁਦ ਘਮੰਡ ਨਾਲ ਕਬੂਲ ਕੀਤਾ ਹੈ ਕਿ ਇੰਕਾ ਦੇ ਨੇਤਾਵਾਂ ਨੇ ਹਰ ਇੱਕ ਹਤਿਆਰੇ ਨੂੰ ਇੱਕ ਹਜ਼ਾਰ ਰੁਪਏ ਦਿੱਤੇ ਸੀ । ਹੱਤਿਆਰੇ ਹੱਤਿਆ ਕਰਨ ਤੋਂ ਪਹਿਲਾਂ ਪੂਰਨ ਰੂਪ ਨਾਲ ਨਸ਼ੇ ਵਿੱਚ ਧੁੱਤ ਰਿਹਾ ਕਰਦੇ ਸੀ । ਭੋਗਲ ਤੇ ਸੁਲਤਾਨਪੁਰੀ ਵਿੱਚ ਕੁੱਝ ਅੱਖੀਂ ਡਿਠਿਆਂ ਨੇ ਕੁੱਝ ਪੁਲਿਸ ਸਿਪਾਹੀਆਂ ਤੇ ਹੱਤਿਆ ਕਰਨ ਦਾ ਦੋਸ਼ ਲਗਾਇਆ ਗਿਆ ਹੈ । ਨਰਮੇਧ ਤੋਂ ਇਤਨੇ ਦਿਨਾਂ ਬਾਅਦ ਅੱਜ ਵੀ ਪੀੜਤ ਸ਼ਰਨਾਰਥੀ ਤਿੰਨ ਕਿਸਮ ਦੇ ਲੋਕਾਂ ਤੋਂ ਡਰਦੇ ਹਨ । ਇਹ ਤਿੰਨ ਲੋਕ ਹਨ :-ਗੁਜੱਰ, ਪੁਲਿਸ ਸਿਪਾਹੀ ਅਤੇ ਰਾਜਨੀਤਿਕ ਨੇਤਾ ।

ਇਨ੍ਹਾਂ ਕਾਲੋਨੀਆਂ ਵਿੱਚ ਜੋ ਹੱਤਿਆਰੇ ਹਨ ਉਨ੍ਹਾਂ ਵਿੱਚ—ਸ਼ਾਇਦ ਸਭ ਤੋਂ ਜ਼ਿਆਦਾ ਖਤਰਨਾਕ ਤੇ ਦੁਸ਼ਟ ਗਾਮੜੀ, ਭਜਨਪੁਰਾ, ਤੇ ਖਜੂਰੀ ਦਾ ਇੱਕ ਵੱਡਾ ਗੁੰਡਾ ਹੈ ਤੇ —ਦਾ ਬਹੁਤ ਨਜ਼ਦੀਕੀ ਸਹਿਯੋਗੀ ਹੈ । ਉਹ ਆਪਣੇ ਨਾਲ ਹਮੇਸ਼ਾਂ ਰਿਵਾਲਵਰ ਰਖਦਾ ਹੈ । ਉਸਨੇ ਗਾਮੜੀ ਤੇ ਭਜਨਪੁਰਾ ਦੇ ਸੀ ਬਲਾਕ ਦੀਆਂ ਹੱਤਿਆਵਾਂ ਤੇ ਲੁੱਟਪਾਟ ਦੀ ਯੋਜਨਾ ਹੀ ਨਹੀਂ ਬਣਾਈ, ਬਲਕਿ ਉਸ ਨੇ, ਜੋ ਨੰਦ ਨਗਰੀ ਵਿੱਚ ਜਨਤਾ ਫਲੈਟ ਨੰ:—ਵਿੱਚ ਦੁੱਧ ਦਿੱਤਾ ਕਰਦਾ ਸੀ । ਫ਼ਲੈਟ ਦੇ ਸਿੱਖ ਆਦਮੀ ਦੀ ਹੱਤਿਆ ਕੀਤੀ ।

(ਜ) ਹਮਲੇ ਦਾ ਤਰੀਕਾ :-

ਭੀੜ ਦੇ ਹਮਲੇ ਦਾ ਤਰੀਕਾ ਉਸਦੀ ਗਿਣਤੀ ਨਾਲ ਜੁੜਿਆ ਹੁੰਦਾ ਸੀ । ਅਗਰ ਭੀੜ ਬਹੁਤ ਵੱਡੀ ਹੋਈ ਤਾਂ ਉਹ ਇਕੋ ਵਾਰੀ ਹੀ ਸਿੱਖਾਂ ਦੇ ਮਕਾਨਾਂ, ਗੁਰਦਵਾਰੇ, ਦੁਕਾਨਾਂ ਆਦਿ ਤੇ ਹਮਲੇ ਕਰਦੀ, ਅੱਗਜ਼ਨੀ, ਲੁੱਟਪਾਟ ਤੇ ਹੱਤਿਆਵਾਂ ਕਰਦੀ । ਮਸਲਨ ਹਰੀਨਗਰ ਆਸ਼ਰਮ ਤੇ ਤ੍ਰਿਲੋਕਪੁਰੀ ਵਿੱਚ ਭੀੜ ਬਹੁਤ ਵੱਡੀ ਸੀ । ਤਾਂ ਉਸਨੇ ਦੋ ਹਿਸਿਆਂ ਵਿੱਚ ਵੰਡਕੇ ਇੱਕੋ ਨਾਲ ਵਿਆਪਕ ਰੂਪ ਨਾਲ ਹਮਲਾ, ਲੁੱਟਪਾਟ, ਅੱਗਜ਼ਨੀ ਤੇ ਹੱਤਿਆਵਾਂ ਕੀਤੀਆਂ । ਲੇਕਿਨ ਜਿੱਥੇ ਭੀੜ ਵਿੱਚ ਘੱਟ ਲੋਕ ਹੁੰਦੇ ਸਨ-100-150 ਹੁੰਦੇ ਸੀ-ਉੱਥੇ ਹਮਲੇ ਕ੍ਰਮ-ਵਾਰ ਹੋਏ । ਪਹਿਲੇ ਗੁਰਦਵਾਰੇ ਨਸ਼ਟ ਕੀਤੇ ਗਏ, ਉਸਤੋਂ ਬਾਅਦ ਸਿੱਖਾਂ ਦੇ ਮਕਾਨਾਂ ਤੇ ਦੁਕਾਨਾਂ ਨੂੰ ਪਹਿਚਾਣ ਕੇ ਲੁੱਟਿਆ ਗਿਆ ਤੇ ਅੰਤ ਵਿੱਚ ਸਿੱਖਾਂ ਨੂੰ ਅਪਮਾਨਤ ਕੀਤਾ ਗਿਆ-ਉਨ੍ਹਾਂ ਦੇ ਕੇਸ ਕੱਟ ਦਿੱਤੇ ਗਏ, ਪਗੜੀਆਂ ਫਾੜ ਦਿੱਤੀਆਂ ਗਈਆਂ ਤੇ ਫਿਰ ਉਨ੍ਹਾਂ ਦੀ ਬਾਬਰਾਨਾ ਹੱਤਿਆ ਕਰ ਦਿੱਤੀ ਗਈ, ਉਨ੍ਹਾਂ ਨੂੰ ਜਿੰਦਾ ਜਲਾਇਆ ਗਿਆ । ਇਸ ਕ੍ਰਮਬਧਤਾ ਨੂੰ ਦੇਖਣ ਤੇ ਇਸ ਗੱਲ ਵਿੱਚ ਕੋਈ ਗੁੰਜਾਇਸ਼ ਨਹੀਂ ਰਹਿ ਜਾਂਦੀ ਕਿ ਹਿੰਸਾ ਬਹੁਤ ਹੀ ਸੋਚੇ ਸਮਝੇ ਢੰਗ ਨਾਲ ਕੀਤੀ ਗਈ ਸੀ । ਤੇ ਉਸਦੇ ਸੰਚਾਲਕ ਆਪਣੇ ਫ਼ਨ ਵਿੱਚ ਮਾਹਿਰ ਸਨ ।

(ਝ) ਬਾਰ-ਬਾਰ ਮੁਆਇਨਾ :-

ਸ਼ਿਕਾਰੀ ਪੰਛੀ ਦੀ ਤਰ੍ਹਾਂ ਭੀੜ ਹੱਤਿਆ ਦੀ ਜਗ੍ਹਾ ਦਾ ਬਾਰ-ਬਾਰ ਮੁਆਇਨਾ ਕਰਦੀ ਕਿ ਜਿੰਨਾ ਦੀ ਉਸਨੇ ਹੱਤਿਆ ਕੀਤੀ ਹੈ, ਉਹ ਕਿੱਧਰੇ ਜਿੰਦਾ ਤਾਂ ਨਹੀਂ ਰਹਿ ਗਏ । ਭੋਗਲ ਵਿੱਚ ਭੀੜ ਇੱਕ ਵਾਰ ਦਿਨ ਦੇ 11 ਵਜੇ ਉਨ੍ਹਾਂ ਦੁਕਾਨਾਂ ਦਾ ਮੁਆਇਨਾ ਕਰਨ ਆਈ, ਜਿਨ੍ਹਾਂ ਨੂੰ ਉਸਨੇ ਸਾੜਿਆ ਸੀ । ਤਿੰਨ ਘੰਟੇ ਬਾਅਦ 2 ਵਜੇ ਉਹ ਫ਼ਿਰ ਮੁਆਇਨਾ ਕਰਣ ਆਈ ਕਿ ਦੁਕਾਨਾਂ ਸੜਕੇ ਸੁਆਹ ਹੋਈਆਂ ਹਨ ਜਾਂ ਨਹੀਂ । ਜਹਾਂਗੀਰਪੁਰੀ ਵਿੱਚ ਉਸਨੇ ਜਿਨ੍ਹਾਂ ਨੂੰ ਜਿੰਦਾ ਸਾੜਿਆ ਸੀ, ਉਨ੍ਹਾਂ ਦਾ ਉਸਨੇ ਕਈ ਵਾਰ ਮੁਆਇਨਾ ਕੀਤਾ

ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਵੀ.ਪੀ. ਸਿੰਘ ਬੋਟ ਕਲਬ ਨਵੀਂ ਦਿੱਲੀ ਵਿਖੇ ਦੰਗਾਂ ਪੀੜਤਾਂ ਵਲੋਂ ਦਿੱਤੇ ਜਾ ਰਹੇ ਧਰਨੇ ਤੇ ਆਕੇ ਸਰਦਾਰ ਗੁਰਚਰਨ ਸਿੰਘ ਬੱਬਰ ਦੇ ਨਾਲ ਪੀੜਤਾਂ ਦੀ ਸੱਮਸਿਆ ਬਾਰੇ ਵਿਸਤਾਰ ਨਾਲ ਚਰਚਾ ਕਰਦੇ ਹੋਏ।



ਕਿ ਉਨ੍ਹਾਂ ਵਿੱਚ ਜਾਨ ਰਹਿ ਗਈ ਹੈ ਜਾਂ ਨਹੀਂ ।

(ਟ) **ਨਾਰੇ** :-

ਕੁਲ ਯੋਜਨਾ ਤੇ ਸੰਗਠਨ ਵਿੱਚ ਨਾਰਿਆਂ ਦੀ ਕਾਫ਼ੀ ਮਹੱਤਵਪੂਰਨ ਭੂਮਿਕਾ ਸੀ । ਦਿੱਲੀ ਭਰ ਵਿੱਚ ਖਾਸ ਕਰਕੇ ਤਿੰਨ ਕਿਸਮ ਦੇ ਨਾਰੇ ਲਗਾਏ ਜਾਂਦੇ ਰਹੇ ।

ਨਾਰਿਆਂ ਦਾ ਮਕਸਦ ਲੋਕਾਂ ਨੂੰ ਇੰਦਰਾ ਗਾਂਧੀ ਦੀ ਮਹਾਨਤਾ ਦਾ ਬਖਾਨ ਕਰਕੇ ਬਦਲਾ ਲੈਣ ਲਈ ਉਕਸਾਣਾ ਤੇ ਫ਼ਿਰ ਉਨ੍ਹਾਂ ਨੂੰ ਯਾਦ ਦਿਵਾਣਾ ਕਿ ਉਹ ਮਰ ਗਈ ਹੈ ।

ਸੋ ਇੰਦਰਾਗਾਂਧੀ ਜਿੰਦਾਬਾਦ, 'ਇੰਦਰਾ ਗਾਂਧੀ ਅਮਰ ਰਹੇ' ਤੇ 'ਜਬ ਤੱਕ ਸੂਰਜ-ਚਾਂਦ ਰਹੇਗਾ, ਇੰਦਰਾ ਤੇਰਾ ਨਾਮ ਰਹੇਗਾ' ਦੇ ਜਜ਼ਬਾਤੀ ਨਾਰਿਆਂ ਤੋਂ ਬਾਦ 'ਖੂਨ ਕਾ ਬਦਲਾ ਖੂਨ ਸੇ ਲੇਂਗੇ', 'ਸਰਦਾਰੋਂ ਕੋ ਜਲਾ ਦੋ', ਲੂਟ ਲੋ, 'ਸਰਦਾਰੋਂ ਕੋ ਮਾਰ ਦੋ', ਔਰ 'ਹਿੰਦੂ ਭਾਈ ਮੁਸਲਮਾਨ ਭਾਈ, ਸਰਦਾਰੋਂ ਕੀ ਕਰੇ ਸਫ਼ਾਈ' ਦੇ ਨਾਰੇ ਲਗਾਏ ਜਾਂਦੇ ।

(ਠ) **ਅਫ਼ਵਾਹਾਂ** :-

ਅਫ਼ਵਾਹਾਂ ਫੈਲਾਣ ਦਾ ਤਰੀਕਾ ਬੜਾ ਸੂਖਮ ਸੀ । ਇਹ ਕੰਮ ਤਿੰਨ ਚਰਨਾਂ ਵਿੱਚ ਕੀਤਾ ਗਿਆ ।

ਪਹਿਲਾ ਚਰਨ :-31 ਅਕਤੂਬਰ ਦੀ ਸ਼ਾਮ ਨੂੰ ਸਿਰਫ਼ ਇੱਕ ਅਫ਼ਵਾਹ ਫ਼ੈਲਾਈ ਗਈ । ਇਸਦਾ ਇੱਕਮਾਤ੍ਰ ਮਕਸਦ ਬਦਲੇ ਦੀ ਭਾਵਨਾ ਪੈਦਾ ਕਰਣਾ ਤੇ ਉਸਨੂੰ ਉਕਸਾਣਾ ਸੀ । ਵੈਸੇ ਵੀ ਬਦਲੇ ਦੀ ਭਾਵਨਾ ਨੂੰ ਟੀ. ਵੀ. ਤੇ ਇੰਦਰਾ ਗਾਂਧੀ ਦੀ ਲਾਸ਼ ਦੇ ਕੋਲ ਪ੍ਰਦਰਸ਼ਨ ਤੇ ਹੱਤਿਆਰਿਆਂ ਨੂੰ ਬਾਰ-ਬਾਰ ਸਿੱਖ ਅਨਾਉਂਸ ਕਰਕੇ ਪੁਸ਼ਟ ਕੀਤਾ ਜਾ ਰਿਹਾ ਸੀ ।

ਟੀ. ਵੀ. ਨੇ ਤਾਂ ਬਦਲੇ ਦੇ ਤਰੀਕੇ ਦਾ ਸੰਕੇਤ ਵੀ ਦਿੱਤਾ-ਤਿੰਨ ਮੂਰਤੀ ਵਿੱਚ ਇੱਕ ਇੱਕਠੀ ਉਤੇਜਿਤ ਭੀੜ ਵਲੋਂ ਲਗਾਇਆ ਗਿਆ ਨਾਰਾ 'ਖੂਨ ਕਾ ਬਦਲਾ ਖੂਨ ਸੇ' ਟੀ. ਵੀ. ਤੇ ਸਪਸ਼ਟ ਸੁਣਾਇਆ ਗਿਆ । ਅਫ਼ਵਾਹ ਇਹ ਫੈਲਾਈ ਗਈ ਕਿ ਦਿੱਲੀ ਭਰ ਵਿੱਚ ਸਿੱਖ ਇੰਦਰਾ ਗਾਂਧੀ ਦੀ ਹੱਤਿਆ ਤੇ ਮਿਠਾਈ ਵੰਡਕੇ, ਭੰਗੜਾ ਪਾ ਕੇ ਤੇ ਪਟਾਖੇ ਛੋੜਕੇ ਜਸ਼ਨ ਮਨਾ ਰਹੇ ਸੀ । ਇਹ ਅਫ਼ਵਾਹ ਜੰਗਲ ਦੀ ਅੱਗ ਦੀ ਤਰ੍ਹਾਂ ਫੈਲਦੀ ਗਈ, ਹਾਲਾਂਕਿ ਕਿਸੀ ਨੇ ਵੀ ਮਿਸ਼ਠਾਨ ਨਹੀਂ ਵੰਡਿਆ, ਭੰਗੜਾ-ਡਾਂਸ ਤੇ ਦੀਵਾਲੀ ਦੀ ਦੀਪਸੱਜਾ ਨੂੰ ਨਹੀਂ ਦੇਖਿਆ ਸੀ । ਪੜੇ-ਲਿਖੇ ਤੇ ਇੱਜ਼ਤਦਾਰ ਇਸਤਰੀ ਪੁਰਸ਼ ਤੱਕ ਇਸ ਅਫ਼ਵਾਹ ਨੂੰ ਸੱਚ ਮੰਨ ਕੇ ਅੱਗ ਬਬੂਲਾ ਹੋ ਰਹੇ ਸੀ ।

ਦੂਜਾ ਚਰਨ :-**ਇੱਕ** ਨਵੰਬਰ ਨੂੰ ਗੁਰਦਵਾਰਿਆਂ ਨੂੰ ਜਲਾਏ ਜਾਣ ਤੇ ਸਿੱਖਾਂ ਨੂੰ ਟੁਕੜੇ-ਟੁਕੜੇ ਕਰਕੇ ਕੱਟਣ ਜਾਂ ਜਿੰਦਾ ਜਲਾਣ ਤੋਂ ਬਾਅਦ ਇਸ ਮਕਸਦ ਨਾਲ ਕਿ ਸਿੱਖਾਂ ਦੇ ਲਈ ਕਿਸੀ ਪ੍ਰਕਾਰ ਦੀ ਕਰੁਣਾ ਤੇ ਹਮਦਰਦੀ ਦਾ ਭਾਵ ਪੈਦਾ ਨਾ ਹੋ ਸਕੇ, ਤਿੰਨ ਤਰ੍ਹਾਂ ਦੀਆਂ ਅਫ਼ਵਾਹਾਂ ਫੈਲਾਈਆਂ ਗਈਆਂ-ਹਰ ਗੁਰਦਵਾਰੇ ਵਿੱਚ ਹਥਿਆਰਾਂ ਦਾ ਜ਼ਖੀਰਾ ਸੀ ਤੇ ਜਦੋਂ ਗੁਰਦਵਾਰੇ ਜਲ ਗਏ ਤਾਂ ਉਨ੍ਹਾਂ ਵਿੱਚੋਂ ਉਗਰਵਾਦੀਆਂ ਵਲੋਂ ਇਸਤੇਮਾਲ ਕੀਤੇ ਜਾਣ ਵਾਲੇ ਹਥਿਆਰ ਮਿਲੇ । ਸਚਾਈ ਤਾਂ ਇਹ ਸੀ ਕਿ ਜਲਾਏ ਗਏ ਕਿਸੀ ਵੀ ਗੁਰਦਵਾਰੇ ਵਿੱਚ ਹਥਿਆਰ ਨਹੀਂ ਮਿਲੇ । ਦੂਜੀ ਅਫ਼ਵਾਹ ਜ਼ਿਆਦਾ ਜ਼ੋਰਦਾਰ ਸੀ । ਸਿੱਖਾਂ ਦੀ ਹੱਤਿਆ ਦੀ ਯੋਜਨਾ ਤੇ ਅਮਲ ਹੋ ਜਾਣ ਤੋਂ ਬਾਦ ਇਹ ਗੱਲ ਪ੍ਰਚਾਰੀ ਗਈ ਕਿ 'ਸਰਦਾਰ ਤਲਵਾਰੋਂ ਸੇ ਲੈਸ ਹੋਕੇ ਹਮਲਾ ਕਰਨੇ ਆਏਂਗੇ ਔਰ ਬਸ ਆਤੇ ਹੀ ਹੋਂਗੇ ।' ਇਸ ਦੂਜੀ ਅਫ਼ਵਾਹ ਤੋਂ ਕਈ ਹੋਰ ਡਰਾਵਣੀਆਂ ਅਫ਼ਵਾਹਾਂ ਫੁੱਟੀਆਂ-ਜਿਵੇਂ, 'ਸਰਦਾਰ ਬੱਚਿਆਂ ਦਾ ਅਪਹਰਨ ਕਰੇਂਗੇ ।' ਇਨ੍ਹਾਂ ਅਫ਼ਵਾਹਾਂ ਦੇ ਕਾਰਨ ਲੋਕ ਸਿੱਖਾਂ ਤੋਂ

ਨਵੰਬਰ 1984 ਦੀਆਂ ਹਜ਼ਾਰਾਂ ਵਿਧਵਾਵਾਂ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਕੋਠੀ ਦੇ ਬਾਹਰ ਨਿਆਂ ਦੇ ਲਈ ਪ੍ਰਦਰਸ਼ਨ ਕਰਦੀਆਂ ਹੋਈਆਂ।

ਡਰਨ ਲੱਗੇ । ਤੇ ਕੁੱਝ ਬਸਤੀਆਂ ਵਿੱਚ ਰਹਿਣ ਵਾਲੇ ਘਰੇਲੂ ਨੌਕਰਾਂ ਤੇ ਹੋਰ ਮਜ਼ਦੂਰਾਂ ਨੇ 2 ਨਵੰਬਰ ਨੂੰ ਆਪਣੇ ਬੱਚਿਆਂ ਨੂੰ ਅਤੇ ਜੋ ਵੀ ਮਾਲ ਉਨ੍ਹਾਂ ਦੇ ਕੋਲ ਸੀ, ਉਸਨੂੰ ਆਪਣੇ ਮਾਲਕਾਂ ਦੇ ਘਰਾਂ ਵਿੱਚ ਹਿਫ਼ਾਜ਼ਤ ਲਈ ਪਹੁੰਚਾ ਦਿੱਤਾ।

ਚਾਂਦਨੀ ਚੌਕ ਵਿੱਚ ਪੁਲਿਸ ਨੇ ਇੱਕ ਦਿਲਚਸਪ ਨਾਰੇ ਨੂੰ ਜਨਮ ਦਿੱਤਾ-'ਰਾਤ ਹਮਾਰੀ, ਦਿਨ ਤੁਮਹਾਰਾ' । ਇਹ ਨਾਰਾ ਸ਼ਾਇਦ ਮਜ਼ਾਕ ਵਿੱਚ ਸ਼ੁਰੂ ਹੋਇਆ ਸੀ ਕਿਉਂਕਿ ਇੱਕ ਸਿੱਖ ਦੀ ਜਵੈਲਰੀ ਤੇ ਗਹਿਣਿਆਂ ਦੀ ਇੱਕ ਵੱਡੀ ਦੁਕਾਨ ਦੀ ਲੁੱਟ ਵਿੱਚ ਪੁਲਿਸ ਨੂੰ ਹਿੱਸਾ ਨਹੀਂ ਮਿਲਿਆ ਤਾਂ ਉਸਨੇ ਸਰਾਫ਼ਾ ਬਾਜ਼ਾਰ ਵਿੱਚ ਰਾਤ ਨੂੰ ਤਿਜੋਰੀਆਂ ਤੋੜਕੇ ਗਹਿਣੇ ਤੇ ਨਕਦ ਰੁਪਏ ਲੁੱਟੇ ਸੀ । ਇਹ ਨਾਰਾ ਬਾਦ ਵਿੱਚ ਇਸ ਤਰ੍ਹਾਂ ਤੋੜ-ਮੋੜਕੇ ਪੇਸ਼ ਕੀਤਾ ਗਿਆ ਕਿ ਇਸਦਾ ਇੱਕਦਮ ਉਲਟਾ ਹੀ ਹੋ ਗਿਆ-ਸਿੱਖਾਂ ਨੇ ਧਮਕੀ ਦਿੱਤੀ ਹੈ ਕਿ 'ਦਿਨ ਕੋ ਵੇ ਲੁੱਟ-ਮਾਰ ਗਏ ਹੈਂ, ਤੋ ਰਾਤ ਕੋ ਵੇ ਬਦਲੇ ਮੇਂ ਲੁੱਟ-ਮਾਰ ਕਰ ਸਕੇਂਗੇ ।' ਤੀਜੀ ਤੇ ਸਭ ਤੋਂ ਜ਼ਿਆਦਾ ਖਤਰਨਾਕ ਅਫ਼ਵਾਹ ਇੱਕ ਨਵੰਬਰ ਨੂੰ ਦਿੱਲੀ ਦੇ ਕੇਂਦਰੀ ਇਲਾਕਿਆਂ ਵਿੱਚ ਨਰਮੇਧ ਦੇ ਲਗਭਗ ਪੂਰੇ ਹੋ ਜਾਣ ਤੋਂ ਬਾਦ ਰਾਤ ਦੇ ਸਾਢੇ ਦੱਸ ਵਜੇ ਤੋਂ ਬਾਦ ਫ਼ੈਲਾਈ ਗਈ-'ਸਰਦਾਰੋਂ ਨੇ ਪੀਨੇ ਕੇ ਪਾਨੀ ਮੇਂ ਜ਼ਹਿਰ ਘੋਲ ਦੀਆ ਹੈ, ਅਨਜਾਨ ਵਿਅਕਤੀਯੋਂ ਨੇ ਟੈਲੀਫੋਨ ਪਰ ਯੇਹ ਖਬਰ ਦੀ ਹੈ ਔਰ ਲੋਗੋਂ ਸੇ ਕਹਾ ਕਿ ਵੇ ਕਾਰਪੋਰੇਸ਼ਨ ਕਾ ਪਾਨੀ ਨਾ ਪੀਏਂ ।' ਇਸ ਅਫ਼ਵਾਹ ਦਾ ਖਤਰਨਾਕ ਅਸਰ ਹੋਇਆ । ਸੰਪਰਦਾਇਕਤਾ ਤੋਂ ਅਛੂਤੇ ਹਿੰਦੂ ਤੱਕ ਅਪਣੇ ਸਿੱਖ ਗੁਆਂਢੀਆਂ ਨੂੰ ਦੁਸ਼ਮਣ ਮੰਨਣ ਲੱਗੇ ।

ਤੀਜਾ ਚਰਨ :- ਜਦੋਂ ਸਿੱਖਾਂ ਦੀਆਂ ਲਾਸ਼ਾਂ ਨੂੰ ਲੈ ਕੇ ਰੇਲਾਂ ਦਿੱਲੀ ਪਹੁੰਚਣ ਲਗੀਆਂ ਤਾਂ ਇਹ ਅਫ਼ਵਾਹ ਫੈਲਾਈ ਗਈ ਕਿ ਪੰਜਾਬ ਵਿੱਚ ਹਿੰਦੂਆਂ ਦੀ ਵੱਡੇ ਪੈਮਾਨੇ ਤੇ ਹੱਤਿਆ ਕੀਤੀ ਗਈ ਹੈ ਤੇ ਪੰਜਾਬ ਤੋਂ ਆਣ ਵਾਲੀਆਂ ਜੇਲ੍ਹਮ ਐਕਸਪ੍ਰੈਸ ਹਿੰਦੂਆਂ ਦੀਆਂ ਲਾਸ਼ਾਂ ਲੈ ਕੇ ਆਈ ਹੈ । ਸਚਾਈ ਨੂੰ ਉਲਟਨਾ ਜ਼ਰੂਰੀ ਸੀ ਕਿਉਂਕਿ ਪੁਨਰਵਾਸ ਕਾਲੋਨੀਆਂ ਵਿੱਚ ਨਰਮੇਧ ਯੱਗ ਵਿੱਚ ਪੂਰਨ ਆਹੂਤੀ ਦਿੱਤੀ ਜਾਣੀ ਬਾਕੀ ਰਹਿ ਗਈ ਸੀ ।

ਇਸ ਨਰਮੇਧ ਦੀ ਘਿਨੌਣੀਆਂ ਘਟਨਾਵਾਂ ਦਾ ਵਿਸ਼ਲੇਸ਼ਨ ਕਰਣ ਤੇ ਇਹ ਨਜ਼ਰ ਆਣ ਲਗਦਾ ਹੈ ਕਿ ਕੋਈ ਆਲੌਕਿਕ ਹੱਥ ਸ਼ਤਰੰਜ ਤੇ ਮੋਹਰਿਆਂ ਦੀ ਵੱਡੀ ਦਕਸ਼ਤਾ ਦੇ ਨਾਲ ਅੱਗੇ ਵੱਧ ਰਿਹਾ ਸੀ ।—ਮਹੱਲੇ ਦਾ ਸਭ ਤੋਂ ਤਾਕਤਵਰ ਨੇਤਾ ਬੈਠਕ ਬੁਲਾਂਦਾ ਸੀ ਤੇ ਅਲੱਗ-ਅਲੱਗ ਚੌਣਵੇਂ ਦਲਾਂ ਨੂੰ ਡਿਊਟੀ ਵੰਡਦਾ ਸੀ-ਸਿੱਖਾਂ ਦੇ ਮਕਾਨਾਂ ਦੀ ਪਹਿਚਾਣ, ਯੋਜਨਾ ਦਾ ਨਿਰੀਖਣ ਤੇ ਲਾਗੂ ਕਰਨ ਦਾ ਕੰਮ, ਭੀੜ ਦੀ ਗਿਣਤੀ ਦਾ ਅਨੁਮਾਨ, ਭੀੜ ਵਿੱਚ ਕੌਣ ਹੋਣਗੇ, ਉਹ ਕਿੱਥੋਂ-ਕਿੱਥੋਂ ਜੁਟਾਈ ਜਾਏਗੀ । ਇਹੀ ਨਹੀਂ ਆਲੌਕਿਕ ਹੱਥ ਇਹ ਵੀ ਨਿਸ਼ਚਿਤ ਕਰਦਾ ਸੀ ਕਿ ਹਰ ਇੱਕ ਹੱਤਿਆਰੇ ਨੂੰ ਕਿੰਨੇ ਪੈਸੇ ਦਿੱਤੇ ਜਾਣਗੇ ਤੇ ਹਮਲੇ ਦਾ ਕ੍ਰਮ ਕੀ ਹੋਏਗਾ । ਹਮਲੇ ਦਾ ਪਹਿਲਾ ਇਰਾਦਾ ਗੁਰਦਵਾਰਾ ਹੀ ਹੁੰਦਾ ਸੀ । ਇਹ ਇੱਕ ਦੋਹਰੀ ਧਾਰ ਵਾਲੀ ਰਾਜਨੀਤੀ ਸੀ । ਇਸਦੇ ਚਲਦੇ ਹੱਤਿਆਰਿਆਂ ਦੇ ਦਿਮਾਗ ਵਿੱਚ ਇਹ ਬੈਠਾ ਦਿੱਤਾ ਗਿਆ ਸੀ ਕਿ ਗੁਰਦਵਾਰੇ ਸਿੱਖਾਂ ਦੇ ਸ਼ਸਤਰਗਾਹ ਹਨ ਸੋ ਆਪਣੀ ਸੁਰੱਖਿਆ ਲਈ ਉਨ੍ਹਾਂ ਨੂੰ ਪਹਿਲੇ ਨਸ਼ਟ ਕਰਣਾ ਹੋਏਗਾ । ਦੂਜੇ ਇੱਕ ਸਿੱਖ ਦੇ ਦਿਮਾਗ ਵਿੱਚ ਗੁਰਦਵਾਰਾ ਉਸਦੇ ਧਰਮ, ਹਿੰਮਤ, ਪ੍ਰੇਮ ਦਾ ਪ੍ਰਤੀਕ ਹੈ ਤੇ ਗੁਰਦਵਾਰਾ ਨਹੀਂ ਰਹਿ ਜਾਂਦਾ ਤਾਂ ਉਹ ਵੀ ਨਹੀਂ ਰਹਿ ਜਾਂਦਾ । ਸਿੱਖ ਨੂੰ ਪਹਿਲੇ ਮਾਨਸਿਕ ਤੇ ਨੈਤਿਕ ਤੌਰ ਤੇ ਅਤੇ ਬਾਅਦ ਵਿੱਚ ਸ਼ਰੀਰਕ ਰੂਪ ਤੋਂ ਤੋੜਣ ਲਈ ਸਭ ਜਗ੍ਹਾ ਸਭ ਤੋਂ ਪਹਿਲਾਂ ਉਸਦੇ ਗੁਰਦਵਾਰੇ ਤੇ ਹਮਲਾ ਕੀਤਾ ਗਿਆ ਅਤੇ ਉਸਤੋਂ ਬਾਦ ਉਸਦੀ ਹੱਤਿਆ ਕੀਤੀ ਗਈ । ਨਾਰੇ ਬਹੁਤ ਸੋਚ-ਵਿਚਾਰ ਕੇ ਘੜੇ ਗਏ ਸੀ ਤੇ ਅਫ਼ਵਾਹਾਂ ਬਹੁਤ ਹੋਸ਼ਿਆਰੀ ਨਾਲ ਫੈਲਾਈਆਂ ਗਈਆਂ ਸੀ । ਇਹ ਸਭ ਨਰਮੇਧ ਯੱਗ ਦਾ ਕਾਰਣ ਸਿੱਧ ਕਰਣ ਦੇ ਲਈ ਜ਼ਰੂਰੀ ਵੀ ਸੀ ।

ਕਾਂਗਰਸ ਆਈ ਦੇ ਵੱਡੇ ਨੇਤਾ ਅਤੇ ਸਾਬਕਾ ਪਾਰਲੀਮੈਂਟ ਦੇ ਮੈਂਬਰ ਸੱਜਨ ਕੁਮਾਰ ਦੇ ਖਿਲਾਫ ਪ੍ਰਮੁੱਖ ਗਵਾਹ ਸ਼੍ਰੀਮਤੀ ਅਨਵਰ ਕੌਰ ਸੀਬੀਆਈ ਅਧਿਕਾਰੀਆਂ ਦੇ ਸਾਹਮਣੇ ਆਪਣਾ ਬਿਆਨ ਦਿੰਦੇ ਹੋਏ।

“ਹਮਲਾਵਰਾਂ ਦਾ ਪਿਛੋਕੜ”

ਸ਼ਹਿਰ ਦੇ ਅਲਗ-ਅਲਗ ਹਿੱਸਿਆਂ ਵਿੱਚ ਪੂਰੇ ਸਰਵੇ ਦੇ ਆਧਾਰ ਤੇ ਕਮੇਟੀ ਦੇ ਮੈਂਬਰ ਉਸ ਭੀੜ ਦਾ ਇੱਕ ਚਰਿੱਤਰ ਜੋੜ ਪਾਏ ਜੋ ਜਮਨਾਪਾਰ ਤੇ ਪੱਛਮੀ ਦਿੱਲੀ ਦੇ ਇਲਾਕਿਆਂ ਵਿੱਚ ਲੁੱਟ-ਪਾਟ, ਅੱਗਜ਼ਨੀ ਤੇ ਹੱਤਿਆ ਲਈ ਜਿੰਮੇਵਾਰ ਸੀ ।

ਕੁੱਝ ਮਾਮਲਿਆਂ ਵਿੱਚ ਭੀੜ ਇਲਾਕੇ ਤੋਂ ਬਾਹਰੋਂ ਲਿਆਂਦੀ ਗਈ ਸੀ (ਜਿੱਥੇ ਉਨ੍ਹਾਂ ਨੂੰ ਇਲਾਕੇ ਦੇ ਰਾਜਨੀਤਿਕ ਨੇਤਾਵਾਂ ਨੇ ਪ੍ਰੇਰਿਤ ਕੀਤਾ ਸੀ । ਤੇ ਗੁਆਂਢੀ ਪਿੰਡਾਂ ਤੋਂ ਜਾਟ ਤੇ ਗੁੱਜਰ ਆਏ । ਉਨ੍ਹਾਂ ਨੂੰ ਗੱਡੀਆਂ ਵਿੱਚ ਲਿਆਂਦਾ ਗਿਆ । ਛੋਟੀਆਂ ਜਾਤਾਂ ਦੇ ਕਾਫ਼ੀ ਲੋਕ ਇਸ ਭੀੜ ਵਿੱਚ ਸ਼ਾਮਲ ਸੀ ।

ਇਸਤੋਂ ਜ਼ਿਆਦਾ ਮਹੱਤਵਪੂਰਨ ਇਹ ਹੈ ਕਿ ਤ੍ਰਿਲੋਕਪੁਰੀ, ਮੰਗੋਲਪੁਰੀ ਤੇ ਸੁਲਤਾਨਪੁਰੀ ਵਰਗੇ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਲ ਇੰਕਾ ਨੇਤਾਵਾਂ ਤੇ ਇਲਾਕੇ ਦੇ ਗੁੰਡਿਆਂ ਨੇ ਭੀੜ ਦੀ ਅਗਵਾਈ ਕੀਤੀ । ਇਹ ਯਾਦ ਰਹੇ ਕਿ ਇਹ ਇਲਾਕੇ ਇੰਕਾ ਦਵਾਰਾ ਸ਼ਹਿਰੀ ਪੁਨਰਵਾਸ ਪ੍ਰੋਗਰਾਮ ਦੇ ਅਧੀਨ ਵਸਾਏ ਗਏ ਸਨ ਤੇ ਉਦੋਂ ਤੋਂ ਇੰਕਾ ਦੇ ਖ਼ਾਸ ਸਮਰਥਨ ਆਧਾਰ ਰਹੇ ਹਨ । ਹਾਲ ਦੇ ਅਤੀਤ ਵਿੱਚ ਇਨ੍ਹਾਂ ਇਲਾਕਿਆਂ ਨੇ ਸ਼ਹਿਰ ਵਿੱਚ ਇੰਕਾ ਦੀਆਂ ਰੈਲੀਆਂ ਵਿੱਚ ਭਾਰੀ ਗਿਣਤੀ ਵਿੱਚ ਯੋਗਦਾਨ ਦਿੱਤਾ ਹੈ । ਦੂਜੇ ਸ਼ਬਦਾਂ ਵਿੱਚ, ਇਨ੍ਹਾਂ ਇਲਾਕਿਆਂ ਵਿੱਚ ਇੱਕ ਬਣਿਆ ਹੋਇਆ ਸੰਗਠਿਤ ਢਾਂਚਾ ਮੌਜੂਦ ਹੈ, ਜਿਸਦੇ ਰਾਹੀਂ ਜਨਤਾ ਨੂੰ ਇੰਕਾ ਦੇ ਹੋਣ ਵਾਲੇ ਵਿਆਪਕ ਸਮਰਥਨ ਦੇ ਪ੍ਰਦਰਸ਼ਨ ਲਈ ਉਕਸਾਇਆ ਜਾਂਦਾ ਹੈ । ਦਿੱਲੀ ਦੇ ਇੱਕ ਪੁਰਾਣੇ ਰਾਜਨੇਤਾ ਨੇ ਇਹੀ ਗੱਲ ਬੜੇ ਤਿੱਖੇ ਲਫ਼ਜ਼ਾਂ ਵਿੱਚ ਰੱਖੀ, ਜਦ ਉਨ੍ਹਾਂ ਨੇ ਕਿਹਾ ਕਿ ਇਹ ਪੁਨਰਵਾਸ ਕਾਲੋਨੀਆਂ ‘ਕਾਂਗਰਸ (ਈ) ਦੀਆਂ ਰਖੈਲ ਹਨ ।’

ਦਿੱਲੀ ਦੇ ਤਥਾਕਥਿਤ ‘ਸ਼ਹਿਰੀ ਪਿੰਡਾਂ’ ਦੇ ਜਾਟ ਤੇ ਗੁੱਜਰਾਂ ਦੀ ਭਾਈਵਾਲੀ ਨੇ ਦੰਗਾਈਆਂ ਦੀ ਗਿਣਤੀ ਤੇ ਦੰਗਾ, ਹੱਤਿਆ ਅਤੇ ਲੁੱਟਪਾਟ ਵਿੱਚ ਵਧੀਕੀ ਵਿੱਚ ਕਾਫ਼ੀ ਮਹੱਤਵਪੂਰਨ ਰੋਲ ਅਦਾ ਕੀਤਾ । ਇਹ ਖਾਸ ਤੌਰ ਤੇ ਪੱਛਮੀ ਤੇ ਦੱਖਣੀ ਦਿੱਲੀ ਵਿੱਚ ਪ੍ਰਭਾਵਸ਼ਾਲੀ ਹਨ । ਇਨ੍ਹਾਂ ਵਿੱਚ ਜ਼ਿਆਦਾਤਰ ਪਿੰਡਾਂ ਦੇ ਕਦੇ ਬੇਰ ਸਰਾਏ, ਮੁਨੀਰਕਾ ਤੇ ਮੁਹੰਮਦਪੁਰ ਵਿੱਚ ਜ਼ਮੀਨਾਂ ਦੇ ਮਾਲਕ ਸਨ ਅਤੇ ਜਦੋਂ ਨਵੀਂ ਦਿੱਲੀ ਦੇ ਸ਼ਹਿਰੀ ਵਿਸਤਾਰ ਵਿੱਚ ਉਨ੍ਹਾਂ ਦੀ ਜ਼ਮੀਨ ਲੈ ਲਈ ਗਈ ਤਾਂ ਇਨ੍ਹਾਂ ਨੇ ਕਾਫ਼ੀ ਪੈਸਾ ਇਕੱਠਾ (ਜਮਾਂ) ਕੀਤਾ । ਇਨ੍ਹਾਂ ਪਿੰਡ ਵਾਸੀਆਂ ਦੀ ਜ਼ਮੀਨ ਆਮਤੌਰ ਤੇ ਖੇਤੀ ਸੁਵਿਧਾਵਾਂ ਤੋਂ ਰਹਿਤ ਬਹੁਤ ਘਟੀਆ ਕਿਸਮ ਦੀ ਸੀ । ਇਸ ਕਾਰਨ ਇੰਨਾਂ ਇਲਾਕਿਆਂ ਦੇ ਪਿੰਡ ਵਾਸੀਆਂ ਨੂੰ ਗੈਰ ਕਾਨੂੰਨੀ ਤਰੀਕਿਆਂ, ਇੱਥੋਂ ਤੱਕ ਕਿ ਰਾਹਜਨੀ ਤੋਂ ਆਪਣੇ ਸਾਧਨ ਜੁਟਾਣੇ ਪੈਂਦੇ ਸਨ । ਸਰਕਾਰ ਦਵਾਰਾ ਉਨ੍ਹਾਂ ਦੀ ਜ਼ਮੀਨ ਖਰੀਦਣ ਤੋਂ ਬਾਦ ਉਹ ਇੱਕਦਮ ਅਮੀਰ ਹੋ ਗਏ ਤੇ ਨਾਲ ਹੀ ਰਾਜਨੀਤਿਕ ਤੌਰ ਤੇ ਵੀ ਆਪਣਾ ਪ੍ਰਭਾਵ ਕਾਇਮ ਕਰਣ ਦੀ ਕੋਸ਼ਿਸ਼ ਕਰਨ ਲਗੇ । ਇਹ ਇੱਕ ਮੰਨਿਆ-ਪ੍ਰਮੰਨਿਆ ਸੱਚ ਹੈ ਕਿ ਜੇਕਰ ਕਿਸੀ ਨੂੰ ਵੋਟਾਂ ਵਿੱਚ ਜਿੱਤ ਪ੍ਰਾਪਤ ਕਰਨੀ ਹੋਵੇ ਤਾਂ ਉਸਨੂੰ ਇਲਾਕੇ ਦੇ ਜਾਟਾਂ ਤੇ ਗੁੱਜਰਾਂ ਨੂੰ ਆਪਣੇ ਪੱਖ ਵਿੱਚ ਕਰਣਾ ਪਵੇਗਾ । ਬਦਕਿਸਮਤੀ ਨਾਲ ਇਸ ਇਲਾਕੇ ਅਤੇ ਇਸਦੇ ਆਸ-ਪਾਸ ਤੈਨਾਤ ਪੁਲਿਸ ਵੀ ਇਸੀ ਜਾਤ ਨਾਲ ਬਣੀ ਹੈ । ਇਸ ਕਾਰਨ ਕਈ ਮੌਕਿਆਂ ਤੇ ਇਨ੍ਹਾਂ ਇਲਾਕਿਆਂ ਵਿੱਚ ਅਪਰਾਧੀਆਂ ਤੇ ਪੁਲਿਸ ਦੇ ਵਿੱਚ ਇੱਕ ਵਰਨਣਯੋਗ ਮਿਲੀਭਗਤ ਰਹੀ ਹੈ । ਹਾਲ ਦੇ ਦੰਗਿਆਂ ਵਿੱਚ ਇਹ ਸਚਾਈ ਉਭਰ ਕੇ ਸਾਹਮਣੇ ਆਈ ਹੈ।

ਛੋਟੀਆਂ ਜਾਤਾਂ ਦੇ ਜਿਹੜੇ ਲੋਕ ਸ਼ਹਿਰੀ ਯੋਜਨਾ ਵਿੱਚ ਜ਼ਮੀਨ ਦੇ ਅਧੀਗ੍ਰਹਣ ਨਾਲ ਸਥਾਪਿਤ ਹੋ ਗਏ, ਉਨ੍ਹਾਂ ਵਿੱਚੋਂ ਵਾਲਮੀਕ ਸਮੂੰਹ ਨੇ ਰਿਜ਼ਰਵੇਸ਼ਨ ਨੀਤੀ ਦੇ ਲਾਭਾਂ ਦਾ ਉਪਯੋਗ ਕੀਤਾ ਤੇ ਸ਼ਹਿਰ ਆ ਕੇ ਯੂ. ਪੀ. ਐਸ. ਸੀ. ਆਦਿ ਨੌਕਰੀਆਂ ਵਿੱਚ ਲੱਗ ਗਏ । ਭੰਗੀ ਨਿਗਮ ਵਿੱਚ ਲੱਗ ਗਏ, ਜਦਕਿ

ਨਵੰਬਰ 1984 ਦੀਆਂ ਹਜ਼ਾਰਾਂ ਵਿਧਵਾਵਾਂ ਰਾਸ਼ਟਰਪਤੀ ਭਵਨ ਦੇ ਬਾਹਰ ਇਕ ਵਿਸ਼ਾਲ ਧਰਨੇ ਵਿੱਚ ਬੈਠੀਆਂ ਹੋਈਆਂ।

ਧਾਨਕ, ਜੋ ਕਿ ਸਭਤੋਂ ਛੋਟੀ ਜਾਤੀ ਮੰਨੀ ਜਾਂਦੀ ਹੈ, ਕਈ ਤਰ੍ਹਾਂ ਦੇ ਨਿਕਟ ਕੰਮਾਂ ਵਿੱਚ ਲੱਗੇ ਹਨ । ਪੁਨਰਵਾਸ ਕਾਲੋਨੀਆਂ ਵਿੱਚ ਰਹਿਣ ਵਾਲੀ ਛੋਟੀਆਂ ਜਾਤਾਂ ਵਿੱਚੋਂ ਵਾਲਮੀਕ ਜ਼ਿਆਦਾਤਰ ਜਗਜੀਵਨ ਰਾਮ ਦੇ ਸਮਰਥਕ ਹਨ ਤੇ ਭੰਗੀ ਇੰਕਾ ਦੇ ਪੱਕੇ ਸਮਰੱਥਕ ਹਨ । ਇਨ੍ਹਾਂ ਇਲਾਕਿਆਂ ਵਿੱਚ ਦੰਗਾ-ਗ੍ਰਸਤ ਜਗ੍ਹਾ ਤੋਂ ਇੱਕਠੀ ਜਾਣਕਾਰੀ ਤੋਂ ਇਹੀ ਜ਼ਾਹਿਰ ਹੁੰਦਾ ਹੈ ਕਿ ਸਿੱਖਾਂ ਤੇ ਹਮਲਾ ਕਰਣ ਵਾਲੇ ਲੋਕਲ ਲੋਕਾਂ ਵਿੱਚ ਭੰਗੀ ਜਿਨ੍ਹਾਂ ਵਿੱਚ ਕਈ ਨਿਗਮ ਵਿੱਚ ਸੈਨੇਟਰੀ ਇੰਨਸਪੈਕਟਰ ਹਨ, ਪ੍ਰਮੁੱਖ ਸਨ ।

ਇਸ ਪ੍ਰਸੰਗ ਵਿੱਚ ਦਿੱਲੀ ਦੀ ਆਬਾਦੀ ਦੀ ਸੰਰਚਨਾ ਦੇ ਸੰਬੰਧ ਵਿੱਚ ਕੁੱਝ ਸ਼ਬਦ ਪ੍ਰਸੰਗਿਕ ਹੋਣਗੇ । ਦਿੱਲੀ ਦੀ 73× ਆਬਾਦੀ ਹਿੰਦੂ ਹੈ । ਵਰਤਮਾਨ ਸਿੱਖ ਆਬਾਦੀ ਲਗਭਗ 7.5× (ਲਗਭਗ 8,00,000) ਹੈ। ਇਨ੍ਹਾਂ ਵਿੱਚ ਜ਼ਿਆਦਾਤਰ ਲੋਕ ਵੰਡ ਤੋਂ ਬਾਦ ਦਿੱਲੀ ਵਿੱਚ ਵੱਸੇ ਹੋਏ ਹਨ, ਇਸਤੋਂ ਪਹਿਲਾਂ ਉਹ ਇਥੋਂ ਦੀ ਕੁਲ ਆਬਾਦੀ ਦਾ ਸਿਰਫ਼ 1.2× ਸੀ ।

ਪੁਲਿਸ ਦੀ ਭੂਮਿਕਾ :-

31 ਅਕਤੂਬਰ ਤੋਂ 8 ਨਵੰਬਰ ਤੱਕ ਜਦੋਂ ਕਤਲੇਆਮ ਅਪਣੇ ਚਰਮ ਸੀਮਾ ਤੇ ਸੀ, ਸਾਰੇ ਸ਼ਹਿਰ ਵਿੱਚ ਪੁਲਿਸ ਦਾ ਰਵੱਈਆ ਇਕੋ ਜਿਹਾ ਰਿਹਾ । ਪੁਲਿਸ ਜਾਂ ਤਾਂ (1.) ਘਟਨਾ ਵਾਲੀ ਜਗ੍ਹਾ ਤੋਂ ਪੂਰੀ ਤਰ੍ਹਾਂ ਗਾਇਬ ਰਹੀ, ਜਾਂ (2) ਇੱਕ ਮੂਕ ਦਰਸ਼ਕ ਦੀ ਭੂਮਿਕਾ ਨਿਭਾਈ ਜਾਂ (3) ਸਿੱਖਾਂ ਦੇ ਖਿਲਾਫ਼ ਹਿੰਸਾ ਜਾਂ ਉਸਨੂੰ ਉਕਸਾਣ ਵਿੱਚ ਸਿੱਧੀ ਭਾਗੀਦਾਰ ਰਹੀ । ਜਦੋਂ ਅਸੀਂ ਲਾਜਪਤ ਨਗਰ ਇਲਾਕੇ ਵਿੱਚ ਗਏ ਤਾਂ ਅਸੀਂ ਦੇਖਿਆ ਕਿ ਜਦੋਂ ਸਿੱਖਾਂ ਦੀਆਂ ਦੁਕਾਨਾਂ ਲੁੱਟੀਆਂ ਤੇ ਅੱਗ ਲਗਾਈ ਜਾ ਰਹੀ ਸੀ ਤਾਂ ਪੁਲਿਸ ਉਥੋਂ ਇੱਕਦਮ ਨਦਾਰਦ ਸੀ । ਨੌਜਵਾਨ ਲੋਕ ਤਲਵਾਰ, ਛੁਰੇ, ਭਾਲੇ, ਸਟੀਲ ਤ੍ਰਿਸ਼ੂਲ ਤੇ ਲੋਹੇ ਦੀਆਂ ਛੜਾਂ ਨਾਲ ਲੈਸ ਹੋਕੇ ਸੜਕਾਂ ਤੇ ਧਾਕ ਜਮਾਏ ਹੋਏ ਸਨ । ਪੁਲਿਸ ਦੀ ਮੌਜੂਦਗੀ ਦੀ ਇੱਕ ਮਾਤ੍ਰ ਪਹਿਚਾਣ ਇੱਕ ਪੁਲਿਸ ਜੀਪ ਸੀ, ਜਿਸਨੇ ਇੱਕ ਨਵੰਬਰ ਦੀ ਸ਼ਾਮ ਨੂੰ ਕੁੱਝ ਬੁੱਧੀਜੀਵੀ ਨਾਗਰਿਕਾਂ ਦਵਾਰਾ ਕੱਢੇ ਸ਼ਾਂਤੀ ਜਲੂਸ (ਜਿਨ੍ਹਾਂ ਨੇ ਬਾਅਦ ਵਿੱਚ ਅਪਣੇ ਆਪ ਨੂੰ ਨਾਗਰਿਕ ਏਕਤਾ ਮੰਚ ਦੇ ਰੂਪ ਵਿਚ ਸੰਗਠਿਤ ਕੀਤਾ) ਨੂੰ ਰੋਕ ਦਿੱਤਾ । ਜੱਦ ਜਲੂਸ ਲਾਜਪਤ ਨਗਰ ਮੁੱਖ ਬਾਜ਼ਾਰ ਜਾਣ ਦੇ ਰਸਤੇ ਵਿੱਚ ਸੀ ਤਾਂ ਪੁਲਿਸ ਦੀ ਗੱਡੀ ਤੇ ਸਵਾਰ ਇੱਕ ਪੁਲਿਸ ਇੰਸਪੈਕਟਰ ਨੇ ਜਲੂਸ ਨੂੰ ਰੋਕ ਦਿੱਤਾ ਤੇ ਸ਼ਹਿਰ ਵਿੱਚ ਕਰਫ਼ਿਊ ਤੇ ਧਾਰਾ 144 ਲੱਗ ਜਾਣ ਦੀ ਤਾਕੀਦ ਕਰਦੇ ਹੋਏ ਉਨ੍ਹਾਂ ਨੂੰ ਹੋਰ ਅੱਗੇ ਵੱਧਣ ਤੋਂ ਮਨਾ ਕਰ ਦਿੱਤਾ ਗਿਆ । ਜਦੋਂ ਜਲੂਸ ਦੇ ਨੇਤਾਵਾਂ ਨੇ ਉਸ ਤੋਂ ਇਹ ਜਾਣਨਾ ਚਾਹਿਆ ਕਿ ਕਰਫ਼ਿਊ ਲਾਗੂ ਹੋਣ ਤੇ ਵੀ ਹਮਲਾਵਰਾਂ ਤੇ ਦੰਗਾਈਆਂ ਨੂੰ ਕਿਉਂ ਨਹੀਂ ਰੋਕਿਆ ਜਾ ਰਿਹਾ ਤਾਂ ਉਸਨੇ ਕੋਈ ਜਵਾਬ ਨਹੀਂ ਦਿੱਤਾ ਤੇ ਉਸਦੇ ਬਦਲੇ ਇਹ ਚਿਤਾਵਨੀ ਦਿੱਤੀ ਕਿ ਜਲੂਸ ਖੁੱਦ ਖਤਰਾ ਮੁਲ ਲੈ ਕੇ ਲਾਜਪਤ ਨਗਰ ਬਾਜ਼ਾਰ ਜਾ ਸਕਦਾ ਹੈ ਲਾਜਪਤ ਨਗਰ ਬਾਜ਼ਾਰ ਵਿੱਚ ਜਲੂਸ ਦੇ ਨੇਤਾਵਾਂ ਨੇ ਇਹ ਕਹਿਕੇ ਭੀੜ ਨੂੰ ਸ਼ਾਂਤ ਕਰਨਾ ਚਾਹਿਆ ਕਿ ਸ਼੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਲਈ ਨਿਰਦੋਸ਼ ਸਿੱਖ ਜ਼ਿੰਮੇਵਾਰ ਨਹੀਂ ਹਨ । ਤੇ ਹਮਲਿਆਂ ਤੋਂ ਉਨ੍ਹਾਂ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ । ਉਨ੍ਹਾਂ ਨੇ 'ਹਿੰਦੂ-ਸਿੱਖ ਭਾਈ-ਭਾਈ' ਦਾ ਨਾਰਾ ਲਗਾਇਆ । ਜਦ ਭੀੜ ਨੇ ਜਲੂਸ ਦੇ ਨੇਤਾਵਾਂ ਦਾ ਭਾਸ਼ਨ ਸੁਨਣਾ ਸ਼ੁਰੂ ਕੀਤਾ ਤਾਂ ਕੁੱਝ ਸੰਮੂਹਾਂ ਨੇ 'ਇੰਦਰਾ ਗਾਂਧੀ ਜਿੰਦਾਬਾਦ, ਹਿੰਦੂ-ਹਿੰਦੂ ਭਾਈ ਭਾਈ' ਦੇ ਨਾਰੇ ਲਗਾਕੇ ਭਾਸ਼ਨ ਦੇਣ ਵਾਲਿਆਂ ਨੂੰ ਚੁੱਪ ਕਰਾਣ ਦੀ ਸੰਗਠਿਤ ਕੋਸ਼ਿਸ਼ ਕੀਤੀ ।

ਇਹ ਵਰਨਣਯੋਗ ਹੈ ਕਿ ਜਿੱਥੇ ਵੀ ਅਸੀਂ ਗਏ, ਸਾਨੂੰ ਉਨ੍ਹਾਂ ਲੋਕਾਂ ਦੇ ਚਿਹਰਿਆਂ ਤੇ ਕੋਈ ਸ਼ੋਕ ਜਾਂ ਪੀੜਾ ਨਜ਼ਰ ਨਹੀਂ ਆਈ, ਜੋ ਲੁੱਟਪਾਟ ਤੇ ਅੱਗਜਨੀ ਕਰ ਰਹੇ ਸੀ । ਸ਼ਾਂਤੀ ਜਲੂਸ ਦੇ ਲੋਕਾਂ ਦਵਾਰਾ ਉਨ੍ਹਾਂ ਨੂੰ ਸ਼ਾਂਤ ਕਰਣ ਦੀਆਂ ਕੋਸ਼ਿਸਾਂ ਦਾ ਮਜ਼ਾਕ ਉਡਾਇਆ ਗਿਆ । ਅਤੇ ਨਾਲ ਹੀ ਨਾਲ ਅੱਗਜ਼ਨੀ ਤੇ ਲੁੱਟਪਾਟ ਨਾ ਚੱਲ ਰਹੀ ਹੁੰਦੀ ਤਾਂ ਉਨ੍ਹਾਂ ਦੇ ਵਿਜੈ-ਉਲਾਸ ਤੇ ਖੁਸ਼ ਚਿਹਰਿਆਂ ਨੂੰ ਦੇਖਕੇ-ਸੁਣਕੇ ਕੋਈ ਇਹ ਸੋਚ ਸਕਦਾ ਸੀ ਕਿ ਉਨ੍ਹਾਂ ਲਈ ਇਹ ਇੱਕ ਤਿਉਹਾਰ ਸੀ ।

ਮਿਸ਼ਰਾ ਕਮੀਸ਼ਨ ਦੀ ਰਿਪੋਰਟ ਦੇ ਖਿਲਾਫ ਹਜ਼ਾਰਾਂ ਪੀੜਤ ਪਰਿਵਾਰ ਸਾਬਕਾ ਗ੍ਰਹਿ ਮੰਤਰੀ ਦੀ ਕੋਠੀ ਦੇ ਬਾਹਰ ਜਬਰਦਸਤ ਰੋਸ਼ ਪ੍ਰਦਰਸ਼ਨ ਕਰਦੇ ਹੋਏ।

ਪੁਨਰਵਾਸ ਕਾਲੋਨੀਆਂ ਵਿੱਚ ਪੁਲਿਸ ਨੇ ਆਪਣੀ ਉਦਾਸੀਨ ਭੂਮਿਕਾ ਛੱਡ ਕੇ ਸਿੱਖਾਂ ਦੇ ਖਿਲਾਫ਼ ਹਿੰਸਾ ਵਿੱਚ ਸਿੱਧੇ-ਸਿੱਧੇ ਹਿੱਸਾ ਲਿਆ । ਬਚੇ ਹੋਏ ਲੋਕਾਂ ਨੇ ਸਾਨੂੰ ਦਸਿਆ ਕਿ ਤਨਾਅ ਦੀ ਹਵਾ ਲਗਦੇ ਹੀ ਜੋ ਆਤੰਕਿਤ ਮਹਿਸੂਸ ਕਰ ਰਹੇ ਸੀ, ਉਹ ਪਰਸਨਲ ਤੌਰ ਤੇ ਨਜ਼ਦੀਕ ਦੇ ਪੁਲਿਸ ਸਟੇਸ਼ਨ ਗਏ ਤੇ ਪੁਲਿਸ ਕੋਲੋਂ ਸਹਾਇਤਾ ਮੰਗੀ । ਲੇਕਿਨ ਪੁਲਿਸ ਨੇ ਕੋਈ ਪਰਵਾਹ ਨਹੀਂ ਕੀਤੀ । ਦੱਸੀ ਗਈ ਗੱਲ ਦੇ ਮੁਤਾਬਕ ਤ੍ਰਿਲੋਕਪੁਰੀ ਵਿੱਚ ਪੁਲਿਸ ਦੰਗਾਈਆਂ ਦੇ ਨਾਲ ਰਹੀ ਤੇ ਉਸਨੇ ਆਪਣੀ ਜੀਪ ਵਿੱਚੋਂ ਡੀਜ਼ਲ ਕੱਢਕੇ ਦਿੱਤਾ । ਕਲਿਆਣਪੁਰੀ ਪੁਲਿਸ ਸਟੇਸ਼ਨ ਦੇ ਐਸ. ਐਚ. ਓ. ਨੇ ਜਿਸਦੇ ਅੰਡਰ ਤ੍ਰਿਲੋਕਪੁਰੀ ਵੀ ਆਂਦਾ ਹੈ, ਜਦ ਸਿੱਖ ਲੜਕੀਆਂ ਦੇ ਨਾਲ ਬਲਾਤਕਾਰ ਕੀਤਾ ਜਾ ਰਿਹਾ ਸੀ, ਤਾਂ ਡਿਊਟੀ ਤੇ ਤੈਨਾਤ ਕਾਂਸਟੇਬਲਾਂ ਨੂੰ ਵਾਪਿਸ ਬੁਲਾ ਲਿਆ । ਸੁਲਤਾਨਪੁਰੀ ਵਿੱਚ ਇੱਕ ਐਸ. ਐਚ. ਓ. ਭੱਟੀ ਤੇ ਦੋ ਸਿੱਖਾਂ ਨੂੰ ਮਾਰਣ ਤੇ ਭੀੜ ਦਾ ਮੁਕਾਬਲਾ ਕਰਣ ਦੀ ਕੋਸ਼ਿਸ਼ ਕਰ ਰਹੇ ਸਿੱਖਾਂ ਕੋਲੋਂ ਹਥਿਆਰ ਰਖਵਾ ਲੈਣ ਵਿੱਚ ਭੀੜ ਦੀ ਮਦਦ ਕਰਨ ਦਾ ਦੋਸ਼ ਹੈ ।

ਜਮਨਾਪਾਰ ਇਲਾਕੇ ਦੇ ਲੋਨੀ ਰੋਡ ਦੇ ਕਈ ਰਿਹਾਇਸ਼ੀਆਂ ਨੇ ਗੱਲਬਾਤ ਵਿੱਚ ਦੱਸਿਆ ਕਿ ਪੁਲਿਸ ਨੇ 1 ਨਵੰਬਰ ਦੀ ਰਾਤ ਨੂੰ ਦੋ-ਤਿੰਨ ਵਾਰ ਲਾਊਡ-ਸਪੀਕਰ ਨਾਲ ਇਹ ਅਨਾਊਂਸਮੈਂਟ ਕੀਤੀ ਕਿ ਉਹ ਸਿੱਖਾਂ ਦੀ ਸੁਰੱਖਿਆ ਲਈ ਜਿੰਮੇਵਾਰ ਨਹੀਂ ਹੋਣਗੇ ਤੇ ਸਿੱਖਾਂ ਨੂੰ ਆਪ ਅਪਣੀ ਦੇਖ-ਭਾਲ ਕਰਨੀ ਪਵੇਗੀ । ਉਸੀ ਇਲਾਕੇ ਦੀ ਇੱਕ ਔਰਤ ਨੇ ਕਿਹਾ ਕਿ ਉਸ ਨੇ ਕਈ ਲੋਕਾਂ ਨਾਲ ਭਰੀ ਹੋਈ ਪੁਲਿਸ ਜੀਪ ਵੇਖੀ ਤੇ ਉਸੀ ਜੀਪ ਤੋਂ ਸਿੱਖਾਂ ਦੀਆਂ ਦੁਕਾਨਾਂ ਤੇ ਪਥਰਾਵ ਹੋ ਰਿਹਾ ਸੀ । ਉਸੀ ਰੋਡ ਦੇ ਇੱਕ ਦੂਜੇ ਰਿਹਾਇਸ਼ੀ ਨੇ ਕਿਹਾ ਕਿ ਪੁਲਿਸ ਨੇ ਇੱਕ ਘੜੀਆਂ ਦੀ ਦੁਕਾਨ ਸਾੜਨ ਤੋਂ ਪਹਿਲਾਂ ਉਸਨੂੰ ਲੁੱਟਣ ਲਈ ਉਕਸਾਇਆ ।

ਕੋਟਲਾ ਮੁਬਾਰਕਪੁਰ ਵਿੱਚ ਇੱਕ ਘਰੇਲੂ ਨੌਕਰ ਨੇ ਸਾਡੀ ਕਮੇਟੀ ਦੇ ਮੈਂਬਰਾਂ ਨੂੰ ਕਿਹਾ ਕਿ ਪੁਲਿਸ ਨੇ ਲੁੱਟਪਾਟ ਨੂੰ ਹੱਲਾ ਸ਼ੇਰੀ ਦਿੱਤੀ । ਬਾਅਦ ਵਿੱਚ ਉਨ੍ਹਾਂ ਨੇ ਲੁੱਟਪਾਟ ਕਰਨ ਵਾਲਿਆਂ ਨੂੰ ਕਿਹਾ :'ਹਮਨੇ ਤੁਮਹੇਂ 36 ਘੰਟੇ ਦੀਏ । ਯਦੀ ਸਿੱਖੋਂ ਕੋ ਇਤਨਾ ਸਮਾਂ ਦੀਆ ਗਿਆ ਹੋਤਾ ਤੋ ਉਨਹੋਂ ਨੇ ਸਾਰੇ ਹਿੰਦੂ ਖਤਮ ਕਰ ਦੀਏ ਹੋਤੇ ।'

ਕਿੰਗਜ਼ਵੇ ਕੈਂਪ ਦੇ ਨਿਵਾਸੀਆਂ ਦਾ ਦਾਵਾ ਹੈ ਕਿ 70% ਲੁੱਟ ਦਾ ਸਾਮਾਨ ਪੁਲਿਸ ਲਾਈਨ ਵਿੱਚ ਦੇਖਿਆ ਜਾ ਸਕਦਾ ਸੀ । ਜਿਸਤੋਂ ਪਤਾ ਲਗਦਾ ਹੈ ਕਿ ਪੁਲਿਸ ਨੇ ਲੁੱਟਪਾਟ ਵਿੱਚ ਪ੍ਰਮੁੱਖ ਰੋਲ ਅਦਾ ਕੀਤਾ ।

ਤੋੜ-ਫੋੜ ਤੇ ਹੱਤਿਆ ਤੋਂ ਬਾਅਦ ਜਦੋਂ ਲੋਕ ਸ਼ਿਕਾਇਤ ਕਰਨ ਤੇ ਰਿਪੋਰਟ ਦਰਜ ਕਰਾਣ ਗਏ ਤਾਂ ਦੰਗਿਆਂ ਤੋਂ ਪ੍ਰਭਾਵਿਤ ਲੋਕਾਂ ਦੇ ਹਿੰਦੂ ਗੁਆਂਢੀਆਂ ਰਾਹੀਂ ਮਿਲੀ ਜਾਣਕਾਰੀ ਦੇ ਮੁਤਾਬਿਕ ਕਈ ਇਲਾਕਿਆਂ ਵਿੱਚ ਪੁਲਿਸ ਨੇ ਸ਼ਿਕਾਇਤ ਲਿਖਣ ਤੋਂ ਮਨਾ ਕਰ ਦਿੱਤਾ । ਇੱਕ ਇੱਜ਼ਤਦਾਰ ਮਸ਼ਹੂਰ ਸਿੱਖ ਆਦਮੀ, ਜਿਸਦਾ ਘਰ ਇੱਕ ਨਵੰਬਰ ਨੂੰ ਸਾੜਿਆ ਗਿਆ ਸੀ, ਤਮਾਮ ਕੋਸ਼ਿਸਾਂ ਦੇ ਬਾਵਜੂਦ ਐਫ. ਆਈ. ਆਰ. ਦਰਜ ਨਹੀਂ ਕਰਾ ਪਾਇਆ । ਦਸਿਆ ਗਿਆ ਕਿ ਮੰਗੋਲਪੁਰੀ ਵਿੱਚ ਇੱਕ ਪੁਲਿਸ ਅਧਿਕਾਰੀ ਨੇ ਸ਼ਿਕਾਇਤ ਕਰਨ ਵਾਲੇ ਹਿੰਦੂਆਂ ਨੂੰ ਕਿਹਾ ਕਿ ਉਹ ਕਿਉਂ ਸਿੱਖਾਂ ਦੀ ਰੱਖਿਆ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਹਿੰਦੂਆਂ ਦੀ ਰੱਖਿਆ ਕਰਨ ਦਾ ਸੁਝਾਅ ਦਿੱਤਾ । ਬੇਰ ਸਰਾਏ ਦੇ ਦੋ ਨਿਵਾਸੀਆਂ, ਧਰਮਰਾਜ ਪਵਾਰ ਤੇ ਰਾਜਵੀਰ ਪਵਾਰ ਦੇ ਤਜਰਬੇ ਵਰਨਣਯੋਗ ਹਨ । ਇਹ ਦੋਨੋਂ 1 ਨਵੰਬਰ ਨੂੰ ਇੱਕ ਸਿੱਖ ਪਰਿਵਾਰ ਦੀ ਰੱਖਿਆ ਲਈ ਪ੍ਰਬੰਧ ਕਰਵਾਣ ਲਈ ਆਰ. ਕੇ. ਪੁਰਮ ਸੈਕਟਰ-4 ਦੇ ਪੁਲਿਸ ਸਟੇਸ਼ਨ ਗਏ, (ਤੱਦ ਤੱਕ ਇਸ ਪਰਿਵਾਰ ਨੂੰ ਹਿੰਦੂ ਗੁਆਂਢੀ ਸ਼ਰਨ ਦੇ ਕੇ ਇੰਕਾ ਦੇ ਜਗਦੀਸ਼ ਟੋਕਾਸ ਦੀ ਅਗਵਾਈ ਵਿੱਚ ਭੀੜ ਦੇ ਵਧਦੇ

ਸਰਦਾਰ ਗੁਰਚਰਨ ਸਿੰਘ ਬੱਬਰ ਦੰਗਾ ਪੀੜਤ ਬਸਤੀਆਂ ਦੇ ਵਿੱਚ ਯਤੀਮ ਬੱਚਿਆਂ ਅਤੇ ਬੇਸਹਾਰਾ ਬਜ਼ੁਰਗਾਂ ਦੀਆਂ ਤਕਲੀਫ਼ਾਂ ਸੁਣਦੇ ਹੋਏ।

ਹਮਲੇ ਤੋਂ ਉਨ੍ਹਾਂ ਦੀ ਰੱਖਿਆ ਕਰ ਰਹੇ ਸੀ) ਪੁਲਿਸ ਸਟੇਸ਼ਨ ਦੇ ਆਫ਼ੀਸਰ ਇੰਚਾਰਜ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਕਿਸੀ ਤਰ੍ਹਾਂ ਦੀ ਮਦਦ ਨਹੀਂ ਕਰ ਸਕਦਾ । ਦੋ ਸਿਪਾਹੀਆਂ ਨੇ ਬਾਅਦ ਵਿੱਚ ਉਨ੍ਹਾਂ ਨੂੰ ਕਿਹਾ ਕਿ 'ਤੁਮ ਜਾਟੋਂ ਕੋ ਇਨ ਸਿੱਖੋਂ ਕੋ ਮਾਰ ਡਾਲਨਾ ਚਾਹੀਏ । ਤੁਮ ਯਹਾਂ ਕਿਆ ਕਰ ਰਹੇ ਹੋ? ਕਿਆ ਯੇ ਨਹੀਂ ਜਾਨਤੇ ਕਿ ਪੰਜਾਬ ਸੇ ਹਿੰਦੂਓਂ ਕੀ ਲਾਸ਼ੋਂ ਸੇ ਭਰੀ ਹੂਈ ਟ੍ਰੇਨੇਂ ਆਈ ਹੈਂ?"

ਕੁੱਝ ਪੁਲਿਸ ਅਧਿਕਾਰੀਆਂ ਨੇ ਪਰਸਨਲ ਤੌਰ ਤੇ ਹਾਲਾਤ ਵਿੱਚ ਦਖਲਅੰਦਾਜ਼ੀ ਕਰਨ ਤੇ ਦੰਗਾ ਰੋਕਣ ਦੀ ਕੋਸ਼ਿਸ ਕੀਤੀ, ਲੇਕਿਨ ਮੁੱਖ ਤੌਰ ਤੇ ਉਪੱਰ ਦੇ ਸਹਿਯੋਗ ਦੀ ਕੰਮੀ ਵਿੱਚ ਉਨ੍ਹਾਂ ਦੀ ਕੋਸ਼ਿਸ਼ ਨਾਕਾਮ ਹੋ ਗਈ । ਇੱਕ ਵੱਡੇ ਅਧਿਕਾਰੀ ਨੇ ਸਾਨੂੰ ਕਿਹਾ ਕਿ ਜਦ 31 ਅਕਤੂਬਰ ਤੇ 1 ਨਵੰਬਰ ਨੂੰ ਉਨ੍ਹਾਂ ਨੂੰ ਸ਼ਹਿਰ ਵਿੱਚ ਸਕੂਟਰ ਤੇ ਮੋਟਰਸਾਈਕਲ ਤੇ ਬਿਨਾਂ ਹੈਲਮੇਟ ਦੇ 2000 ਤੋਂ 3000 ਲੋਕਾਂ ਦੇ ਘੁੰਮਣ ਦੀ ਖਬਰ ਮਿਲੀ ਤਾਂ ਉਨ੍ਹਾਂ ਨੇ ਇਨ੍ਹਾਂ ਲੋਕਾਂ ਨੂੰ ਪਹਿਚਾਨਣ ਲਈ ਸੀ. ਆਈ. ਡੀ. ਨਾਲ ਸੰਪਰਕ ਕੀਤਾ । ਪ੍ਰੰਤੂ ਉਨ੍ਹਾਂ ਨੂੰ ਸੀ. ਆਈ. ਡੀ. ਤੋਂ ਕੋਈ ਜਾਣਕਾਰੀ ਨਹੀਂ ਮਿਲੀ ।

ਇਸ ਮੁਸੀਬਤ ਭਰੀ ਘੜੀ ਵਿੱਚ ਪੁਲਿਸ ਦੇ ਰੋਲ ਦਾ ਵਿਸ਼ਲੇਸ਼ਨ ਕਰਦੇ ਹੋਏ ਕਿਹਾ ਕਿ ਉੱਚ-ਪਦਾਂ ਤੇ ਬੈਠੇ ਪਦਾਧਿਕਾਰੀ, ਮੁੱਖ ਤੌਰ ਤੇ ਗ੍ਰਹਿ ਮੰਤਰਾਲਯ ਦੀ ਜਿੰਮੇਵਾਰੀ ਨੂੰ ਅਣਦੇਖਿਆ ਨਹੀਂ ਕਰ ਸਕਦੇ ਹਨ । ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਤੋਂ ਫੌਰਨ ਬਾਦ ਪ੍ਰਧਾਨਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਆਪਣੇ ਨਵੇਂ ਕੈਬਨੇਟ ਵਿੱਚ ਸ੍ਰੀ ਨਰਸਿੰਮ੍ਹਾਰਾਓ ਨੂੰ ਸ਼ਾਮਲ ਕਰ ਲਿਆ ਸੀ ਅਤੇ ਜੇਕਰ ਦਿੱਲੀ ਪੁਲਿਸ ਦੀ ਸ਼ਕਤੀ ਘੱਟ ਪੈ ਰਹੀ ਸੀ ਤਾਂ ਸ੍ਰੀ ਨਰਸਿੰਮਾਰਾਓ ਗ੍ਰਹਿਮੰਤਰੀ ਦੀ ਹੈਸੀਅਤ ਨਾਲ ਸ੍ਰੀਮਤੀ ਗਾਂਧੀ ਦੀ ਮੌਤ ਦੀ ਅਨਾਊਂਸਮੈਂਟ ਤੋਂ ਬਾਅਦ ਫੈਲੀ ਹਿੰਸਾ ਨੂੰ ਰੋਕਣ ਲਈ ਪੈਰਾ-ਮਿਲਟਰੀ ਤਾਕਤਾਂ ਨੂੰ ਬਹਾਲ ਕਰਣ ਦੇ ਅਧਿਕਾਰੀ ਸੀ । ਸ੍ਰੀ ਰਾਓ ਕੋਈ ਨਵੇਂ ਮੰਤਰੀ ਨਹੀਂ ਸਨ, ਜੋ ਕੰਮ ਕਾਜ ਦੀਆਂ ਤਕਨੀਕ ਤੋਂ ਅਣਜਾਨ ਸਨ । ਸਵਾਲ ਇਹ ਉਠਦਾ ਹੈ ਕਿ ਉਹ ਕਿਉਂ ਜਿਨ੍ਹਾਂ ਨੂੰ ਭੂਤਪੂਰਵ ਕੈਬਨੇਟ ਵਿੱਚ ਗ੍ਰਹਿਮੰਤਰੀ ਪਦ ਦਾ ਅਨੁਭਵ ਪ੍ਰਾਪਤ ਸੀ, ਲੋੜੀਂਦਾ ਕਦਮ ਚੁੱਕਣ ਵਿੱਚ ਤੇ ਜੋ ਫੌਜ ਉਨ੍ਹਾਂ ਕੋਲ ਉਪਲੱਬਧ ਸੀ, ਉਸਨੂੰ ਬੁਲਾਣ ਵਿਚ ਅਸਫ਼ਲ ਰਹੇ, ਜਿਸਤੋਂ ਕਿ ਦੰਗਿਆਂ ਦੀ ਵਿਯੂ-ਰਚਨਾ ਕਰਣ ਵਾਲੇ ਸੰਪਰਦਾਇਕ ਤੱਤਵਾਂ ਨੂੰ ਸ਼ੁਰੂ ਵਿੱਚ ਹੀ ਖਤਮ ਕੀਤਾ ਜਾ ਸਕਦਾ ਸੀ ।

ਪ੍ਰਸ਼ਾਸਨ ਦੀ ਭੂਮਿਕਾ :-

ਪ੍ਰਸ਼ਾਸਨ ਦੇ ਉੱਚ-ਪਦਾਅਧਿਕਾਰੀ ਤੇ ਸ਼ਾਸਕ ਦਲ ਨੇ ਬਾਰ-ਬਾਰ ਆਪਣੀ ਗੈਰ-ਜਿੰਮੇਵਾਰੀ ਦਿਖਾਈ ਤੇ 31 **ਅਕਤੂਬਰ** ਤੋਂ 4 ਨਵੰਬਰ ਤੱਕ ਆਪਣੇ ਕੰਮ ਤੇ ਜਿੰਮੇਵਾਰੀ ਦੀ ਜਾਣ-ਬੁੱਝ ਕੇ ਅਵਹੇਲਨਾ ਕੀਤੀ । ਵਿਰੋਧੀ ਦਲਾਂ ਦੇ ਅਲੱਗ-ਅਲੱਗ ਨੇਤਾਵਾਂ ਤੇ ਪ੍ਰਮੁੱਖ ਨਾਗਰਿਕਾਂ ਨਾਲ ਗੱਲਬਾਤ ਕਰਕੇ ਅਸੀਂ ਜਾਣਿਆ ਕਿ ਉਨ੍ਹਾਂ ਵਿੱਚੋਂ ਕਈਆਂ ਨੇ 31 ਅਕਤੂਬਰ ਨੂੰ ਹੀ ਸੀਨੀਅਰ ਮੰਤਰੀਆਂ ਤੇ ਦਿੱਲੀ ਪ੍ਰਸ਼ਾਸਨ ਦੇ ਲੋਕਾਂ ਵਿੱਚ ਸੰਪਰਕ ਕੀਤਾ ਸੀ ਤੇ ਉਨ੍ਹਾਂ ਨੂੰ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਦੀ ਅਨਾਊਂਸਮੈਂਟ ਤੋਂ ਹੋਣ ਵਾਲੇ ਸੰਕਟ ਦੇ ਸੰਬੰਧ ਵਿੱਚ ਚਿਤਾਵਨੀ ਦਿੱਤੀ ਸੀ । ਤੁਰੰਤ ਸੋਹ ਚੁੱਕੀ ਗ੍ਰਹਿਮੰਤਰੀ ਪੀ. ਵੀ. ਨਰਸਿਮ੍ਹਾ ਰਾਓ ਨੇ 31 ਅਕਤੂਬਰ ਦੀ ਸ਼ਾਮ ਭਾਰਤੀ ਜਨਤਾ ਪਾਰਟੀ ਦੇ ਨੇਤਾ ਸ੍ਰੀ ਅਟਲ ਬਿਹਾਰੀ ਵਾਜਪਈ ਨੂੰ ਵਿਸ਼ਵਾਸ ਦਿੱਤਾ ਸੀ ਕਿ ਕੁੱਝ ਘੰਟਿਆਂ ਦੇ ਅੰਦਰ ਸਭ ਕੁੱਝ ਕੰਟਰੋਲ ਵਿੱਚ ਆ ਜਾਏਗਾ । ਇਸਤੋਂ ਇਲਾਵਾ ਇਸੀ ਦਿਨ ਇਸੀ ਵਕਤ ਐਡੀਸ਼ਨਲ ਪੁਲਿਸ ਕਮਿਸ਼ਨਰ ਗੌਤਮ ਕੌਲ ਨੇ ਉਦੋਂ ਸ਼ੁਰੂ ਹੋਈਆਂ ਗੜਬੜਾਂ ਦੇ ਸੰਬੰਧ ਵਿੱਚ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਦੇ ਸਾਹਮਣੇ ਕਿਹਾ ਸੀ ਕਿ ਅਸੀਂ ਇਸ ਤਰ੍ਹਾਂ ਦੇ ਹਾਲਾਤ ਦਾ ਸਾਮਣਾ ਨਹੀਂ ਕਰ ਸਕਦੇ । ਹੈਰਾਨੀ ਤਾਂ ਇਹ ਹੈ ਕਿ ਇਸਤੋਂ ਬਾਅਦ ਵੀ ਸ੍ਰੀ ਕੌਲ ਨੂੰ ਸੁਰੱਖਿਆ ਸੰਬੰਧੀ ਐਡੀਸ਼ਨਲ ਕਮਿਸ਼ਨਰ ਬਣਾ ਦਿੱਤਾ ਗਿਆ । ਕਾਫ਼ੀ ਪਹਿਲਾਂ ਹੀ ਦਿੱਤੀਆਂ ਗਈਆਂ ਇਨ੍ਹਾਂ ਚਿਤਾਵਨੀਆਂ ਦੇ ਬਾਵਜੂਦ ਜ਼ਿਆਦਾਤਰ ਲੋਕਾਂ ਨੇ ਕਿਸੀ ਤਰ੍ਹਾਂ ਦਾ ਮਜ਼ਬੂਤ ਕਦਮ ਚੁੱਕਣ ਵਿੱਚ ਜਿੰਮੇਵਾਰੀ

ALL·INDIA·SIKH CONFRENCE
BABBAR
भगत टाईगर और
सज्जन कुमार के 'B'
फांसी सरपंचार करो

ਨਹੀਂ ਸਮਝੀ ।

ਵਿਸ਼ਵਾਸ-ਯੋਗ ਸੂਤਰਾਂ ਤੋਂ ਪਤਾ ਲੱਗਦਾ ਹੈ ਕਿ ਹੱਤਿਆ ਦੇ ਫੌਰਨ ਬਾਅਦ 31 ਅਕਤੂਬਰ ਨੂੰ ਪ੍ਰਧਾਨਮੰਤਰੀ ਦੇ ਸਰਕਾਰੀ ਨਿਵਾਸ 1, ਸਫ਼ਦਰਜੰਗ ਰੋਡ ਤੇ ਇੱਕ ਬੈਠਕ ਹੋਈ, ਜਿਸ ਵਿੱਚ ਹੋਰ ਲੋਕਾਂ ਸਮੇਤ ਤੱਤਕਾਲੀਨ ਲੈਫ਼ਟੀਨੈਂਟ ਗਵਰਨਰ ਪੀ. ਜੀ. ਗਵਈ, ਇੱਕ ਇੰਕਾ ਨੇਤਾ ਐਮ. ਐਲ. ਫੋਤੇਦਾਰ ਤੇ ਪੁਲਿਸ ਕਮਿਸ਼ਨਰ ਸ਼ਾਮਲ ਸੀ । ਇਸ ਬੈਠਕ ਵਿੱਚ ਹਾਜ਼ਰ ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਇਹ ਵਿਚਾਰ ਦਸਿਆ ਕਿ ਸੈਨਾ ਨੂੰ ਬੁਲਾਇਆ ਜਾਣਾ ਚਾਹੀਦਾ ਹੈ, ਨਹੀਂ ਤਾਂ ਘੋਰ ਅੰਧਕਾਰ ਹੋ ਜਾਏਗਾ । ਉਨਾਂ ਦੇ ਸੁਝਾਅ ਤੇ ਕੋਈ ਧਿਆਨ ਨਹੀਂ ਦਿੱਤਾ ਗਿਆ ।

1 ਨਵੰਬਰ ਨੂੰ ਜਦੋਂ ਸਾਰੀ ਦਿੱਲੀ ਸੜ ਰਹੀ ਸੀ ਤਾਂ ਇੱਕ ਵਿਰੋਧੀ ਸਾਂਸਦ ਨੇ ਰਾਜੀਵ ਗਾਂਧੀ ਦੀ ਨਵੀਂ ਕੈਬਨਿਟ ਦੇ ਇੱਕ ਮੰਤਰੀ ਸ੍ਰੀ ਸ਼ਿਵਸੰਕਰ ਤੇ ਗ੍ਰਹਿਮੰਤਰੀ ਸ੍ਰੀ ਨਰਸਿਮ੍ਹਾਰਾਓ ਨੂੰ ਸ਼ਹਿਰ ਦੇ ਹਾਲਾਤ ਦੀ ਜਾਣਕਾਰੀ ਦੇਣ ਤੇ ਸੈਨਿਕ ਕਾਰਵਾਈ ਦੀ ਜ਼ਰੂਰਤ ਦੱਸਣ ਲਈ ਫ਼ੋਨ ਕੀਤਾ । ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਵਾਇਆ ਕਿ ਸੈਨਾ ਬੁਲਾਈ ਜਾਣ ਵਾਲੀ ਹੈ ਤੇ ਕਰਫ਼ਿਊ ਲਾਗੂ ਹੋਣ ਵਾਲਾ ਹੈ । ਕੁੱਝ ਸੀਨੀਅਰ ਸਰਕਾਰੀ ਅਧਿਕਾਰੀਆਂ ਸਮੇਤ ਕਈ ਨਾਗਰਿਕ 1 ਨਵੰਬਰ ਦੇ ਦੁਪਹਿਰ ਬਾਅਦ ਰਾਸ਼ਟਰਪਤੀ ਨੂੰ ਮਿਲਣ ਗਏ, ਅਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਸਰਕਾਰ ਅਜੇ ਵੀ ਸੋਚ ਰਹੀ ਹੈ ਕਿ ਸੈਨਾ ਨੂੰ ਬੁਲਾਇਆ ਜਾਣਾ ਹੈ ਜਾਂ ਨਹੀਂ ।

ਲੇਕਿਨ 1 ਨਵੰਬਰ ਦਾ ਸਾਡਾ ਤਜ਼ਰਬਾ ਇੱਕ ਦੂਜੀ ਕਹਾਣੀ ਕਹਿੰਦਾ ਹੈ । ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਰਾਤ ਦੇਰ ਤੱਕ ਕਰਫ਼ਿਊ ਜਾਂ ਮਿਲਟਰੀ ਦਾ ਕੋਈ ਪਤਾ ਨਹੀਂ ਸੀ, ਜਦਕਿ ਹਮਲਾਵਰ ਪੁਲਿਸ ਦੇ ਸਾਹਮਣੇ ਜੁਲਮ ਕਰ ਰਹੇ ਸੀ, ਸ਼ਹਿਰ ਦੇ ਵਿੱਚੋਂ-ਵਿੱਚ ਕਨਾਟ ਸਰਕਸ ਵਿੱਚ ਭਾਰੀ ਪੈਰਾ-ਮਿਲਟਰੀ ਅਤੇ ਪੁਲਿਸ ਪਹਿਰੇ ਦੇ ਨੱਕ ਤਲੇ ਸਿੱਖਾਂ ਦੀਆਂ ਦੁਕਾਨਾਂ ਵਿੱਚ ਅੱਗ ਲਗਾਈ ਜਾ ਰਹੀ ਸੀ । ਬਾਅਦ ਵਿੱਚ ਸੁਣਿਆ ਕਿ ਫ਼ਰੀਦਾਬਾਦ ਦੇ ਡੀ. ਸੀ. ਨੇ 1 ਨਵੰਬਰ ਨੂੰ ਮਿਲਟਰੀ ਦੀ ਮੰਗ ਕੀਤੀ ਸੀ, ਲੇਕਿਨ 3 ਨਵੰਬਰ ਨੂੰ ਮਿਲਟਰੀ ਪਹੁੰਚੀ ।

2 ਨਵੰਬਰ ਨੂੰ ਜਦਕਿ ਉਸ ਦਿਨ ਦੇ ਅਖਬਾਰ ਤਿੰਨ ਸਰਕਾਰੀ ਕਾਰਵਾਈਆਂ ਦੀ ਐਨਾਊਂਸਮੈਂਟ ਕਰ ਰਹੇ ਸੀ, (1) **ਅਨਿਸ਼ਚਿਤਕਾਲੀਨ** ਕਰਫਿਊ, (2) ਦੇਖਦੇ ਹੀ ਗੋਲੀ ਮਾਰਣ ਦਾ ਆਦੇਸ਼, (3) 2 ਵਜੇ ਤੋਂ ਸੈਨਾ ਦੀ ਬਹਾਲੀ ਤੋਂ ਬਾਦ ਦੱਖਣੀ ਦਿੱਲੀ ਗਏ ਤਾਂ ਉੱਥੇ ਹਮਲਾਵਰ ਨਾ ਕੇਵਲ ਸਰ੍ਹੇਆਮ ਘੁੰਮ ਰਹੇ ਸੀ, ਬਲਕਿ ਉਨ੍ਹਾਂ ਦੀ ਗਿਣਤੀ ਪਹਿਲਾਂ ਤੋਂ ਵੱਧ ਗਈ ਸੀ, ਤੇ ਉਹ ਜ਼ਿਆਦਾ ਹੁੜਦੰਗ ਮਚਾ ਰਹੇ ਸਨ । ਲਾਜਪਤ ਨਗਰ ਬਾਜ਼ਾਰ ਵਿੱਚ ਪੁਲਿਸ ਚੁਪਚਾਪ ਬੈਠੀ ਸੀ ਤੇ ਸੈਂਕੜੇ ਨੌਜਵਾਨ ਤਲਵਾਰਾਂ, ਤ੍ਰਿਸ਼ੂਲ ਤੇ ਲੋਹੇ ਦੀਆਂ ਛੜਾਂ ਨਾਲ ਲੈਸ ਹੋਕੇ ਮੁੱਖ ਸੜਕਾਂ ਨੂੰ ਜਾਮ ਕਰ ਦਿੱਤਾ ਸੀ । ਲਗਭਗ 2 ਵੱਜੇ ਤੱਕ ਇੱਕ ਸੈਨਾ ਰੱਖਿਆ ਦਲ ਸੜਕ ਤੋਂ ਲੰਘਿਆ । ਹਮਲਾਵਰ ਨਾ ਤਾਂ ਘਬਰਾਏ ਅਤੇ ਨਾ ਹੀ ਆਤੰਕਿਤ ਹੋਏ । ਉਨ੍ਹਾਂ ਨੇ ਰੱਖਿਆ ਦਲ ਦੇ ਲੰਘਣ ਲਈ ਸੜਕ ਤੋਂ ਅਲੱਗ ਹਟਕੇ ਰਸਤਾ ਬਣਾ ਦਿੱਤਾ ਤੇ ਰੱਖਿਆ ਦੱਲ ਦੇ ਲੰਘਦੇ ਹੀ ਫਿਰ ਜਮਾ ਹੋ ਗਏ ਤੇ ਘਟਨਾ ਵਾਲੀ ਜਗ੍ਹਾ ਤੇ ਪਹੁੰਚੇ ਇੱਕ ਸ਼ਾਂਤੀ ਮਾਰਚ ਵਿੱਚ ਰੋੜੇ ਪਾਣ ਲੱਗੇ ।

2 ਨਵੰਬਰ ਦੀ ਸਵੇਰੇ 8.30 ਵਜੇ ਤੋਂ ਬਾਦ ਤੋਂ ਦੋ ਵਿਰੋਧੀ ਸਾਂਸਦਾਂ ਨੇ ਸ੍ਰੀ ਨਰਸਿਮ੍ਹਾਰਾਓ ਤੇ ਸ੍ਰੀ ਸ਼ਿਵਸ਼ੰਕਰ ਨੂੰ ਬਾਰ-ਬਾਰ ਇਹ ਬੇਨਤੀ ਕੀਤੀ ਕਿ ਪੰਜਾਬ ਤੋਂ ਆਣ ਵਾਲੀਆਂ ਟ੍ਰੇਨਾਂ ਵਿੱਚ ਸਵਾਰ ਸਿੱਖਾਂ ਨੂੰ ਸੈਨਾ ਦੀ ਸੁਰੱਖਿਆ ਪ੍ਰਦਾਨ ਕੀਤੀ ਜਾਵੇ । ਲੇਕਿਨ ਕੋਈ ਸੈਨਾ ਨਹੀਂ ਭੇਜੀ ਗਈ । ਜਿਸਦਾ ਨਤੀਜਾ ਇਹ ਹੋਇਆ ਕਿ ਸਾਰੀਆਂ ਟ੍ਰੇਨਾਂ ਅਪਰਾਧੀਆਂ ਦੀ ਦਇਆ ਤੇ ਛੱਡ ਦਿੱਤੀਆਂ ਗਈਆਂ ਤੇ ਉਨ੍ਹਾਂ ਨੇ ਟ੍ਰੇਨ ਦੇ ਡਿੱਬਿਆਂ ਵਿੱਚੋਂ ਖਿੱਚ-ਖਿੱਚ ਕੇ ਸਿੱਖਾਂ ਨੂੰ ਬਾਹਰ ਕੱਢਿਆ । ਉਨ੍ਹਾਂ ਨੂੰ ਬਾਕਾਇਦਾ ਮਾਰ ਸੁੱਟਿਆ, ਉਨ੍ਹਾਂ

ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਵੀ ਪੀ ਸਿੰਘ ਅਤੇ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਸ਼੍ਰੀ ਸੁਬੋਧ ਕਾਂਤ ਸਹਾਏ, ਸਾਬਕਾ ਐਮ ਪੀ ਚੋਧਰੀ ਤਾਰੀਫ ਸਿੰਘ ਅਤੇ ਹਿੰਦੁਸਤਾਨ ਦੇ ਮੰਨੇ ਪ੍ਰਮੰਨੇ ਸਮਾਜ ਸੇਵਕ ਸ਼੍ਰੀ ਸਵਾਮੀ ਅਗਨੀਵੇਸ਼ ਦਿੱਲੀ ਦੇ ਤਿਲਕ ਵਿਹਾਰ ਇਲਾਕੇ ਵਿਖੇ ਵਿਧਵਾਵਾਂ ਦੀ ਬਸਤੀ ਵਿੱਚ ਇਕ ਬਹੁਤ ਵੱਡੀ ਜਨਤੱਕ ਰੈਲੀ ਵਿੱਚ ਸ਼ਾਮਿਲ ਹੋਏ, ਅਤੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਸਰਦਾਰ ਗੁਰਚਰਨ ਸਿੰਘ ਬੱਬਰ।

ਦੀਆਂ ਲਾਸ਼ਾਂ ਨੂੰ ਪਲੇਟਫ਼ਾਰਮ ਜਾਂ ਰੇਲਵੇ ਲਾਈਨਾਂ ਤੇ ਸੁੱਟ ਦਿੱਤਾ ਤੇ ਕਈਆਂ ਨੂੰ ਜਿੰਦਾ ਸਾੜ ਦਿੱਤਾ ਗਿਆ । ਅਖ਼ਬਾਰਾਂ ਦੀ ਰਿਪੋਰਟ ਦੇ ਮੁਤਾਬਕ 4 ਬੰਦੇ ਮਾਰੇ ਗਏ ।

ਦੂਰਦਰਸ਼ਨ ਨੇ ਸ਼ਾਮ ਨੂੰ ਇਨ੍ਹਾਂ ਦਾ ਖੰਡਨ ਕੀਤਾ । ਤੁਗਲਕਾਬਾਦ ਸਟੇਸ਼ਨ ਤੇ ਤਕਰੀਬਨ 3.30 ਵਜੇ ਘੁੰਮਦੇ ਹੋਏ ਸਟੇਟਸਮੈਨ ਦੇ ਰਿਪੋਰਟਰਾਂ ਨੇ ਦੇਖਿਆ ਕਿ ਪਲੇਟਫ਼ਾਰਮ ਤੇ 2 ਸ਼ਰੀਰ ਝੁਲਸ ਰਹੇ ਸੀ, ਤੇ ਇਸਦੇ ਠੀਕ ਸਾਮਣੇ ਲਾਈਨ ਦੇ ਦੂਜੇ ਪਾਸੇ ਦੇ ਪਲੇਟਫ਼ਾਰਮ ਤੇ ਸਸ਼ਸਤਰ ਸੈਨਾ ਖੜੀ ਸੀ । 3 ਨਵੰਬਰ, 1984, ਸੈਨਾ ਜਾਂ ਤੇ ਘਟਨਾ ਤੋਂ ਬਾਦ ਪਹੰਚੀ, ਨਹੀਂ ਤਾਂ ਉਸਦੇ ਸਾਹਮਣੇ ਘਟਨਾ ਘਟਦੀ ਰਹੀ ਤੇ ਉਸਨੇ ਕੋਈ ਦਖਲਅੰਦਾਜ਼ੀ ਨਹੀਂ ਕੀਤੀ ।

ਪ੍ਰਸ਼ਾਸਨ ਦੀ ਭੂਮਿਕਾ ਦਾ ਵਿਸ਼ਲੇਸ਼ਨ ਕਰਦੇ ਹੋਏ ਅਸੀਂ ਸਿਰਫ਼ ਦਿੱਲੀ ਪ੍ਰਸ਼ਾਸਨ ਤੇ ਨੌਕਰਸ਼ਾਹੀ ਤੇ ਦੋਸ਼ ਲਗਾਕੇ ਹੀ ਅਪਣੀ ਗੱਲ ਖਤਮ ਨਹੀਂ ਕਰ ਸਕਦੇ । ਲੈਫ਼ਟੀਨੈਂਟ ਗਵਰਨਰ ਸ਼੍ਰੀ ਗੱਵਈ, ਜੋ ਇਸ ਘਟਨਾਕ੍ਰਮ ਦੇ ਦੌਰਾਨ ਦਿੱਲੀ ਦੇ ਪ੍ਰਸ਼ਾਸਨ ਦੇ ਜਿੰਮੇਵਾਰ ਸੀ । ਦੰਗਾ ਕਰਵਾਣ ਜਾਂ ਉਸਦੀ ਅਣਦੇਖੀ ਕਰਣ ਦਾ ਇਹ ਕੰਮ ਸਿਰਫ਼ ਅਪਣੀ ਜਿੰਮੇਵਾਰੀ ਤੇ ਨਹੀਂ ਕਰ ਸਕਦੇ । ਦਿੱਲੀ ਪ੍ਰਸ਼ਾਸਨ ਤੇ ਗ੍ਰਹਿਮੰਤਰੀ ਸਮੇਤ ਕੇਂਦਰੀ ਮੰਤਰੀ 31 ਅਕਤੂਬਰ ਦੀ ਰਾਤ ਤੋਂ ਸ਼ੁਰੂ ਹੋਏ ਘਟਨਾਕ੍ਰਮ ਤੋਂ ਭਲੀ-ਭਾਂਤੀ ਜਾਣੂ ਸਨ । ਸਾਨੂੰ ਸ਼ੱਕ ਹੈ ਕਿ ਕੀ ਕੇਂਦਰੀ ਮੰਤਰੀ, ਉਪਰਾਜਪਾਲ ਨੂੰ ਨਿਰਦੇਸ਼ ਦੇਣ ਵਿੱਚ ਅਸਫ਼ਲ ਰਹੇ ਜਾਂ ਮੰਤਰੀਆਂ ਨੇ ਨਿਰਦੇਸ਼ ਦਿੱਤੇ ਤੇ ਉਪਰਾਜਪਾਲ ਨੇ ਉਸ ਨਿਰਦੇਸ਼ ਦਾ ਪਾਲਨ ਕਰਣ ਤੋਂ ਇਨਕਾਰ ਕਰ ਦਿੱਤਾ? ਇਸ ਹਾਲਾਤ ਵਿੱਚ ਕੀ ਕੇਂਦਰੀ ਮੰਤਰਾਲੇ ਰਾਹੀਂ ਲੈਫ਼ਟੀਨੈਂਟ ਗਵਰਨਰ ਨੂੰ ਸਜ਼ਾ ਨਹੀਂ ਮਿਲਣੀ ਚਾਹੀਦੀ? ਲੇਕਿਨ ਇਹ ਦੱਸਿਆ ਗਿਆ ਕਿ ਸ੍ਰੀ ਗੱਵਈ ਛੁੱਟੀ ਤੇ ਚਲੇ ਗਏ ਹਨ ਤੇ ਸ੍ਰੀ ਐਮ. ਐਮ. ਕੇ. ਵਲੀ ਨੇ ਕੰਮ ਸੰਭਾਲ ਲਿਆ ਹੈ ।

ਲੇਕਿਨ ਸਾਨੂੰ ਲੈਫ਼ਟੀਨੈਂਟ ਗਵਰਨਰ ਦੇ ਰੂਪ ਵਿੱਚ ਸ੍ਰੀ ਵਲੀ ਨੂੰ ਨਿਯੁਕਤ ਕਰਨਾ ਹੋਰ ਜ਼ਿਆਦਾ ਸ਼ੱਕ ਭਰਿਆ ਲਗਦਾ ਸੀ । ਸ੍ਰੀ ਵਲੀ ਇਸ ਨਿਯੁਕਤੀ ਤੋਂ ਪਹਿਲਾਂ ਗ੍ਰਹਿ ਸੈਕਟਰੀ ਸਨ ।

ਦਿੱਲੀ ਵਿੱਚ 31 ਅਕਤੂਬਰ ਤੋਂ 3 ਨਵੰਬਰ ਤੱਕ (ਸ੍ਰੀ ਵਲੀ ਦੀ ਨਿਯੁਕਤੀ ਦਾ ਦਿਨ) ਜੋ ਕੁੱਝ ਹੋਇਆ ਉਹ ਦੰਗਿਆਂ ਨੂੰ ਖਤਮ ਕਰਣ ਵਿੱਚ ਗ੍ਰਹਿ ਮੰਤਰਾਲੇ ਦੀ ਪ੍ਰਸ਼ਾਸਕੀ ਮਸ਼ੀਨਰੀ ਦੀ ਅਸਫ਼ਲਤਾ ਸਾਬਤ ਕਰਨ ਲਈ ਬਹੁਤ ਹੈ । ਸਾਨੂੰ ਹੈਰਾਨੀ ਹੈ ਕਿ ਜਿਸ ਪ੍ਰਸ਼ਾਸਨ ਦੇ ਸ੍ਰੀ ਵਲੀ ਅਗ੍ਰਨੀ ਅੰਗ ਸੀ, ਉਸਦੀ ਪ੍ਰਮਾਣਤ ਅਸਫਲਤਾ ਦੇ ਬਾਵਜੂਦ ਕਿਸ ਤਰ੍ਹਾਂ ਉਨ੍ਹਾਂ ਨੂੰ ਲੈਫ਼ਟੀਨੈਂਟ ਗਵਰਨਰ ਬਣਾਇਆ ਗਿਆ । ਜਿਵੇਂ ਕਿ ਸਰਕਾਰੀ ਰਾਹਤ ਤਿਆਰੀਆਂ ਦੇ ਸਰਵੇਖਣ ਤੋਂ ਜ਼ਾਹਿਰ ਹੁੰਦਾ ਹੈ (ਤੀਜਾ ਅਧਿਆਏ), ਸ੍ਰੀ ਵਲੀ ਦਾ ਪ੍ਰਸ਼ਾਸਨ ਸ਼ਰਣਾਰਥੀਆਂ ਦੇ ਪ੍ਰਤੀ ਉਸੀ ਦਵੇਸ਼ ਤੇ ਅਕਸ਼ਮਤਾ ਦੀ ਨੀਤੀ ਦੇ ਰਸਤੇ ਤੇ ਚੱਲ ਰਿਹਾ ਸੀ । ਜੋ ਅਤੀਤ ਵਿੱਚ ਦਿੱਲੀ ਦੇ ਕਤਲੇਆਮ ਦੇ ਸ਼ਿਕਾਰ ਸਿੱਖ ਪੀੜਤਾਂ ਦੇ ਪ੍ਰਤੀ ਪ੍ਰਸ਼ਾਸਨਿਕ ਰਵੱਈਏ ਤੋਂ ਪ੍ਰਗਟ ਹੋਇਆ ।

ਸੈਨਾ ਦੀ ਭੂਮਿਕਾ :-

ਪ੍ਰਭਾਵਿਤ ਇਲਾਕਿਆਂ ਤੋਂ ਲੈ ਕੇ ਸੈਨਾ ਦੇ ਸਾਧਨਾਂ ਤੱਕ ਅਲੱਗ-ਅਲੱਗ ਰਸਤਿਆਂ ਤੇ ਕੀਤੀ ਗਈ ਸਾਡੀ ਛਾਣਬੀਨ ਤੋਂ ਦੋ ਸਵਾਲ ਖੜੇ ਹੁੰਦੇ ਹਨ । ਪਹਿਲਾ ਸੈਨਾ ਨੂੰ ਬੁਲਾਣ ਵਿੱਚ ਦੇਰ ਕਿਉਂ ਕੀਤੀ ਗਈ ? ਦੂਜਾ, ਜਦੋਂ ਸੈਨਾ ਬੁਲਾਈ ਗਈ ਤਾਂ ਉਹ ਕਰਫ਼ਿਊ ਲਾਗੂ ਕਰਣ ਤੇ ਹਿੰਸਾ ਰੋਕਣ ਵਿੱਚ ਕਿਉਂ ਨਹੀਂ ਪ੍ਰਭਾਵੀ ਹੋ ਸਕੀ? ਚਾਰ ਮੰਤਰੀਆਂ ਤੇ ਦਿੱਲੀ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਸਮੇਤ ਉੱਚ ਅਧਿਕਾਰੀਆਂ ਨੂੰ 31 ਅਕਤੂਬਰ ਦੀ ਸ਼ਾਮ ਤੋਂ ਹੀ ਦਿੱਲੀ ਤੇ ਉਸਦੇ ਬਾਹਰੀ ਇਲਾਕਿਆਂ ਦੀ ਅਸਲ ਹਾਲਾਤ ਦੇ ਬਾਰੇ ਵਿੱਚ ਬਾਰ-ਬਾਰ ਸੂਚਿਤ ਕੀਤਾ ਗਿਆ ਸੀ । ਮੰਨੇ-ਪਰਮੰਨੇ ਨਾਗਰਿਕਾਂ, ਮਹੱਤਵਪੂਰਨ ਵਿਅਕਤੀਆਂ, ਵਿਰੋਧੀ ਦਲਾਂ ਦੇ ਮੈਂਬਰਾਂ ਅਤੇ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਨੇ ਫੋਨ ਕੀਤਾ, ਆਪ ਗਏ ਤੇ ਇਨ੍ਹਾਂ ਅਧਿਕਾਰੀਆਂ

TIMES OF INDIA

Victims of the 1984 killings on an indefinite sit-in at Boat Club to demand the restoration of their pensions. —TOI

1984 riot victims on sit-in at Boat Club

By A Staff Reporter

NEW DELHI, September 15.

IS it a case of red-tapism or official harassment? About 30 elderly Sikh men and women, most of them residents of Tilak Vihar, are on a sit-in at the Boat Club because their pension has been "abruptly stopped" by the district commissioner's office. While the authorities have a legal explanation for it, some Sikh activists see the step as another way of harassing these people – many of whom had reportedly filed cases against "top officials" for participating in the 1984 killings.

These elderly persons were the recepients of a Rs 1,000 per month pension given to people who had lost their family members in the 1984 massacre. All of them are in their sixties and all have tales of woe to narrate. Says Mrs Mukuli Kaur, "I lost two sons in 1984. I was left behind with five grandchildren. I need this pension to survive. If the government can return my dead sons to me, then I won't ask for any pension".

Explains Mr Sugna Singh, "We were given these pensions after five years of promise when V.P. Singh came into power. But we received it only for two years. Suddenly, the pensions were discontinued last year. We were shown no order and given no prior information. When nation does not cut much ice with Mrs S. Kaur who lost a son in 1984. "They can cut off my pension, but can they return my son to me?" she asks. And what if the surviving sons of these pensioners are unable or unwilling to support their parents? Mr Verma recognises this probability. But he sets out the official view in plain words. He explains, "The decision is based of the Hindu tradition where grown-up sons are expected to support their parents. If we make exceptions in some cases, we will get a lot of claims even by people who are really being supported by their children". Evidently, in these days of economic restructuring, the government does not want to spend more than it has to.

The deprived pensioners claim that very often their surviving sons are not properly employed. Moreover, points out one wizened old Sikh, even when they earn something, they do not earn enough to feed the entire family. Mr Gurcharan Singh Babbar of the All India Sikh Conference (Babbar) claims that there have been "atleast five deaths due to lack of food or money to buy clothing and medicines since the pensions were cut off". While these deaths have probably been due to old age, the

'HARASSED BY POLICE: Mr Babbar also alleges that the pensioners are being harassed by "men from different police agencies" who keep visiting them at odd hours. He states that many of these pensioners had filed cases against top police officers who were allegedly involved in the 1984 killings and adds that one such police officer occupies a senior post in the area. He also claims that while these 1984 riot victims have been deprived of their pension, they are also being threatened with eviction by the authorities. Some of the pensioners complain they are being sent "inflated electric and water bills running up to Rs 12,000".

The young men of such families in Tilak Vihar, all of whom can recall the loss of atleast one near relative, present a disturbing picture. They often lack the education or the vocational training that can help them find decent jobs. Living in poverty, they seem to have very little faith in the "system that has let the murderers of 1984 escape unpunished while the victims continue to be punished economically". Such despair and anger leaves them open to criminal influences and subversive ideas. As Mr Babbar points out, "The apathy and neglect of the goverment creates more militants than all the training camps of Pakistan".

ਨੂੰ ਸੂਚਿਤ ਕੀਤਾ । ਇਸਦੇ ਬਾਦ ਵੀ ਸ੍ਰੀਮਤੀ ਗਾਂਧੀ ਦੀ ਹੱਤਿਆ ਅਤੇ ਉਨ੍ਹਾਂ ਦੀ ਹੱਤਿਆ ਦੀ ਪਬਲਿਕ ਤੌਰ ਤੇ ਅਨਾਊਂਸਮੈਂਟ ਦੇ ਸੱਤ ਕੀਮਤੀ ਘੰਟਿਆਂ ਵਿੱਚ ਕੋਈ ਸੁਰੱਖਿਆ ਕਾਰਵਾਈ ਨਹੀਂ ਕੀਤੀ ਗਈ ।

ਜਿਵੇਂ ਕਿ ਇੱਕ ਸੀਨੀਅਰ ਸਰਕਾਰੀ ਕਰਮਚਾਰੀ ਨੇ ਦੱਸਿਆ ਕਿ ਐਸੇ ਹਾਲਾਤਾਂ ਤੋਂ ਨਿਪਟਣ ਲਈ ਸਥਾਈ ਨਿਰਦੇਸ਼ ਹਨ । ਐਸ. ਪੀ. ਤੇ ਡੀ. ਸੀ. ਨੂੰ ਕ੍ਰਿਮਨਲ ਪ੍ਰੋਸੀਜ਼ਊਰ ਕੋਡ (ਧਾਰਾ 130-131) ਦੇ ਅਧੀਨ ਨਾਗਰਿਕ ਪ੍ਰਸ਼ਾਸਨ ਲਈ ਸੈਨਾ ਬੁਲਾਣ ਦਾ ਅਧਿਕਾਰ ਹੈ । ਇਸਦੇ ਅਧੀਨ ਐਸੇ ਹਾਲਾਤ ਲਈ ਦਿੱਲੀ ਸ਼ਸਤਰ ਪੁਲਿਸ, ਸੀ. ਆਰ. ਪੀ. ਐਫ਼., ਸਮੇਤ ਪੈਰਾ ਮਿਲਟਰੀ ਦਲ ਹਮੇਸ਼ਾਂ ਮੌਜੂਦ ਹੈ । ਸਾਡੀ ਸੂਚਨਾ ਦੇ ਅਨੁਸਾਰ ਦਿੱਲੀ ਵਿੱਚ ਇੱਕ ਬ੍ਰਿਗੇਡ ਮੌਜੂਦ ਸੀ, ਜਿਸਨੂੰ ਤਤਕਾਲ ਬੁਲਾਇਆ ਜਾ ਸਕਦਾ ਸੀ ।

ਕੌਣ ਸੈਨਾ ਬੁਲਾ ਸਕਦਾ ਹੈ?

ਧਾਰਾ 130, ਭੀੜ ਨੂੰ ਤਿੱਤਰ-ਬਿੱਤਰ ਕਰਣ ਲਈ ਸੈਨਾ ਦਾ ਉਪਯੋਗ

(1) ਜੇਕਰ ਐਸਾ ਕੋਈ ਜਮਾਵਾੜਾ ਹੋਰ ਕਿਸੀ ਤਰੀਕੇ ਨਾਲ ਤਿਤਰ-ਬਿਤਰ ਨਹੀਂ ਹੋ ਸਕਦਾ, ਅਤੇ ਜੇਕਰ ਸਾਰਵਜਨਿਕ ਸੁਰੱਖਿਆ ਲਈ ਇਹ ਜ਼ਰੂਰੀ ਹੋਵੇ ਕਿ ਉਸਨੂੰ ਤਿਤਰ-ਬਿੱਤਰ ਕੀਤਾ ਜਾਏ ਤਾਂ ਸਭ ਤੋਂ ਸੀਨੀਅਰ ਪ੍ਰਸ਼ਾਸਕੀ ਜੱਜ ਮੌਜੂਦ ਹੈ, ਉਹ ਸੈਨਾ ਰਾਹੀਂ ਇਸ ਜਮਵਾੜੇ ਨੂੰ ਤਿਤਰ-ਬਿਤਰ ਕਰ ਸਕਦਾ ਹੈ ।

(2) ਇਹ ਜੱਜ ਕਿਸੀ ਜਮਾਵਾੜੇ ਨੂੰ ਤਿਤੱਰ-ਬਿਤੱਰ ਕਰਨ ਲਈ, ਸੈਨਾ ਦੇ ਕਿਸੇ ਅੰਗ ਨਾਲ ਸੰਬੰਧਤ ਅਧਿਕਾਰੀ ਨੂੰ ਉਸਦੇ ਅਧਿਕਾਰ-ਖੇਤਰ ਦੇ ਸ਼ਸਤਰ ਬੱਲ ਸਮੇਤ ਬੁਲਾ ਸਕਦਾ ਹੈ । ਜੱਜ ਐਸੇ ਜਮਾਵੜੇ ਨੂੰ ਗ੍ਰਿਫ਼ਤਾਰ ਕਰਨ ਤੇ ਕੈਦ ਕਰਨ ਦਾ ਹੁਕਮ ਦੇ ਸਕਦਾ ਹੈ ਜਾਂ ਕਾਨੂੰਨ ਦੇ ਮੁਤਾਬਕ ਐਸੇ ਲੋਕਾਂ ਨੂੰ ਸਜ਼ਾ ਦਿਵਾ ਸਕਦਾ ਹੈ ।

(3) ਸੈਨਾ ਦੇ ਹਰ ਇੱਕ ਅਧਿਕਾਰੀ ਜਿਸ ਤਰ੍ਹਾਂ ਸਹੀ ਸਮਝੇਗਾ, ਉਵੇਂ ਆਦੇਸ਼ਾਂ ਦਾ ਪਾਲਨ ਕਰੇਗਾ । ਲੇਕਿਨ ਇੰਝ ਕਰਨ ਵਿੱਚ ਉਹ ਘੱਟ ਤੋਂ ਘੱਟ ਤਾਕਤ ਦਾ ਇਸਤੇਮਾਲ ਕਰੇਗਾ ਤੇ ਬੰਦੇ ਤੇ ਸੰਪਤੀ ਨੂੰ ਘੱਟ ਤੋਂ ਘੱਟ ਨੁਕਸਾਨ ਪਹੁੰਚਾਏਗਾ ਜੋ ਕਿ ਜਮਾਵਾੜੇ ਨੂੰ ਤਿਤਰ-ਬਿਤਰ ਕਰਨ ਅਤੇ ਐਸੇ ਬੰਦਿਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਰੋਕਣ ਦੇ ਨਾਲ ਮੇਲ ਖਾਂਦਾ ਹੋਵੇ ।

ਧਾਰਾ 131, ਕੁਝ ਸੈਨਿਕ ਅਧਿਕਾਰੀਆਂ ਰਾਹੀਂ ਜਮਾਵਾੜੇ ਨੂੰ ਤਿਤੱਰ-ਬਿਤੱਰ ਕਰਨ ਦਾ ਅਧਿਕਾਰ ਕਿਸੀ ਜਮਾਵਾੜੇ ਤੋਂ ਸਾਰਵਜਨਿਕ ਸੁਰੱਖਿਆ ਜਦ ਸਿੱਧੇ ਤਰੀਕੇ ਨਾਲ ਸੰਕਟਪੂਰਨ ਹੋਵੇ ਤਾਂ ਕਿਸੀ ਪ੍ਰਸ਼ਾਸਨਿਕ ਜੱਜ ਨਾਲ ਸੰਪਰਕ ਨਹੀਂ ਕੀਤਾ ਜਾ ਸਕਦਾ ਹੋਵੇ ਤਾਂ ਸੈਨਾ ਦਾ ਕੋਈ ਕਮਿਸ਼ਨਰ ਪ੍ਰਾਪਤ ਜਾਂ ਰਾਜਪਤ੍ਰਿਤ ਅਧਿਕਾਰੀ ਜਮਾਵਾੜੇ ਨੂੰ ਤਿਤੱਰ-ਬਿਤੱਰ ਕਰਨ ਲਈ ਕਿਸੀ ਨੂੰ ਗ੍ਰਿਫ਼ਤਾਰ ਜਾਂ ਕੈਦ ਕੀਤਾ ਜਾ ਸਕਦਾ ਹੈ ਜਾਂ ਉਸਨੂੰ ਕਾਨੂੰਨ ਦੇ ਅਨੁਸਾਰ ਸਜ਼ਾ ਦਿਵਾ ਸਕਦਾ ਹੈ, ਲੇਕਿਨ ਜੱਦ ਉਹ ਇਸ ਧਾਰਾ ਦੇ ਤਹਿਤ ਕੰਮ ਕਰ ਰਿਹਾ ਹੈ ਤਾਂ ਉਸਦੇ ਲਈ ਪ੍ਰਸ਼ਾਸਕੀ ਜੱਜ ਨਾਲ ਸੰਪਰਕ ਕਰਨਾ ਸੰਭਵ ਹੋਵੇ ਤਾਂ ਉਹ ਉਸ ਨਾਲ ਸੰਪਰਕ ਕਰੇਗਾ ਤੇ ਉਸਤੋਂ ਬਾਦ ਜੱਜ ਦੇ ਨਿਰਦੇਸ਼ਾਂ ਦਾ ਪਾਲਨ ਕਰੇਗਾ ਕਿ ਉਸਨੂੰ ਐਸੀ ਕਾਰਵਾਈ ਜਾਰੀ ਰਖਣੀ ਹੈ ਜਾਂ ।

ਸੈਨਾ ਨੂੰ 31 ਅਕਤੂਬਰ ਦੀ ਦੋਪਹਿਰ ਬਾਅਦ ਅਲਰਟ ਕੀਤਾ ਗਿਆ । ਇਸਦਾ ਮਤਲਬ ਹੈ ਕਿ ਕੁੱਝ ਘੰਟਿਆਂ ਦੇ ਅੰਦਰ 31 ਅਕਤੂਬਰ ਦੀ ਰਾਤ ਤੱਕ ਮੇਰਠ ਤੇ ਆਗਰੇ ਤੋਂ ਬ੍ਰਿਗੇਡ ਦਿੱਲੀ ਪਹੁੰਚ ਸਕਦੀ ਸੀ । ਜਿਵੇਂ ਕਿ ਸੀਨੀਅਰ ਸੈਨਾਧਿਕਾਰੀ ਕਹਿੰਦੇ ਹਨ, ਕਰਫਿਊ ਲਾਗੂ ਕਰਨ ਵਿੱਚ ਫੈਸਲਾ ਲੈਣ ਵਾਲਾ ਸੈਨਾ ਦਾ ਸਾਂਖਿਅਕ ਬੱਲ ਨਹੀਂ ਹੁੰਦਾ । ਨਿਰਣਾਇਕ-ਕਾਰਕ ਹੈ, ਮਕਸਦ ਦੀ ਸਪਸ਼ਟਤਾ ਤੇ ਦ੍ਰਿੜ ਅਤੇ ਸਾਫ਼ ਨਿਰਦੇਸ਼ ।

THE HINDU

ਸੁਪਰੀਮ ਕੋਰਟ ਦੇ ਬਾਹਰ ਵਿਧਵਾਵਾਂ ਲਿਆਂ ਦੀ ਮੰਗ ਕਰਦੀਆਂ ਰੋਹੀਆਂ ਅਤੇ ਆਪਣੇ ਵਿਛੁੜੇ ਪਰਿਵਾਰਕ ਮੈਂਬਰਾਂ ਦੀ ਯਾਦ ਵਿੱਚ ਵਿਰਲਾਪ ਕਰਦੀਆਂ ਰੋਹੀਆਂ।

ਅਖਬਾਰ, ਆਕਾਸ਼ਵਾਣੀ ਤੇ ਦੂਰਦਰਸ਼ਨ ਤੇ ਦੇਖਦੇ ਹੀ ਗੋਲੀ ਮਾਰਨ ਦੇ ਆਦੇਸ਼ ਤੇ ਕਰਫ਼ਿਊ ਲਾਗੂ ਕਰਨ ਦੀ ਅਨਾਊਂਸਮੈਂਟ ਦੇ ਬਾਵਜੂਦ ਪੁਲਿਸ ਨੇ ਸੈਨਾ ਨੂੰ ਦੰਗਾਗ੍ਰਸਤ ਇਲਾਕਿਆਂ ਦੀ ਅਸਲ ਭੋਗੋਲਿਕ ਹਾਲਾਤ ਸੰਬੰਧੀ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਦਿੱਤੀ । ਕੋਈ ਸੰਯੁਕਤ ਕੰਟਰੋਲ ਰੂਮ ਸਥਾਪਿਤ ਨਹੀਂ ਕੀਤਾ ਗਿਆ ।

ਇਸਦੇ ਉਲੱਟ ਕੁੱਝ ਹੀ ਦਿਨਾਂ ਬਾਦ ਸ੍ਰੀਮਤੀ ਗਾਂਧੀ ਦੀ ਅੰਤਿਮ-ਯਾਤਰਾ ਦੇ ਰਸਤੇ ਵਿੱਚ ਭਾਰਤੀ ਸੈਨਾ ਦੇ 3000 ਜਵਾਨਾਂ ਦੀ ਪੂਰੀ ਬ੍ਰਿਗੇਡ ਤੇ ਨੌ ਸੈਨਾ ਅਤੇ ਵਾਯੂ ਸੈਨਾ ਦੇ ਦੂਜੇ 1000 ਜਵਾਨਾਂ ਨੂੰ ਤੈਨਾਤ ਕਰਨ ਵਿੱਚ ਅਧਿਕਾਰੀਆਂ ਨੂੰ ਕੋਈ ਅਸੁਵਿਧਾ ਨਹੀਂ ਹੋਈ ।

ਸੈਨਾ ਬੁਲਾਣ ਦਾ ਤਰੀਕਾ ਸਾਧਾਰਨ ਹੈ । ਉਪਰਾਜਪਾਲ ਨੂੰ ਕਾਨੂੰਨ ਅਤੇ ਪ੍ਰਬੰਧ ਦੇ ਹਾਲਾਤ ਦੇ ਬਾਰੇ ਗ੍ਰਹਿਮੰਤਰੀ (ਸ੍ਰੀ ਨਰਸਿਮ੍ਹਾ ਰਾਓ) ਨੂੰ ਸੂਚਿਤ ਕਰਨਾ ਸੀ ਤੇ ਗ੍ਰਹਿਮੰਤਰੀ-ਰਖਿਆ ਮੰਤਰੀ ਨੂੰ ਸੂਚਿਤ ਕਰਦਾ (ਪ੍ਰਧਾਨਮੰਤਰੀ ਰਾਜੀਵ ਗਾਂਧੀ ਕੋਲ ਇਹ ਵਿਭਾਗ ਸੀ) ਜੋ ਸੈਨਾ ਨਾਲ ਸੰਪਰਕ ਕਰਦਾ ।

ਸੰਯੁਕਤ ਸੈਨਾ ਨਾਗਰਿਕ ਪ੍ਰਸ਼ਾਸਨ ਦੀ ਕਾਰਵਾਈ ਦੀ ਸਫ਼ਲਤਾ ਲਈ ਇੱਕ ਜ਼ਰੂਰੀ ਸ਼ਰਤ ਸੰਯੁਕਤ ਕੰਟਰੋਲ ਰੂਮ ਦੀ ਸਥਾਪਨਾ ਹੈ । 1947 ਦੰਗਿਆਂ ਦੇ ਦੌਰਾਨ ਸੰਪਰਦਾਇਕ ਹਾਲਾਤ ਨੂੰ ਕੰਟਰੋਲ ਕਰਨ ਲਈ ਜਵਾਹਰ ਲਾਲ ਨਹਿਰੂ ਦੇ ਬੇਨਤੀ ਕਰਨ ਤੇ ਲਾਰਡ ਮਾਊਂਟਬੈਟਨ ਨੇ ਨਾਗਰਿਕ ਪ੍ਰਸ਼ਾਸਨ ਤੇ ਸੈਨਾਂ ਦੀਆਂ ਕੋਸ਼ਿਸ਼ਾਂ ਦੇ ਤਾਲਮੇਲ ਲਈ ਰਾਸ਼ਟਰਪਤੀ ਭਵਨ ਵਿਚ ਇੱਕ ਜਾਇੰਟ ਕੰਟਰੋਲ ਰੂਮ ਬਣਾਇਆ ਸੀ । ਦਿੱਲੀ ਦੇ ਇਕ ਉਮਰ ਦਰਾਜ ਆਦਮੀ ਨੇ ਜੋ ਸੈਨਿਕ ਕਾਰਵਾਈਆਂ ਦੇ ਅੱਛੇ ਜਾਣਕਾਰ ਹਨ । ਨਰਸਿਮ੍ਹਾ ਰਾਓ ਨਾਲ ਇਸ ਪ੍ਰਚਲਨ ਦਾ ਜ਼ਿਕਰ ਵੀ ਕੀਤਾ ਸੀ ।

ਫਿਰ ਵੀ 31 ਅਕਤੂਬਰ ਤੋਂ 4 ਨਵੰਬਰ ਤੱਕ (ਜਦੋਂ ਦੰਗੇ ਚਰਮ ਸੀਮਾ 'ਤੇ ਸਨ ਜਾਂ ਪੁਰਾਣੇ ਲੋਕਾਂ ਦੇ ਮੁਤਾਬਕ ਦਿੱਲੀ ਵਿੱਚ 1947 ਦੇ ਦੰਗਿਆਂ ਦੀ ਯਾਦ ਤਾਜਾ ਕਰਦੇ ਸਨ) ਜਾਇੰਟ ਕੰਟਰੋਲ ਰੂਮ ਬਨਾਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ । ਪੁਲਿਸ ਕਮਿਸ਼ਨਰ ਆਈ. ਟੀ. ਓ. ਪੁਲਿਸ ਹੈਡਕਵਾਰਟਰ ਵਿੱਚ ਆਪਣੇ ਦਫ਼ਤਰ ਵਿੱਚੋਂ ਕੰਮ ਕਰ ਰਹੇ ਸੀ । ਆਰਮੀ ਏਰੀਆ ਕਮਾਂਡਰ ਧੌਲਾ ਕੂੰਆਂ ਛਾਓਣੀ ਵਿੱਚ ਸੀ ਅਤੇ ਲੈਫ਼ਟੀਨੈਂਟ ਗਵਰਨਰ ਰਾਜ ਨਿਵਾਸ ਵਿੱਚ ਸੀ । ਇਸਦਾ ਰਿਜ਼ਲਟ ਇਹ ਹੋਇਆ ਕਿ ਸੈਨਾ ਤੈਨਾਤ ਕੀਤੇ ਜਾਣ ਤੋਂ ਬਾਅਦ ਵੀ ਸੈਨਾ ਦੇ ਲੋਕ ਤਨਾਅ-ਗ੍ਰਸਤ ਇਲਾਕਿਆਂ ਦੇ ਬਾਰੇ ਵਿੱਚ ਜਾਣਕਾਰੀ ਅਤੇ ਪੁਲਿਸ ਦੀ ਮਦਦ ਨਾ ਮਿਲਣ ਦੀ ਲਗਾਤਾਰ ਸ਼ਿਕਾਇਤ ਕਰਦੇ ਰਹੇ । ਕਰਫ਼ਿਊ ਲਗਾਣ ਦੇ ਬਾਅਦ ਵੀ ਉਸਨੂੰ ਲਾਗੂ ਕਰਨ ਲਈ ਕੋਈ ਅਧਿਕਾਰੀ ਨਹੀਂ ਸੀ । ਸੈਨਾ ਦੇ ਇੱਕ ਮੇਜਰ ਨੇ 4 ਨਵੰਬਰ ਨੂੰ ਦਿੱਲੀ ਦੇ ਇੱਕ ਅਖਬਾਰ ਰਿਪੋਰਟਰ ਨੂੰ ਦੱਸਿਆ ਕਿ ਉਨ੍ਹਾਂ ਦੇ ਲੋਕਾਂ ਨੂੰ ਸ਼ਕਰਪੁਰ ਪੁਲਿਸ ਸਟੇਸ਼ਨ ਤੋਂ ਨਾ ਕੇਵਲ ਕੋਈ ਸਹਿਯੋਗ ਹੀ ਮਿਲ ਰਿਹਾ ਸੀ ਬਲਕਿ ਪੁਲਿਸ ਉਨ੍ਹਾਂ ਨੂੰ ਜਾਣ-ਬੁੱਝ ਕੇ ਗੁੰਮਰਾਹ ਵੀ ਕਰ ਰਹੀ ਸੀ । ਇਸੀ ਰਿਪੋਰਟਰ ਨੇ ਸ਼ਹਿਰ ਵਿੱਚ ਘੁੰਮਦੇ ਹੋਏ ਦੇਖਿਆ ਕਿ ਜੂਨੀਅਰ ਅਧਿਕਾਰੀਆਂ ਤੋਂ ਲੈ ਕੇ ਸੈਨਾ ਦੇ ਮੇਜਰ ਤੱਕ ਅਪਣੇ ਹੈਡਕਵਾਟਰ ਜਾਂ ਸੰਗਠਨ ਨਾਲ ਸੰਪਰਕ ਟੁੱਟ ਜਾਣ ਦੇ ਕਾਰਨ ਬਹੁਤ ਪਰੇਸ਼ਾਨੀ ਵਿੱਚ ਇੱਧਰ-ਉੱਧਰ ਭਟਕ ਰਹੇ ਸਨ ।

ਸੈਨਾ ਅਧਿਕਾਰੀਆਂ ਨੇ ਸ਼ਿਕਾਇਤ ਕੀਤੀ ਕਿ ਉਨ੍ਹਾ ਨੂੰ ਦੰਗਾ-ਗ੍ਰਸਤ ਇਲਾਕਿਆਂ ਵਿੱਚ ਜਾਣ ਲਈ ਪੁਲਿਸ ਨੇ ਸਕਾਊਟ ਨਹੀਂ ਦਿੱਤੇ । ਇੱਕ ਮਾਮਲੇ ਵਿੱਚ ਰਸਤੇ ਦੇ ਬਾਰੇ ਵਿੱਚ ਪੁੱਛ ਰਿਹਾ ਇੱਕ ਮੇਜਰ ਆਪਣੇ ਨਾਲ 1974 ਦਾ ਨਕਸ਼ਾ ਚੁੱਕੀ ਫਿਰ ਰਿਹਾ ਸੀ, ਜਿਸ ਵਿੱਚ ਪੁਨਰਵਾਸ ਕਾਲੋਨੀਆਂ (ਜਿੱਥੇ ਸਰਵੇ ਦੇ ਦੌਰਾਨ ਸੱਭ ਤੋਂ ਜ਼ਿਆਦਾ ਹਿੰਸਾ ਹੋਈ ਸੀ) ਦਾ ਕੋਈ ਜ਼ਿਕਰ ਨਹੀਂ ਸੀ ।

ਇੱਕ ਸੈਨਿਕ ਸਾਧਨ ਨੇ ਦੱਸਿਆ ਕਿ ਸੈਨਾ ਨੂੰ ਤੈਨਾਤ ਕਰਨ ਵਾਸਤੇ ਇੱਕ ਅਜੀਬ ਤਰੀਕਾ

Losing faith in the law

Two thousand seven hundred and thirty-three people died in the November '84 riots. This is one bitter truth the Sikh community has chosen not to forget. Another is that nobody has been brought to book for the carnage. All the killers roam free; some even in the glare of publicity. SHIBI ALEX CHANDY spend an evening in Tilak Vihar, where the riot-affected have been rehabilitated, to gauge the mood of the Sikhs there. His report:

New Delhi, Dec. 5: The narrow road that bisects Tilak Nagar Market and goes west could well be leading to hell. A kilometre beyond the bright neon lights of the obviously prosperous market the road winds its way to the ill-lit and gloomy surroundings of Tilak Vihar where nearly 3,000 families affected in the infamous November '84 riots are packed into 870 LIG flats and a sprawling slum of nearly 2,000 neatly-kept shacks. The residents of the slum enjoyed better lifestyles not long ago. Fear brought them together to Tilak Vihar and its squalor.

Jaswinder Kaur welcomes us graciously into her one-room cane shack, parting curtains that also double up as doors. "Remnants from our 'pucca' house in Sultanpuri," she says with unnecessary enthusiasm; stressing the 'pucca' to convey that she did not always live in the slums.

The radio, the bedspread on the cot that occupies half the shack, the curtain that demarcates the kitchen within the shack, the little shelf with a pressure cooker and other utensils in the "kitchen" and the general order and cleanliness all suggest that the inhabitants enjoyed to better living conditions not-too-long ago. "Sorry about the lack of space," she says apologetically.

Kaur is well-informed. She has heard of the Rs 50,000 relief recently announced by the government. She also knows about the Jain-Banerjee committee which recommended the arrest of former Congress(I) MP Sajjan Kumar for allegedly instigating murderous mobs in Sultanpuri. "Nothing will come of it (the committee's investigations)," she says. "There are so many eye witnesses. Why hasn't he been arrested so far?" She claims that she herself saw Kumar during those three violent days. "Yes, he was there himself. But most of the time it was his chamchas, Gupta *taelwale*, Nathu Pradhan and the ration shop owner Halumal who were active."

"Don't forget Danny," chips in a young Sikh who entered the shack while the conversation is on. *Danny ne akele bees ko maara hoga*, he says. "The court even has the Kukri with which he killed all those people. I saw it."

A few shacks away lives Sumer Singh. He lost four sons in the riots and talks of nothing else. All his four sons were killed the same day; and two of them—Ajit and Shankar—were no a holiday from Iraq where they used to work. "They took away everything," he says in a matter-of-fact tone. He is too bewildered to ask for justice but joins the crowd as we move on.

In the LIG flats live the lucky few who got allotments from the Delhi administration. Ajay Kaur and her two sons aged eight and 12 are among them. "Look, how young he was," she says, producing a photograph of her dead husband. "They killed him before my eyes and burnt him. I recognise every person involved and so do my sons." To prove her point she quizzes the younger boy: *Bol tere baap ko kisne maara hai?* "Bhagat, Tytler, Sajjan Kumar," says the eight-year-old, smiling shyly. His brother noded in agreement.

"You might claim that they have been tutored to say such things," accepts Atma Singh, the Pradhan of the Tilak Vihar rehabilitation colony. "But the fact remains that this is the environment in which these children are growing up. At least these two are very young, the older ones, the ones in their teens, will get violent if you broach the subject. They are waiting for an opportunity to strike back at the killers of their near and dear ones. They won't be satisfied till the killers roam free."

As we walk down the main road of Tilak Vihar that separates the slums from the bulk of the LIG flats, we encounter some of "the older ones", the ones in their teens. "We will never get total justice. But I will be satisfied even if only 1,000 people are brought to book," says one, who does most of the talking. The others maintained a hostile silence. The general attitude is what is aptly put in Punjabi as *Jo levanga*.

Atma Singh, who is the secretary of the All-India Sikh Conference, has been trying to "bring the Sikh youth back into the national mainstream", but does not appear too confident about the chances of succeeding in the task. "We have nothing to sustain their hopes for justice," says a dejected Singh. "In the early days, soon after the riots we told them that we must adopt legal methods to redress our grievances and seek justice. "This argument, Singh goes on, is not going down well with the Sikh youths anymore as the results are singularly absent even after three years of the carnage. "We have neither received proper rehabilitation nor justice. Even the few youth we have won over are deserting us now."

Further down the road a lathi-wielding Sikh boy greets Atma Singh, *Ki haal hai pradhanji. Sadde layak koi sewa? Par mein Jhalse-walse vich nahin jawanga. Koi Marn-maran da kaam ho te dasso.* Atma Singh appears embarrassed and sends the boy on his way. "things are not so bad," assures Atma Singh, attempting to gloss over the convesation. "These are youngsters and they can be won over. Only they have to be rehabilitated properly. The government must do everything possible. It is for the good of the country."

The picture is gloomy like the surrondings. And the police check post at the entry point to the colony completes the scenario. Some Sikhs and voluntary organisations are making feeble attempts to end the feeling of alienation of the Sikhs. But the question is: "are these afforts enough?"

A widow with her children: no solace. File photo by PRAVEEN JAIN

ਅਪਣਾਇਆ ਗਿਆ । ਸੈਨਾ ਨੂੰ ਅਲੱਗ-ਅਲੱਗ ਚਰਨਾਂ ਵਿੱਚ ਤੈਨਾਤ ਕੀਤਾ ਤੇ ਲਗ-ਭਗ ਹਰ ਮਾਮਲੇ ਵਿੱਚ ਉਨ੍ਹਾਂ ਨੂੰ ਉਦੋਂ ਤੈਨਾਤ ਕੀਤਾ ਗਿਆ ਜਦ ਦੰਗਾ-ਗ੍ਰਸਤ ਇਲਾਕਿਆਂ ਵਿੱਚ ਘਰ ਸੁਆਹ ਹੋ ਚੁੱਕੇ ਸਨ ਤੇ ਖ਼ੂਨੀਕਾਂਡ ਪੂਰਾ ਹੋ ਚੁੱਕਿਆ ਸੀ । (ਮੇਜਰ ਜਨਰਲ ਜੇ. ਐਸ. ਜਾਮਵਾਲ ਦਾ 7 ਨਵੰਬਰ ਦਾ ਬਿਆਨ, ਇੰਡੀਅਨ ਐਕਸਪ੍ਰੈਸ, 8 ਨਵੰਬਰ) । ਸੈਨਾ ਪੂਰੀ ਤਾਕਤ ਦੇ ਨਾਲ ਉਦੋਂ ਬਹਾਲ ਹੋ ਸਕੀ ਜਦ ਸ੍ਰੀਮਤੀ ਗਾਂਧੀ ਦੇ ਦਾਹ-ਸਸਕਾਰ ਲਈ ਆਰਕਸ਼ਿਤ 3000 ਸੈਨਾ ਤੇ ਗੱਡੀਆਂ ਨੂੰ ਹਿੰਸਾ ਰੋਕਣ ਵਿੱਚ ਲਗਾਇਆ ਗਿਆ ।

ਉੱਪਰ ਵਰਨਣ ਘਟਨਾਕ੍ਰਮ ਤੋਂ ਪ੍ਰਗਟ ਸੈਨਾ ਦੇ ਉਪਯੋਗ ਵੀ ਪਰਿਵਿਰਤੀ ਸਾਨੂੰ ਇਹ ਸ਼ੱਕ ਕਰਨ ਲਈ ਮਜਬੂਰ ਕਰਦੀ ਹੈ ਕਿ ਜਦੋਂ ਸੈਨਾ ਬੁਲਾਈ ਵੀ ਗਈ ਤਾਂ ਉਸਨੂੰ ਕਾਰਜ ਕਰਨ ਲਈ ਕੋਈ ਸੋਚੀ ਸਮਝੀ ਯੋਜਨਾ ਬਣਾਈ ਗਈ ਸੀ ਜਾਂ ਨਹੀਂ ਅਤੇ ਸੈਨਾ ਨੂੰ ਬਹਾਲ ਕਰਨ ਵਿੱਚ ਵੀ ਕਾਫੀ ਦੇਰੀ ਹੋਈ ਅਤੇ ਜਿਸ ਦੌਰਾਨ ਅੱਗਜ਼ਨੀ, ਲੁੱਟ-ਪਾਟ ਤੇ ਖ਼ੂਨੀਕਾਂਡ ਚੱਲਣ ਦਿੱਤਾ ਗਿਆ ਅਤੇ ਕਈ ਵਾਰ ਉਸ ਵਿੱਚ ਲੋਕਲ ਪੁਲਿਸ ਦੀ ਸਿੱਧੀ ਭਾਈਵਾਲੀ ਰਹੀ ।

ਸੈਨਾ ਦੇ ਉਪਯੋਗ ਦੇ ਇਸ ਅਜੀਬੋ ਗਰੀਬ ਤਰੀਕੇ ਦੇ ਪਿੱਛੇ ਭਾਵੇਂ ਕੋਈ ਵੀ ਮਕਸਦ ਰਿਹਾ ਹੋਵੇ ਤੇ ਸੈਨਾ ਨੂੰ ਇੱਕ ਨਿਪੁੰਸਕ ਬਣਾਏ ਰੱਖਣ ਲਈ ਭਾਵੇਂ ਜੋ ਵੀ ਜਿੰਮੇਵਾਰ ਹੋਵੇ, ਸੈਨਾ ਦੇ ਮਨੋਬਲ ਤੇ ਐਸੀ ਨੀਤੀ ਦਾ ਅਨਰਥਕਾਰੀ ਪ੍ਰਭਾਵ ਪਿਆ । ਅਸੀਂ ਸੈਨਾ ਦੇ ਜਿਸ ਜਵਾਨ ਨਾਲ ਵੀ ਗੱਲ ਕੀਤੀ, ਸਾਰਿਆਂ ਨੇ ਸੈਨਾ ਨੂੰ ਜਿਸ ਤਰ੍ਹਾਂ ਕਮਜ਼ੋਰ ਬਣਾਇਆ ਗਿਆ, ਉਸਤੇ ਤਿੱਖੀ ਆਲੋਚਨਾ ਪ੍ਰਗਟ ਕੀਤੀ । ਰਾਸ਼ਟਰੀ ਪੁਲਿਸ ਕਮਿਸ਼ਨ ਦੀ ਛੇਂਵੀਂ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 'ਕੋਈ ਜ਼ਰੂਰਤ ਨਾ ਹੋਣ ਤੇ ਵੀ ਜਿਲਾ-ਅਧਿਕਾਰੀਆਂ ਦੁਆਰਾ ਉੱਪਰੋਂ ਨਿਰਦੇਸ਼ ਲੈਣ ਦੀ ਵੱਧਦੀ ਹੋਈ ਪਰਿਵਿਰਤੀ ਨੂੰ ਅਸੀਂ ਗਹਿਰਾਈ ਨਾਲ ਨੋਟ ਕਰਦੇ ਹਾਂ ।' ਐਸਾ ਜਾਹਿਰ ਨਹੀਂ ਹੁੰਦਾ ਹੈ ਕਿ ਦਿੱਲੀ ਦਾ ਨਾਗਰਿਕ ਪ੍ਰਸ਼ਾਸਨ-ਹਮਲਾਵਰਾਂ ਨੂੰ ਕੁਚਲੱਣ ਲਈ ਵਰਤਮਾਨ ਕਾਨੂੰਨਾਂ ਦੇ ਅੰਡਰ ਪੂਰੀ ਤਰ੍ਹਾਂ ਅਧਿਕਾਰ ਯੁਕਤ ਸੀ । ਉਦੋਂ ਵੀ ਉਸਨੇ ਇਨ੍ਹਾਂ ਅਧਿਕਾਰਾਂ ਦੇ ਸਹੀ ਵਰਤੋਂ ਦੀ ਕੋਈ ਜ਼ਰੂਰਤ ਮਹਿਸੂਸ ਨਹੀਂ ਕੀਤੀ । ਪ੍ਰਸ਼ਾਸਨ ਦੀ ਇਹ ਗਲਤੀ ਹਿੰਦੂ-ਮੁਸਲਮਾਨ ਦੰਗੇ ਜਾਂ ਉੱਤਰ-ਪੂਰਵ ਵਿੱਚ ਵਿਦਰੋਹ ਤੋਂ ਨਿਬੜਨ ਵਿੱਚ ਸੈਨਾ ਦੀ ਵਰਤੋਂ ਦੇ ਇੱਕਦਮ ਉਲਟ ਹੈ ।

ਇਨ੍ਹਾ ਸਵਾਲਾਂ ਦੀ ਜਾਂਚ ਦੀ ਜ਼ਰੂਰਤ ਹੈ ਕਿ ਕਿਉਂ ਨਾਗਰਿਕ ਪ੍ਰਸ਼ਾਸਨ ਵਿੱਚ ਇੱਕ ਹੀ ਤਰ੍ਹਾਂ ਦੀਆਂ ਗਲਤੀਆਂ ਦਾ ਪ੍ਰਦਰਸ਼ਨ ਕੀਤਾ, ਜਿਸ ਵਿੱਚ ਦੋਸ਼ੀ ਪੁਲਿਸ ਕਰਮਚਾਰੀਆਂ ਦੇ ਖਿਲਾਫ਼ ਕਾਰਵਾਈ ਕਰਨ ਵਿੱਚ ਲਗਾਤਾਰ ਅਸਫਲ ਅਤੇ ਸੈਨਾ ਨੂੰ ਸਹੀ ਢੰਗ ਨਾਲ ਬਹਾਲ ਕਰਨ ਵਿੱਚ ਅੜੀਅਲ ਜਾਂਚ ਦੇ ਲੱਛਣ ਮੌਜੂਦ ਸਨ । ਇਸਤੋਂ ਇਲਾਵਾ ਸਰਵੇ ਦੇ ਟਾਈਮ ਦੇ ਦੌਰਾਨ ਸੈਨਾ ਦੇ ਰੋਲ ਦੇ ਵਿਸ਼ਲੇਸ਼ਣ ਤੋਂ ਐਸੇ ਕੁਝ ਸਵਾਲ ਪੈਦਾ ਹੁੰਦੇ ਹਨ, ਜਿਨਾਂ ਦੀ ਜਵਾਬਦੇਹੀ ਪ੍ਰਸ਼ਾਸਨ ਤੇ ਸਰਕਾਰ ਦੇ ਪਦ ਸੱਤਾਧਾਰੀਆਂ ਨਾਲ ਤਲੱਬ ਕਰਨ ਦੀ ਜ਼ਰੂਰਤ ਹੈ । ਕਾਨੂੰਨ ਰਾਹੀਂ ਤੈਅ ਪ੍ਰਤੀਕ੍ਰਿਆ ਮੁਤਾਬਕ ਸੈਨਾ ਤੈਨਾਤ ਕਰਨ ਲਈ ਲੈਫ਼ਟੀਨੈਂਟ ਗਵਰਨਰ, ਗ੍ਰਹਿਮੰਤਰੀ ਨੂੰ ਬੇਨਤੀ ਕਰ ਸਕਦਾ ਹੈ, ਜੋ ਫਿਰ ਇਸਦੇ ਲਈ ਰੱਖਿਆ-ਮੰਤਰੀ ਨੂੰ ਕਹਿ ਸਕਦੇ ਹਨ । 31 ਅਕਤੂਬਰ ਨੂੰ ਨਵੇਂ ਮੰਤਰੀ ਮੰਡਲ ਨੇ ਸੌਂਹ ਚੁੱਕ ਲਈ ਸੀ । ਜਿਸ ਵਿੱਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਖੁੱਦ ਰੱਖਿਆ ਵਿਭਾਗ ਦੇ ਜਿੰਮੇਵਾਰ ਸੀ ਅਤੇ ਨਰਸਿਮ੍ਹਾ ਰਾਓ ਗ੍ਰਹਿਮੰਤਰੀ ਸੀ । ਅਸੀਂ ਜਾਨਣਾ ਚਾਹੁੰਦੇ ਹਾਂ ਕਿ ਦਿੱਲੀ ਵਿੱਚ ਕਾਨੂੰਨ ਅਤੇ ਪ੍ਰਬੰਧ ਦੇ ਵਿਗੜਦੇ ਹੋਏ ਹਾਲਾਤ ਵਿੱਚ ਜਦੋਂ 1 ਨਵੰਬਰ ਤੱਕ ਲੋਕਲ ਪੁਲਿਸ ਮਸ਼ੀਨਰੀ ਭਾਵੇਂ ਲਾਪਰਵਾਹੀ ਜਾਂ ਦੰਗਾਈਆਂ ਨਾਲ ਮਿਲੀ ਭਗਤ ਦੇ ਕਾਰਨ ਹਾਲਾਤ ਨੂੰ ਕੰਟਰੋਲ ਕਰਨ ਵਿੱਚ ਅਸਫ਼ਲ ਸਾਬਤ ਹੋ ਗਈ ਸੀ ਤਾਂ ਉਪਰਾਜਪਾਲ ਨੇ ਗ੍ਰਹਿ ਮੰਤਰਾਲੇ ਤੋਂ ਸੈਨਿਕ ਮਦਦ ਵਾਸਤੇ ਬੇਨਤੀ ਕੀਤੀ ਸੀ ਜਾਂ ਨਹੀਂ? ਜੇਕਰ ਉਨ੍ਹਾਂ ਨੇ ਇਸ ਤਰ੍ਹਾਂ ਦੀ ਬੇਨਤੀ ਕੀਤੀ ਤਾਂ ਕੀ ਇਹ ਉਨ੍ਹਾਂ ਦੀ ਜਿੰਮੇਵਾਰੀ ਨਹੀਂ ਸੀ ਕਿ ਜਿਵੇਂ ਹੀ ਪੁਲਿਸ ਦੀ ਅਸਫ਼ਲਤਾ ਜ਼ਾਹਿਰ ਹੋਈ (ਜੋ 1 ਨਵੰਬਰ ਤੱਕ

HINDU

HE HINDU, Thursday, March 19, 1987. *****3

Sikh orphans seek justice

NEW DELHI, March 18.

About 300 Sikh children orphaned during the 1984 riots participated in a procession organised by the All India Sikh Conference here to protest against the report of the Ranganath Mishra Commission.

The procession started from the Boat Club and marched up to the Gole Mahu Chowk where they were stopped by the police. Carrying placards stating "We want justice," the children wanted to go to the Prime Minister's residence.

The police, however, permitted only some children to accompany the general secretary of the All India Sikh Conference, Mr. Gurcharan Singh Babbar, to go to the Prime Minister's house to submit a memorandum. The memorandum demanded the arrest and prosecution of all responsible for the 1984 riots. — Our Staff Reporter.

ਕਾਫ਼ੀ ਸਾਫ਼ ਹੋ ਗਈ ਸੀ) ਤਾਂ ਸੈਨਾ ਤੈਨਾਤ ਕਰਵਾਈ ਜਾਂਦੀ । ਕੁੱਝ ਜਨ ਪ੍ਰਸ਼ਾਸਕਾਂ (ਜਿਵੇਂ ਸ੍ਰੀ ਗਵੱਈ) ਜਾਂ ਪੁਲਿਸ ਅਧਿਕਾਰੀਆਂ (ਜਿਵੇਂ ਦਿੱਲੀ ਪੁਲਿਸ ਕਮਿਸ਼ਨਰ ਸ੍ਰੀ ਸੁਭਾਸ਼ ਟੰਡਨ) ਨੂੰ ਹਟਾਕੇ ਕੇਂਦਰ ਦੀ ਸਰਕਾਰ ਕਿਸ ਤਰ੍ਹਾਂ ਨਾਗਰਿਕਾਂ ਦੇ ਪ੍ਰਤੀ ਆਪਣੀ ਜਿੰਮੇਵਾਰੀ ਤੋਂ ਛੁਟਕਾਰਾ ਪਾਣ ਅਤੇ ਕਾਨੂੰਨ ਅਤੇ ਪ੍ਰਬੰਧ ਬਣਾਏ ਰੱਖਣ ਦੇ ਕੰਮ ਤੋਂ ਮੂੰਹ ਮੋੜਣ ਦੇ ਆਰੋਪ ਤੋਂ ਬਰੀ ਹੋ ਸਕਦੀ ਹੈ, ਅਤੇ ਉਹ ਵੀ ਤੱਦ ਜਦੋਂਕਿ ਦੰਗੇ ਦੀ ਸੰਭਾਵਨਾ ਦੇ ਬਾਰੇ ਵਿੱਚ ਕਈ ਚਿਤਾਵਨੀਆਂ ਦਿੱਤੀਆਂ ਜਾ ਚੁੱਕੀਆਂ ਸਨ ।

ਹੁਣ ਇਹ ਸ਼ੱਕ ਪੈਦਾ ਹੁੰਦਾ ਹੈ ਕਿ ਪ੍ਰਸ਼ਾਸਨ ਤੇ ਕੈਬਨਿਟ ਨੇ ਆਪਣੀਆਂ ਜਿੰਮੇਵਾਰੀਆਂ ਨੂੰ ਤਿਆਗ ਦਿੱਤਾ ਸੀ ਅਤੇ ਗੈਰ ਪ੍ਰਸ਼ਾਸਕੀ ਤਾਕਤਾਂ ਸੈਨਾ ਦੀ ਬਹਾਲੀ ਅਤੇ ਕਾਰਵਾਈ ਨਿਰਧਾਰਿਤ ਕਰ ਰਹੀਆਂ ਸਨ । ਪ੍ਰਮੁੱਖ ਨਾਗਰਿਕਾਂ ਦਾ ਇੱਕ ਦਲ ਤ੍ਰਿਲੋਕਪੁਰੀ ਗਿਆ, ਜਿੱਥੇ ਵਿਆਪਕ ਖ਼ੂਨੀਕਾਂਡ ਤੋਂ ਬਾਦ ਬਚੇ ਡਰੇ ਹੋਏ ਲੋਕਾਂ ਨੇ ਉਨ੍ਹਾਂ ਨੂੰ ਦਖਲ-ਅੰਦਾਜ਼ੀ ਕਰਨ ਤੇ ਸੈਨਾ ਦੀ ਸੁਰੱਖਿਆ ਦਵਾਉਣ ਲਈ ਬੇਨਤੀ ਕੀਤੀ । ਤ੍ਰਿਲੋਕਪੁਰੀ ਦੇ ਪੀੜਤਾਂ ਦੀ ਬੇਨਤੀ ਪਹੁੰਚਾਣ ਲਈ ਪ੍ਰਸ਼ਾਸਨ ਤੇ ਕੈਬਨੇਟ ਦੇ ਕਈ ਤਰ੍ਹਾਂ ਦੇ ਲੋਕਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਦੇ ਰਹੇ । ਲੇਕਿਨ ਨਾ ਘਰ ਅਤੇ ਨਾ ਹੀ ਦਫ਼ਤਰ ਵਿੱਚ ਕੋਈ ਮੌਜੂਦ ਸੀ । ਇਹ ਉਮੀਦ ਕਰਕੇ ਕਿ ਵਿਰੋਧੀ ਸਾਂਸਦਾਂ ਦੀ ਅਧਿਕਾਰੀਆਂ ਦੇ ਕੋਲ ਪਹੁੰਚ ਹੋਵੇਗੀ, ਇਨ੍ਹਾਂ ਲੋਕਾਂ ਨੇ ਸ੍ਰੀ ਬੀਜੂ ਪਟਨਾਇਕ, ਸ੍ਰੀ ਜਾਰਜ ਫ਼ਰਨਾਂਡੀਜ਼, ਸ੍ਰੀ ਚੰਦਰਸ਼ੇਖਰ ਤੇ ਸ੍ਰੀ ਮਧੂ ਦੰਡਵਤੇ ਅਤੇ ਕਈ ਹੋਰਾਂ ਨਾਲ ਸੰਪਰਕ ਕੀਤਾ- ਸਾਰਿਆਂ ਨੇ ਉਨ੍ਹਾਂ ਨੂੰ ਇਹੀ ਕਿਹਾ ਕਿ ਮੰਤਰੀਆਂ ਤੇ ਅਧਿਕਾਰੀਆਂ ਨਾਲ ਸੰਪਰਕ ਕਰਨ ਦੀ ਵਾਰ-ਵਾਰ ਕੋਸ਼ਿਸ਼ਾਂ ਦਾ ਕੋਈ ਨਤੀਜਾ ਨਹੀਂ ਨਿਕਲਿਆ । ਅੰਤ ਵਿੱਚ ਘੋਰ ਨਿਰਾਸ਼ਾਜਨਕ ਹਾਲਾਤ ਵਿੱਚ ਉਹ ਸ੍ਰੀ ਮੱਧੂ ਦੰਡਵਤੇ ਦੇ ਨਾਲ ਪ੍ਰਧਾਨ ਮੰਤਰੀ ਦੇ ਸਰਕਾਰੀ ਨਿਵਾਸ- 1, ਸਫ਼ਦਰਜੰਗ ਰੋਡ ਗਏ, ਜਿੱਥੇ ਉਹ ਇੰਕਾ ਸਾਂਸਦ ਸ੍ਰੀ ਅਰੁਨ ਨਹਿਰੂ ਨੂੰ ਮਿਲੇ । ਜਦ ਉਨ੍ਹਾਂ ਨੇ ਤ੍ਰਿਲੋਕਪੁਰੀ ਦੇ ਨਿਵਾਸੀਆਂ ਦੀ ਬੇਨਤੀ ਦੇ ਬਾਰੇ ਵਿੱਚ ਕਿਹਾ ਤਾਂ ਅਰੁਨ ਨਹਿਰੂ ਨੇ ਕਿਹਾ ਕਿ ਉਹ ਸੈਨਾ ਤੈਨਾਤ ਕਰਨ ਲਈ 'ਵਾਇਰਲੈਸ ਸੰਦੇਸ਼' ਭੇਜ ਦੇਣਗੇ । ਇਸਤੋਂ ਬਾਦ ਹੀ ਤ੍ਰਿਲੋਕਪੁਰੀ ਵਿੱਚ ਸੈਨਾ ਭੇਜੀ ਗਈ । ਉਹ ਵੀ ਸਿਰਫ਼ ਗਸ਼ਤ ਲਗਾਣ ਲਈ । ਲੇਕਿਨ ਮਹੱਤਵਪੂਰਨ ਪ੍ਰਸ਼ਨ ਇਹ ਹੈ ਕਿ ਇੱਕ ਆਮ ਸਾਂਸਦ ਦੀ ਸੈਨਾ ਤੱਕ ਇੰਨੀ ਸੁਲਭ ਪਹੁੰਚ ਕਿਸ ਤਰ੍ਹਾਂ ਹੈ ।

ਕਾਂਗਰਸ (ਈ) ਦੀ ਭੂਮਿਕਾ :-

ਕਾਂਗਰਸ ਪਾਰਟੀ ਵਿੱਚ ਜਾਇਜ਼ ਪਦਅਧਿਕਾਰੀਆਂ ਦੇ ਬਜਾਏ ਇੰਕਾ ਦੇ ਕੁੱਝ ਪਰਸਨਲ ਨੇਤਾਵਾਂ ਨੇ ਖੁਦ ਫੈਸਲਾ ਲੈਣ ਦੇ ਅਧਿਕਾਰ ਅਖ਼ਤਿਆਰ ਕਰ ਲਏ । ਇਹ ਨਾ ਕੇਵਲ ਉਪਰ ਲਿਖੀਆਂ ਘਟਨਾਵਾਂ ਤੋਂ ਸਪਸ਼ਟ ਹੁੰਦਾ ਹੈ, ਬਲਕਿ ਦੰਗਾ-ਗ੍ਰਸਤ ਇਲਾਕਿਆਂ ਦੇ ਨਿਵਾਸੀਆਂ ਦੇ ਤਜਰਬਿਆਂ ਤੋਂ ਵੀ ਪ੍ਰਮਾਣਿਤ ਹੁੰਦਾ ਹੈ । ਸਾਨੂੰ ਹਿੰਦੂਆਂ ਤੇ ਸਿੱਖਾਂ, ਦੋਨਾਂ ਨੇ ਦਸਿਆ ਇਨ੍ਹਾਂ ਵਿੱਚ ਕਈ ਇੰਕਾ ਸਮਰਥਕ ਸੀ, ਕਿ ਇੰਕਾ ਨੇਤਾਵਾਂ ਨੇ ਦੰਗਾ ਕਰਾਉਣ ਵਿੱਚ ਨਿਰਣਾਇਕ ਭੂਮਿਕਾ ਨਿਭਾਈ । ਮੰਗੋਲਪੁਰੀ ਦੇ ਨਿਵਾਸੀਆਂ ਨੇ ਸਾਨੂੰ ਕਿਹਾ ਕਿ ਉਨ੍ਹਾਂ ਦੇ ਇੰਕਾ ਪਾਰਸ਼ਦ ਸ੍ਰੀ ਈਸ਼ਵਰ ਸਿੰਘ ਨੂੰ ਅਤੇ ਕਈ ਲੋਕਾਂ ਨੂੰ ਹਿੰਸਾ ਦੇ ਤਾਂਡਵ ਵਿੱਚ ਪੂਰਨ ਤੌਰ ਤੇ ਭਾਗ ਲੈਂਦੇ ਹੋਏ ਦੇਖਿਆ । ਲੋਕਲ ਨਿਵਾਸੀਆਂ ਨੇਦੱਸਿਆ ਕਿ ਇਹ ਸਾਰੇ ਲੋਕ ਇਲਾਕੇ ਦੇ ਇੰਕਾ ਸਾਂਸਦ ਸੱਜਣ ਕੁਮਾਰ ਦੇ ਚੇਲੇ ਸਨ । ਇਸੀ ਤਰ੍ਹਾਂ ਆਨੰਦ ਪਰਬਤ ਵਿੱਚ ਇੰਕਾ ਦੇ ਪਾਰਸ਼ਦ ਜਿਵੇਂ ਭੈਰਵ, ਮਹੇਂਦਰ ਤੇ ਮੰਗਤਰਾਮ ਨੂੰ ਮੁੱਖ ਅਪਰਾਧੀ ਦੱਸਿਆ ਜਾਂਦਾ ਹੈ, ਜੋ ਕਿ ਇੰਕਾ ਸਾਂਸਦ ਸ੍ਰੀ ਧਰਮਦਾਸ ਸ਼ਾਸਤਰੀ ਦੇ ਵਫ਼ਾਦਾਰ ਸਮਰੱਥਕ ਸਮਝੇ ਜਾਂਦੇ ਸੀ । ਪ੍ਰਕਾਸ਼ ਨਗਰ ਵਿੱਚ ਇੰਕਾ ਦੇ ਲੋਕ ਵੋਟਰ ਸੂਚੀ ਲੈਕੇ ਸਿੱਖਾ ਦੇ ਘਰਾਂ ਦੀ ਪਹਿਚਾਣ ਕਰ ਰਹੇ ਸਨ । ਫਿਰਗਾਂਧੀ ਨਗਰ ਇਲਾਕੇ ਵਿੱਚ ਵੀ ਪੀੜਤਾਂ ਨੇ ਇੱਕ ਲੋਕਲ ਇੰਕਾ ਪਾਰਸ਼ਦ ਸੁਖਨ ਲਾਲ ਨੂੰ ਹਮਲਾਵਰਾਂ ਦਾ ਮੁੱਖ ਨੇਤਾ ਦੱਸਿਆ । ਇਨ੍ਹਾਂ ਇਲਾਕਿਆਂ ਦੇ ਬਚੇ ਹੋਏ ਲੋਕਾਂ ਨੇ ਦਸਿਆ ਕਿ ਦੰਗੇ ਦੇ ਪਿੱਛੇ ਇਲਾਕੇ ਦੇ ਇੰਕਾ ਸਾਂਸਦ ਸ੍ਰੀ ਐਚ. ਕੇ. ਐਲ. ਭਗਤ ਦਾ ਹੱਥ ਸੀ । 1 ਨਵੰਬਰ

Patriot

EDNESDAY, MAY 24, 1989



Sikh widows and children, victims of the November 1984 riots demonstrating outside the residence of Lt. Governor, Romesh Bhandari on Tuesday, demanding rehabilitation — Patriot Photo.

ਨੂੰ ਯੁਵਾ ਕਾਂਗਰਸ (ਈ) ਦੇ ਇੱਕ ਨੇਤਾ ਸਤਬੀਰ ਸਿੰਘ (ਜਾਟ) ਨੇ ਬੇਰ ਸਰਾਏ ਵਿੱਚ ਲੋਕਾਂ ਨੂੰ ਬਸਾਂ ਤੇ ਲਿਆਕੇ ਮੁਨੀਰਕਾ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੀ ਇਮਾਰਤ ਤੇ ਬੱਸਾਂ ਜਲਾਈਆਂ ਅਤੇ ਸਾਰੀ ਰਾਤ ਸਿੱਖਾਂ ਤੇ ਹਮਲੇ ਤੇ ਲੁੱਟਮਾਰ ਕਰਦੇ ਰਹੇ । ਇੰਕਾ ਪਾਰਸ਼ਦ ਜਗਦੀਸ਼ ਟੋਕਾਸ ਦੀ ਅਗਵਾਈ ਵਿੱਚ ਇੱਕ ਹੋਰ ਦੱਲ ਸਫ਼ਦਰਜੰਗ,

ਕਿਦਵਈ ਨਗਰ ਇਲਾਕੇ ਵਿੱਚ ਸਭ ਸਿੱਖ ਰਾਹਗੀਰਾਂ, ਬੱਸ ਡਰਾਈਵਰਾਂ ਤੇ ਕੰਡਕਟਰਾਂ ਤੇ ਹਮਲਾ ਸ਼ੁਰੂ ਹੋਇਆ ਤਾਂ ਉਸ ਵਕਤ ਇਲਾਕੇ ਦੇ ਇੰਕਾ ਪਾਰਸ਼ਦ ਅਰਜਨਦਾਸ ਦੀ ਮੌਜੂਦਗੀ ਦੀ ਪੁਸ਼ਟੀ ਕੀਤੀ ਗਈ । ਇਹ ਉਨ੍ਹਾਂ ਅੱਖੀਂ ਡਿਠਿਆਂ ਨੇ ਦੱਸਿਆ ਜੋ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਦੇ ਸਾਹਮਨੇ ਖੜੇ ਸਨ । ਜਦ 31 ਅਕਤੂਬਰ ਦੀ ਸ਼ਾਮ ਸ੍ਰੀਮਤੀ ਇੰਦਰਾ ਗਾਂਧੀ ਦੇ ਮ੍ਰਿਤਕ ਸ਼ਰੀਰ ਦਾ ਜਲੂਸ ਕੱਢਿਆ ਗਿਆ ਸੀ ।

ਜਿਨਾਂ ਇਲਾਕਿਆਂ ਦਾ ਸਰਵੇ ਕੀਤਾ, ਉੱਥੋਂ ਦੇ ਰਿਹਾਇਸ਼ੀਆਂ ਰਾਹੀਂ ਇਨ੍ਹਾਂ ਬੰਦਿਆਂ ਦੇ ਖਿਲਾਫ਼ ਬਾਰ-ਬਾਰ ਲਗਾਏ ਜਾਣ ਵਾਲੇ ਦੋਸ਼ਾਂ ਨੂੰ ਰਾਜਨੀਤੀ ਪ੍ਰੇਰਿਤ ਦੋਸ਼ੀ ਕਹਿਕੇ ਖਾਰਿਜ ਨਹੀਂ ਕੀਤਾ ਜਾ ਸਕਦਾ ਹੈ, ਕਿਉਂਕਿ ਦੰਗਿਆਂ ਵਿੱਚ ਮਿਲੀ ਭਗਤ ਦਾ ਦੋਸ਼ ਲਗਾਣ ਵਾਲੇ ਸਿੱਖਾਂ ਵਿੱਚੋਂ ਕਈ ਇੱਕ ਪਰੰਪਰਾਗਤ ਤੌਰ ਤੇ ਕਾਂਗਰਸ ਨੂੰ ਵੋਟ ਦਿੰਦੇ ਰਹੇ ਹਨ । ਤ੍ਰਿਲੋਕਪੁਰੀ ਤੇ ਮੰਗੋਲਪੁਰੀ ਪੁਨਰਵਾਸ ਕਾਲੋਨੀਆਂ ਦੇ ਪੀੜਤਾਂ ਨੂੰ ਜਦੋਂ ਮਿਲੇ ਤਾਂ ਕਾਠ ਮਾਰੇ ਅਤੇ ਹਾਲਾਤ ਨੂੰ ਨਾ ਸਮਝ ਸਕਣ ਵਿੱਚ ਅਸਮਰਥ, ਉਨ੍ਹਾਂ ਨੇ ਕਿਹਾ ਕਿ 'ਹਮੋਂ ਇੰਦਰਾ ਜੀ ਨੇ ਘਰ ਦੀਏ ਥੇ । ਹਮਨੇ ਹਮੇਸ਼ਾਂ ਉਨਕੀ ਪਾਰਟੀ ਕੋ ਵੋਟ ਦੀਆ । ਹਮ ਪਰ ਕਿਉਂ ਹਮਲਾ ਕੀਆ ਗਿਆ ?'

ਜਿਨ੍ਹਾਂ ਇੰਕਾ ਨੇਤਾਵਾਂ ਦਾ ਜ਼ਿਕਰ ਉੱਤੇ ਕੀਤਾ ਗਿਆ ਹੈ ਉਨ੍ਹਾਂ ਦੀ ਦੰਗਿਆਂ ਵਿੱਚ ਹਿੱਸੇਦਾਰੀ ਦੇ ਹੋਰ ਸੰਕੇਤ ਉਦੋਂ ਮਿਲੇ ਜਦੋਂ ਅਸੀਂ ਸੁਣਿਆ ਕਿ ਇਨ੍ਹਾਂ ਇਲਾਕਿਆਂ ਦੇ ਇੰਕਾ ਸਾਂਸਦ ਲੋਕਲ ਪੁਲਿਸ ਸਟੇਸ਼ਨਾਂ ਤੇ ਉਨ੍ਹਾਂ ਅਪਰਾਧੀਆਂ ਨੂੰ ਰਿਹਾ ਕਰਾਉਣ ਲਈ ਦਬਾਅ ਪਾ ਰਹੇ ਸਨ-ਜਿਨ੍ਹਾਂ ਨੂੰ 3-4 ਨਵੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ । ਜਿਨ੍ਹਾਂ ਲੋਕਾਂ ਕੋਲ ਲੁੱਟੀ ਹੋਈ ਸੰਪਤੀ ਬਰਾਮਦ ਕੀਤੀ ਗਈ ਸੀ, ਉਨ੍ਹਾਂ ਦੇ ਖਿਲਾਫ਼ ਪੁਲਿਸ ਦੇ 'ਗਲਤ ਰਵੱਈਏ ਦੀ ਸ਼ਿਕਾਇਤ ਕਰਨ ਲਈ 5 ਨਵੰਬਰ ਨੂੰ ਸ੍ਰੀ ਧਰਮਦਾਸ ਸ਼ਾਸਤਰੀ ਕਰੋਲ ਬਾਗ ਪੁਲਿਸ ਸਟੇਸ਼ਨ ਗਏ । (ਇੰਡੀਅਨ ਐਕਸਪ੍ਰੈਸ 6 ਨਵੰਬਰ, 1984) ਸ੍ਰੀ ਸ਼ਾਸਤਰੀ ਨੇ ਇਸ ਖਬਰ ਨੂੰ ਝੂਠਾ ਦਸਿਆ ਹੈ । ਇਸੀ ਵਕਤ ਇੰਕਾ ਦੇ ਇੱਕ ਹੋਰ ਸਾਂਸਦ ਸ੍ਰੀ ਐਚ. ਕੇ. ਐਲ. ਭਗਤ ਗਾਂਧੀ ਨਗਰ ਪੁਲਿਸ ਸਟੇਸ਼ਨ ਦੁਆਰਾ ਗ੍ਰਿਫ਼ਤਾਰ ਕਈ ਅਪਰਾਧੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ । ਪੁਲਿਸ ਦੇ ਸਾਹਮਣੇ ਹਾਜ਼ਰ ਪਰੇਸ਼ਾਨੀ ਦੇ ਬਾਰੇ ਵਿੱਚ ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ 'ਸ਼ੇਰ ਪਿੰਜਰੇ ਸੇ ਨਿਕਾਲ ਦੀਆ, ਫਿਰ ਕਹਤੇ ਹੈਂ, ਪਕੜ ਕੇ ਲਾਓ ।' ਕੋਣ ਉਨਹੋਂ ਰਿਹਾ ਕਰ ਰਹਾ ਹੈ, ਇਹ ਪੁੱਛਣ ਤੇ ਉਨ੍ਹਾਂ ਨੇ ਅਰਥ ਪੂਰਨ ਮੁਸਕਾਨ ਨਾਲ ਜਵਾਬ ਦਿੱਤਾ ।

ਉਸੀ ਅਧਿਕਾਰੀ ਨੇ ਸਾਨੂੰ ਦੱਸਿਆ ਕਿ ਜਦੋਂ ਕੁੱਝ ਇੰਕਾ ਨੇਤਾ ਅਪਣੇ ਸਮਰਥੱਕਾਂ ਨੂੰ ਛੁਡਾਣ ਲਈ ਪੁਲਿਸ ਸਟੇਸ਼ਨ ਆਏ ਤਾਂ ਲੁੱਟੀ ਹੋਈ ਸੰਪਤੀ ਬਰਾਮਦ ਕਰਨ ਲਈ ਕੁੱਝ ਘਰਾਂ ਵਿੱਚ ਛਾਪਾ ਮਾਰਣ ਲਈ ਉਨ੍ਹਾਂ ਨੂੰ ਇੱਕ ਪੁਲਿਸ ਦਲ ਦਾ ਸਾਥ ਦੇਣ ਲਈ ਕਿਹਾ ਗਿਆ । ਜਦ ਉਨ੍ਹਾਂ ਨੂੰ ਕਿਹਾ ਗਿਆ ਕਿ ਉਨ੍ਹਾਂ ਨੂੰ ਗਵਾਹ ਬਣਨਾ ਪਵੇਗਾ ਤਾਂ ਇਨ੍ਹਾਂ ਨੇਤਾਵਾਂ ਨੇ ਸਾਥ ਦੇਣ ਤੋਂ ਮਨਾ ਕਰ ਦਿੱਤਾ ।

ਐਸੀਆਂ ਘਟਨਾਵਾਂ ਵੀ ਸੁਣੀਆਂ ਜਦਕਿ ਇੰਕਾ ਨੇਤਾਵਾਂ ਦੇ ਨਜ਼ਦੀਕੀ ਸਿੱਖਾਂ ਨੂੰ ਵੀ ਨਹੀਂ ਬਖਸ਼ਿਆ ਗਿਆ । ਇੱਕ ਐਸੇ ਬਜ਼ੁਰਗ ਸਿੱਖ ਨੂੰ ਮਿਲੇ ਜੋ ਆਪਣੇ ਆਪ ਨੂੰ ਇੱਕ ਪੁਰਾਣਾ ਕਾਂਗਰਸੀ ਕਹਿੰਦਾ ਸੀ, ਫਿਰ ਵੀ ਹਮਲਾਵਰਾਂ ਨੇ ਉਨ੍ਹਾਂ ਦੀ ਦੁਕਾਨ ਵਿੱਚ ਅੱਗ ਲਗਾ ਦਿੱਤੀ । ਉਨ੍ਹਾਂ ਨੇ ਕਿਹਾ ਕਿ ਉਹ

ਨਵੰਬਰ 1984 ਦੇ ਸੈਂਕੜੇ ਦੰਗਾ ਪੀੜਤ ਪਾਰਲੀਮੈਂਟ ਦੇ ਬਾਹਰ ਬੋਟ ਕਲਬ ਤੇ ਕਾਂਗਰਸ ਪਾਰਟੀ ਦੇ ਵੱਡੇ ਅਤੇ ਦੋਸ਼ੀ ਨੇਤਾ ਸਾਬਕਾ ਕੇਂਦਰੀ ਮੰਤਰੀ ਐਚ.ਕੇ.ਐਲ. ਭਗਤ ਅਤੇ ਸਾਬਕਾ ਕੇਂਦਰੀ ਮੰਤਰੀ ਜਗਦੀਸ਼ ਟਾਈਟਲਰ ਅਤੇ ਕਾਂਗਰਸ ਐਮ ਪੀ ਸਜੱਣ ਕੁਮਾਰ ਦੇ ਪੁਤਲੇ ਸਾੜਦੇ ਹੋਏ।

ਜਾਣਦੇ ਹਨ ਕਿ ਅਪਰਾਧੀ ਕੌਣ ਸੀ । ਜਦੋਂ ਉਨ੍ਹਾਂ ਕੋਲੋਂ ਪੁਛਿਆ ਗਿਆ ਕਿ ਉਹ ਪੁਲਿਸ ਵਿੱਚ ਕਿਉਂ ਨਹੀਂ ਸ਼ਿਕਾਇਤ ਕਰਦੇ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਉਹ ਸਹੀ ਵਕਤ ਤੇ ਇੰਝ ਕਰਨਗੇ ।

ਸ੍ਰੀ ਸੱਜਣ ਕੁਮਾਰ ਦੇ ਸੈਕਟਰੀ ਨੇ, "ਇਸ ਅੱਗਜ਼ਨੀ ਦੇ ਪਿੱਛੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਵਰਕਰਾਂ ਦਾ ਹੱਥ ਹੋਣ ਦਾ ਸੰਕੇਤ ਦਿੱਤਾ ।" ਲੇਕਿਨ ਉਨ੍ਹਾਂ ਨੇ ਸੰਘ ਦੇ ਕਿਸੀ ਖਾਸ ਨੇਤਾ ਜਾਂ ਵਰਕਰ ਦਾ ਨਾਂ ਨਹੀਂ ਦੱਸਿਆ । ਦਿੱਲੀ ਦੇ ਇੱਕ ਸਿੱਖ ਇੰਕਾ ਸਾਂਸਦ ਚਰਨਜੀਤ ਸਿੰਘ ਨੂੰ ਦੱਸ ਕਰੋੜ ਰੁਪਏ ਦਾ ਨੁਕਸਾਨ ਹੋਇਆ ਕਿਉਂਕਿ ਉਨ੍ਹਾਂ ਦੀ ਕੋਲਡ ਡਰਿੰਕਸ ਦੀ ਫੈਕਟਰੀ ਜਲਾ ਦਿੱਤੀ ਗਈ ।

ਆਪਣਾ ਤਜ਼ਰਬਾ ਦਸਦੇ ਹੋਏ ਸ੍ਰੀ ਸਿੰਘ ਨੇ ਕਿਹਾ ਕਿ "ਮੈਨੇ ਯੇਹ ਬਤਾਨੇ ਕੇ ਲੀਏ ਲੈਫ਼ਟੀਨੈਂਟ ਗਵਰਨਰ ਤੇ ਪੁਲਿਸ ਨੂੰ ਕਈ ਵਾਰ ਫ਼ੋਨ ਕੀਤਾ ਕਿ 'ਭੀੜ ਹਮਾਰਾ ਕਾਰਖਾਨਾ ਜਲਾ ਰਹੀ ਹੈ, ਮੁਝੇ ਕਹਾ ਗਿਆ ਕਿ ਸੈਨਾ ਭੇਜੀ ਜਾ ਰਹੀ ਹੈ, ਲੇਕਿਨ ਵੋਹ ਕਭੀ ਨਹੀਂ ਆਈ ।' ਉਨਾਂ ਨੇ ਇਹ ਵੀ ਦਸਿਆ ਕਿ ਉਹ ਆਪਣੇ ਵੋਟਰਾਂ ਦੇ ਪ੍ਰਤੀ ਅਸਫ਼ਲ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਕਿਸੀ ਤਰ੍ਹਾਂ ਦੀ ਮਦਦ ਦੇਣ ਤੋਂ ਮਨਾ ਕਰ ਦਿੱਤਾ ਗਿਆ ।

ਇੰਝ ਲਗਦਾ ਹੈ ਕਿ ਉੱਚ ਪੱਧਰ ਦੇ ਨਿਰਣਾਇਕਾਂ ਨੇ ਪ੍ਰਸ਼ਾਸਨ ਤੇ ਇਹ ਦਬਾਅ ਪਾਇਆ ਹੈ ਕਿ ਕਥਿਤ ਅਪਰਾਧੀਆਂ ਦੇ ਨਾਲ ਉਦਾਰਤਾ ਨਾਲ ਵਰਤਾਓ ਕੀਤਾ ਜਾਵੇ । ਪ੍ਰਭਾਵਿਤ ਇਲਾਕਿਆਂ ਦੇ ਪੁਲਿਸ ਸਟੇਸ਼ਨਾਂ ਤੋਂ ਕੀਤੀ ਗਈ ਪੁੱਛ-ਗਿੱਛ ਤੋਂ ਪਤਾ ਚਲਦਾ ਹੈ ਕਿ ਪੁਲਿਸ ਨੇ ਇਹ ਅਨਾਊਂਸਮੈਂਟ ਕੀਤੀ ਕਿ 'ਜਿਨਕੇ ਪਾਸ ਲੂਟੀ ਹੂਈ ਸੰਪਤੀ ਹੈ, ਵੇ ਏਕ ਨਿਸ਼ਚਿਤ ਸਮੇ ਅਵਧੀ ਮੇ ਇਸੇ ਜਮਾਂ ਕਰਾ ਦੇ ਤੋ ਉਨਕੇ ਖਿਲਾਫ਼ ਕੋਈ ਕਾਰਵਾਈ ਨਹੀਂ ਕੀ ਜਾਏਗੀ । ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਇਸਨੂੰ ਮਦਦ ਲਈ ਸਵੈ-ਇੱਛਕ ਜਮਾਂ ਯੋਜਨਾਂ ਦੱਸਿਆ । ਸਾਨੂੰ ਲਗਦਾ ਹੈ ਕਿ ਨਿਆਂ ਦਿਵਾਉਣ ਦਾ ਇਹ ਇੱਕ ਵਚਿੱਤਰ ਤਰੀਕਾ ਹੈ । ਲੁਟੇਰਿਆਂ ਤੋਂ ਲੁੱਟ ਦਾ ਮਾਲ ਬਰਾਮਦ ਕਰਨਾ, ਉਸਨੂੰ ਸਜਾ ਦਿਵਾਉਣ ਦੀ ਜਗ੍ਹਾ ਨਹੀਂ ਲੈ ਸਕਦਾ । ਅਪਰਾਧੀਆਂ ਨਾਲ ਨਿਪਟਣ ਦੇ ਇਸ ਅਨੋਖੇ ਤਰੀਕੇ ਦੇ ਮਾਮਲੇ ਵਿੱਚ ਅਧਿਕਾਰੀਆਂ ਦੁਆਰਾ ਕਿਸੀ ਵਿਸ਼ਵਾਸਪਾਤਰ ਸਪਸ਼ਟੀਕਰਣ ਦੇ ਅਭਾਵ ਵਿੱਚ ਸਾਨੂੰ ਇਹ ਸ਼ੱਕ ਹੁੰਦਾ ਹੈ ਕਿ ਅਪਰਾਧੀਆਂ ਨੂੰ ਬਚਾਣ ਲਈ ਇਹ ਕੁੱਝ ਪ੍ਰਭਾਵਸ਼ਾਲੀ ਤਾਕਤਾਂ ਦੀ ਇੱਕ ਨਾਪੀ ਤੋਲੀ ਯੋਜਨਾ ਹੈ ।

ਇੰਕਾ ਹਾਈਕਮਾਂਡ ਰਾਹੀਂ ਆਪਣੇ ਪਾਰਸ਼ਦਾਂ ਅਤੇ ਦੂਜੇ ਨੇਤਾਵਾਂ ਦੇ ਖਿਲਾਫ਼ ਦੋਸ਼ਾਂ ਦੀ ਜਾਂਚ ਕਰਾਉਣ ਦੀ ਅਨਇੱਛਾ ਤੋਂ ਉੱਪਰ ਦੱਸੇ ਗਏ ਸਾਡੇ ਸ਼ੱਕਾਂ ਨੂੰ ਹੋਰ ਬੱਲ ਮਿਲਦਾ ਹੈ । ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਅਪਣੇ ਦਲ ਦੇ ਮੈਂਬਰਾਂ ਦੇ ਖਿਲਾਫ਼ ਲਗਾਏ ਗੰਭੀਰ ਦੋਸ਼ਾਂ ਨੂੰ ਖਾਰਜ ਕਰਨ ਲਗਦੇ ਹਨ । 6 ਨਵੰਬਰ ਨੂੰ ਸ੍ਰੀ ਰਾਜੀਵ ਗਾਂਧੀ ਨੂੰ ਮਿਲਣ ਗਏ ਵਿਰੋਧੀ ਨੇਤਾਵਾਂ ਵਿੱਚੋਂ ਸ੍ਰੀ ਚਰਨ ਸਿੰਘ ਨੇ ਜਦੋਂ ਪ੍ਰਧਾਨ ਮੰਤਰੀ ਦਾ ਧਿਆਨ ਕੁੱਝ ਦਿਨ ਪਹਿਲਾਂ ਇੰਡੀਅਨ ਐਕਸਪ੍ਰੈਸ ਵਿੱਚ ਛਪੀ ਇਸ ਖਬਰ ਵਲ ਦਵਾਇਆ ਕਿ ਇੰਕਾ ਦੇ ਲੋਕ ਆਪਣੇ ਸਮਰੱਥਕਾਂ ਨੂੰ ਛੁਡਾਣ ਲਈ ਪੁਲਿਸ ਤੇ ਦਬਾਅ ਪਾ ਰਹੇ ਹਨ ਤਾਂ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਉਨ੍ਹਾਂ ਨੇ ਇਸ ਦੇ ਬਾਰੇ ਵਿੱਚ ਸੁਣਿਆ ਹੈ । ਇਸਤੋਂ ਬਾਦ ਉਨ੍ਹਾਂ ਨੇ ਕਿਹਾ ਕਿ ਜਿਵੇਂ ਨੈਸ਼ਨਲ ਹੈਰਾਲਡ ਇੰਕਾ ਦਾ ਅਖ਼ਬਾਰ ਹੈ, ਉਂਝ ਹੀ ਇੰਡੀਅਨ ਐਕਸਪ੍ਰੈਸ ਵਿਰੋਧੀਆਂ ਦਾ ਅਖ਼ਬਾਰ ਹੈ । ਦੂਜੇ ਉਸ ਦਿਨ ਅਖਿਲ ਭਾਰਤੀ ਕਾਂਗਰਸ (ਈ) ਕਮੇਟੀ ਦੇ ਹੈਡ-ਆਫ਼ਿਸ ਤੋਂ ਇਹ ਬਿਆਨ ਜਾਰੀ ਹੋਇਆ ਕਿ ਇਹ ਦੋਸ਼ ਦੁਰਭਾਵਨਾਪੂਰਨ ਹੈ ।

ਇਹ ਮੰਨਣਾ ਮੁਸ਼ਕਿਲ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਪੂਰੇ ਪੰਜ ਦਿਨ (31 **ਅਕਤੂਬਰ** ਤੋਂ 5 ਨਵੰਬਰ ਤੱਕ) ਆਪਣੇ ਦਲ ਦੇ ਪ੍ਰਮੁੱਖ ਤੇ ਮੰਨੇ-ਪਰਮੰਨੇ ਮੈਂਬਰਾਂ ਦੀਆਂ ਗਤੀਵਿਧੀਆਂ ਤੋਂ ਅਣਜਾਨ ਹੋਣਗੇ । ਸ੍ਰੀ ਗਾਂਧੀ 1982 ਤੋਂ ਅਖਿਲ ਭਾਰਤੀ ਕਾਂਗਰਸ (ਈ) ਕਮੇਟੀ ਦੇ ਜਨਰਲ ਸੈਕਟਰੀ ਤੇ ਦਲ ਦੇ

ਸਾਬਕਾ ਕੇਂਦਰੀ ਮੰਤਰੀ ਸ਼੍ਰੀ ਸੁਬਰਾਮਣੀਅਮ ਸਵਾਮੀ ਬੋਟ ਕਲਬ ਤੇ ਦੰਗਾ ਪੀੜਤਾਂ ਦੀ ਇਕ ਵੱਡੀ ਰੈਲੀ ਵਿੱਚ ਕਾਂਗਰਸ ਪਾਰਟੀ ਦੇ ਹਥਿਆਰੇ ਨੇਤਾਵਾਂ ਦੇ ਖਿਲਾਫ ਜਬਰਦਸਤ ਆਵਾਜ਼ ਬੁਲੰਦ ਕਰਦੇ ਹੋਏ।

ਪੁਨਰਗਠਨ ਦੇ ਸੰਯੋਜਕ ਰਹੇ ਹਨ । ਉਹ ਅਲੱਗ-ਅਲੱਗ ਜਗ੍ਹਾ ਤੇ ਇੰਕਾ ਵਰਕਰਾਂ ਦੇ ਤਿਆਰੀ ਕੈਂਪਾਂ ਦੀ ਪ੍ਰਧਾਨਗੀ ਕਰਦੇ ਰਹੇ ਹਨ । ਸਾਨੂੰ ਹੈਰਾਨੀ ਹੁੰਦੀ ਹੈ ਕਿ ਇਨ੍ਹਾਂ ਸਾਰੀਆਂ ਸਿੱਖਿਆ ਪ੍ਰੋਗਰਾਮਾਂ ਤੋਂ ਬਾਦ ਸ੍ਰੀਮਤੀ ਗਾਂਧੀ ਦੇ ਦਲ ਦੇ ਵਰਕਰ ਕਿਸ ਤਰ੍ਹਾਂ ਐਸੇ ਖ਼ੂਨੀ ਆਵੇਸ਼ ਤੇ ਉਤਾਰੂ ਹੋ ਗਏ ।

ਸੰਚਾਰ ਮੀਡੀਆ ਤੇ ਵਿਰੋਧੀਆਂ ਦੀ ਭੂਮਿਕਾ :-

ਹਾਲਾਂਕਿ ਦੰਗਿਆਂ ਦੇ ਦੌਰਾਨ ਮੀਡੀਆ ਦੀ ਭੂਮਿਕਾ ਦੀ ਚਰਚਾ ਕਰਨਾ ਨਹੀਂ ਚਾਹੁੰਦੇ, ਲੇਕਿਨ ਇਸ ਬਾਰੇ ਵਿੱਚ ਕੁੱਝ ਸ਼ਬਦ ਕਹਿਣਾ ਅਪ੍ਰਸੰਗਿਕ ਨਹੀਂ ਹੋਵੇਗਾ । ਅਲੱਗ-ਅਲੱਗ ਅਖਬਾਰ ਗੁਟਾਂ ਰਾਹੀਂ ਪਹਿਲੇ ਦਿਨ 31 ਅਕਤੂਬਰ ਦੀ ਸ਼ਾਮ ਨੂੰ ਕੱਢੇ ਗਏ ਬੁਲੇਟਿਨ ਵਿੱਚ ਕਿਹਾ ਗਿਆ ਕਿ ਹਮਲਾਵਰਾਂ ਵਿੱਚ ਦੋ ਸਿੱਖ ਤੇ ਇੱਕ ਮੋਨਾ ਸਿੱਖ ਸੀ । ਰਿਪੋਰਟਰਾਂ ਨੇ ਇਹ ਨਹੀਂ ਦਸਿਆ ਕਿ ਇਹ ਖਬਰ ਉਪਚਾਰਕ ਜਾਂ ਅਨਉਪਚਾਰਕ ਕਿਹੜੇ ਸਾਧਨਾਂ ਤੋਂ ਲਈ ਗਈ ਹੈ । ਨਾ ਹੀ ਇਹ ਸਾਫ਼ ਸੀ ਕਿ ਕਿਸ ਤਰ੍ਹਾਂ ਇੱਕ ਹਜਾਮਤ ਕੀਤੇ ਸਿੱਖ ਨੂੰ ਸਿੱਖ ਦੇ ਰੂਪ ਵਿੱਚ ਪਹਿਚਾਣਿਆ ਗਿਆ । ਦੂਜੇ ਦਿਨ ਅਤੇ ਹੋਰ ਦਿਨਾਂ ਦੀ ਰਿਪੋਰਟ ਵਿੱਚ ਦੱਸਿਆ ਗਿਆ ਕਿ ਕੇਵਲ ਦੋ ਸਿੱਖ ਹੀ ਹਮਲਾਵਰ ਸੀ । ਪਹਿਲੇ ਦੱਸੇ ਗਏ ਤੀਜੇ ਦਾ ਕੀ ਹੋਇਆ? ਕਿਸੀ ਅਖਬਾਰ ਨੇ ਹੁਣ ਤੱਕ ਇਸ ਤਰਕ ਦੀ ਸਫ਼ਾਈ ਨਹੀਂ ਦਿੱਤੀ ।

ਲੇਕਿਨ ਤੱਤਕਾਲਿਕ ਮਹੱਤਵ ਦਾ ਸਵਾਲ ਇਹ ਹੈ ਕਿ ਕੀ ਸੰਚਾਰ ਸਾਧਨਾਂ ਨੂੰ ਉਸੀ ਵਕਤ ਹਮਲਾਵਰਾਂ ਨੂੰ ਸਿੱਖ ਦਸਣਾ ਚਾਹੀਦਾ ਸੀ? ਪੰਜਾਬ ਦੇ ਹਾਲਾਤ ਦੇ ਪਿਛੋਕੜ ਨੂੰ ਦੇਖਦੇ ਹੋਏ ਇੱਕ ਵਰਗ ਦਾ ਨਾਂ ਲੈ ਕੇ ਇਸ ਤਰ੍ਹਾਂ ਵਰਨਣ ਕਰਨਾ ਸੰਪਰਦਾਇਕ ਭਾਵਨਾ ਤੇ ਘਿਰਣਾ ਨੂੰ ਭੜਕਾਣਾ ਹੀ ਸੀ । ਇਸ ਵਿਸ਼ੇ ਵਿੱਚ ਨਵੀਂ ਦਿੱਲੀ ਵਿੱਚ ਨਵੰਬਰ 1970 ਵਿੱਚ ਪ੍ਰੈਸ ਇੰਸਟੀਚਿਊਟ ਆਫ਼ ਇੰਡੀਆ ਤੇ ਭਾਰਤ ਸਰਕਾਰ ਦੇ ਪ੍ਰੈਸ ਇਨਫ਼ਾਰਮੇਸ਼ਨ ਬਿਊਰੋ ਦੇ ਜਾਇੰਟ ਤੱਤਾਂ ਵਿੱਚ ਸੰਪਰਦਾਇਕ ਲੇਖਨ ਦੇ ਸੰਬੰਧ ਵਿੱਚ ਆਯੋਜਿਤ ਸੈਮੀਨਾਰ ਦੀਆਂ ਸਿਫ਼ਾਰਸ਼ਾਂ ਦੀ ਚਰਚਾ ਕਰਨਾ ਪ੍ਰਾਸੰਗਿਕ ਹੋਵੇਗਾ । ਇਹ ਸੁਝਾਇਆ ਗਿਆ ਸੀ ਕਿ ਖਬਰਾਂ ਦੇ ਸਿੱਧੇ-ਸਿੱਧੇ ਛੱਪ ਜਾਣ ਕਰਕੇ ਹਾਲਾਤ ਵਿਗੜ ਸਕਦੇ ਹਨ, ਉਨ੍ਹਾਂ ਨੂੰ ਕੁੱਝ ਨਿਰਧਾਰਤ ਸਮੇਂ ਦੇ ਬਾਦ ਪ੍ਰਕਾਸ਼ਿਤ ਕੀਤਾ ਜਾਣਾ ਚਾਹੀਦਾ ਹੈ ।

ਇਹ ਵੀ ਸਾਜਿਸ਼ਪੂਰਨ ਹੈ ਕਿ ਦੂਰਦਰਸ਼ਨ ਨੇ ਤਿੰਨ-ਮੂਰਤੀ ਤੇ ਜਮਾ ਹੋਏ ਮਾਤਮੀ ਭੀੜ ਦੇ ਕੁੱਝ ਮੈਂਬਰਾਂ ਵਲੋਂ ਲਗਾਏ ਗਏ 'ਖ਼ੂਨ ਕਾ ਬਦਲਾ ਖ਼ੂਨ' ਵਰਗੇ ਉਤੇਜਿੱਤ ਨਾਰਿਆਂ ਦੇ ਪ੍ਰਸਾਰਨ ਦਾ ਮੌਕਾ ਦਿੱਤਾ ।

ਕਈ ਰਿਪੋਰਟਰਾਂ ਵਿੱਚ ਇਹ ਪਰਿਵਿਰਤੀ ਸੀ ਕਿ ਉਹ ਬੰਦਿਆਂ ਜਾਂ ਸਮੂਹਾਂ ਰਾਹੀਂ ਕੀਤੇ ਜਾ ਰਹੇ ਇਮਾਨਦਾਰ ਕੋਸ਼ਿਸ਼ਾਂ ਦੀ ਬਜਾਏ ਮੱਹਤਵਪੂਰਨ ਰਾਜਨੇਤਾਵਾਂ ਦੇ ਨਾਵਾਂ ਤੇ ਜ਼ੋਰ ਦੇ ਰਹੇ ਸੀ । ਇਸ ਲਈ ਜਦੋਂ 2 ਨਵੰਬਰ ਨੂੰ ਦੱਖਣੀ ਦਿੱਲੀ ਦੇ ਪ੍ਰਮੁੱਖ ਨਾਗਰਿਕਾਂ ਦੇ ਇੱਕ ਸਮੂਹ ਨੇ ਇੱਕ ਸ਼ਾਂਤੀ ਮਾਰਚ ਸੰਗਠਿਤ ਕੀਤਾ । ਜਿਸ ਵਿੱਚ ਜਨਤਾ ਪਾਰਟੀ ਨੇਤਾ ਸ੍ਰੀ ਚੰਦਰਸ਼ੇਖਰ ਅਪਣੇ ਕੁੱਝ ਸਮਰਥਕਾਂ ਸਮੇਤ ਸ਼ਾਮਲ ਹੋਏ ਤਾਂ ਦੂਜੇ ਦਿਨ ਕੁੱਝ ਅਖਬਾਰਾਂ ਨੇ ਇਸਨੂੰ ਜਨਤਾ ਪਾਰਟੀ ਮਾਰਚ ਦੱਸਿਆ । ਇਸਤੋਂ ਕੁੱਝ ਗਲਤਫ਼ਹਿਮੀਆਂ ਪੈਦਾ ਹੋਈਆਂ ਤੇ ਗੈਰ-ਪਾਰਟੀਆਂ ਸਮੂਹਾਂ ਵਲੋਂ ਸਾਰੇ ਨਾਗਰਿਕਾਂ ਨੂੰ, ਜਿੰਨਾਂ ਵਿੱਚੋਂ ਕਈ ਕਿਸੀ ਖ਼ਾਸ ਰਾਜਨੈਤਿਕ ਦਲ ਦੇ ਨਾਲ ਆਪਣੇ ਆਪ ਨੂੰ ਜੋੜਨਾ ਨਹੀਂ ਚਾਹੁੰਦੇ ਸੀ, ਨਾਲ ਲਿਆਣ ਦੀ ਕੋਸ਼ਿਸ਼ਾਂ ਨੂੰ ਧੱਕਾ ਲੱਗਿਆ । ਦੰਗਿਆਂ ਨੂੰ ਰੋਕਣ ਲਈ ਸ਼ਾਂਤੀ ਮਾਰਚ ਵਰਗੇ ਪ੍ਰੋਗਰਾਮਾਂ ਦਾ ਪਾਰਟੀਬਾਜ਼ੀ ਰਾਜਨੀਤੀ ਤੋਂ ਅਲੱਗ ਰੱਖਣ ਦੀ ਜ਼ਰੂਰਤ ਦਾ ਸੰਚਾਰ ਮਾਧਿਅਮਾਂ ਦੇ ਲੋਕਾਂ ਵਲੋਂ ਮਨਜ਼ੂਰ ਕਰਨਾ ਅਜੇ ਬਾਕੀ ਹੈ ।

ਇੱਥੇ ਵਿਰੋਧੀ ਰਾਜਨੇਤਾਵਾਂ ਦੀ ਭੂਮਿਕਾ ਦਾ ਸਵਾਲ ਉਠਦਾ ਹੈ ਅਤੇ ਇਹ ਕਹਿੰਦੇ ਹੋਏ ਦੁੱਖ ਹੁੰਦਾ ਹੈ ਕਿ 31 ਅਕਤੂਬਰ ਤੋਂ 5 ਨਵੰਬਰ ਦੇ ਨਿਰਣਾਇਕ ਦਿਨਾਂ ਵਿੱਚ ਵੀ ਹਾਲਾਤ ਦਾ ਸਾਹਮਣਾ ਕਰਨ ਵਿੱਚ

STATESMAN

NATIONAL

DELHI, MONDAY, DECEMBER 16, 1996

A widow of the 1984 riots narrating her experiences to members of a Hurriyat delegation that visited Tilak Vihar in the Capital on Sunday. — The Statesman.

ਜੰਮੂ ਕਸ਼ਮੀਰ ਦੇ ਇਨਕਲਾਬੀ ਨੇਤਾ ਅਤੇ ਹੁਰੀਅਤ ਕਾਨਫਰੰਸ ਦੇ ਚੇਅਰਮੈਨ, ਯਾਸੀਨ ਮਲਿਕ ਅਤੇ ਗਿਲਾਨੀ ਸਮੇਤ ਲਗਭਗ ਸਾਰੀ ਹੁਰੀਅਤ ਕਾਨਫਰੰਸ ਦੇ ਨੇਤਾ ਵਿਧਵਾ ਬਸਤੀਆਂ ਵਿੱਚ ਸਰਦਾਰ ਗੁਰਚਰਨ ਸਿੰਘ ਬੱਬਰ ਦੇ ਨਾਲ ਦੌਰਾ ਕਰਦੇ ਹੋਏ।

ਲਗਭਗ ਅਸਫਲ ਰਹੇ । ਜਦਕਿ ਰਾਜਨੀਤਕ ਦਲਾਂ ਦੇ ਦਫ਼ਤਰਾਂ ਵਿੱਚ ਹਰ ਘੰਟੇ ਬਾਦ ਅੱਗਜ਼ਨੀ ਤੇ ਖ਼ੂਨੀਕਾਂਡ ਦੀਆਂ ਖਬਰਾਂ ਆ ਰਹੀਆਂ ਸਨ, ਉਨ੍ਹਾਂ ਨੇ ਅਪਣੇ ਵਰਕਰਾਂ ਦੇ ਨਾਲ ਘਟਨਾ ਸਥਾਨ ਤੇ ਪਹੁੰਚਣ, ਹਿੰਸਾ ਰੋਕਣ ਅਤੇ ਇਲਾਕਿਆਂ ਵਿੱਚ ਸ਼ਾਂਤੀ ਕਮੇਟੀਆਂ ਗਠਿਤ ਕਰਨ ਦੀ ਸ਼ਾਇਦ ਹੀ ਕੋਈ ਕੋਸ਼ਿਸ਼ ਕੀਤੀ ਤੇ 1 ਨਵੰਬਰ ਨੂੰ ਪ੍ਰਧਾਨ ਮੰਤਰੀ ਦੇ ਨਾਲ ਸ਼ਾਂਤੀ ਤੇ ਸਦਭਾਵ ਬਣਾਏ ਰੱਖਣ ਦੀ ਜਾਇੰਟ ਅਪੀਲ ਜਾਰੀ ਕਰਕੇ ਸੰਤੁਸ਼ਟ ਹੋ ਗਏ ।

3 ਨਵੰਬਰ ਨੂੰ ਤ੍ਰਿਲੋਕਪੁਰੀ ਦੇ ਖ਼ੂਨੀਕਾਂਡ ਦੇ ਵਕਤ ਸਬੰਧ ਨਾਗਰਿਕਾਂ ਦਾ ਸਮੂੰਹ ਵਿਰੋਧੀ ਨੇਤਾਵਾਂ (ਜਿਸਦਾ ਪਹਿਲੇ ਜ਼ਿਕਰ ਕੀਤਾ ਗਿਆ ਹੈ) ਨੂੰ ਮਿਲਣ ਗਿਆ । ਉਨ੍ਹਾਂ ਵਿੱਚੋਂ ਕੁੱਝ ਲੋਕਾਂ ਨੇ ਜਨਤਾ ਪਾਰਟੀ ਨੇਤਾ ਚੰਦਰ ਸ਼ੇਖਰ ਨੂੰ ਬੇਨਤੀ ਕੀਤੀ ਕਿ ਉਹ ਪ੍ਰਧਾਨ ਮੰਤਰੀ ਨੂੰ ਅਪੀਲ ਲਈ ਤਿੰਨ-ਮੂਰਤੀ ਜਾ ਰਹੇ ਪ੍ਰਤੀਨਿਧੀ ਮੰਡਲ ਦੀ ਅਗਵਾਈ ਕਰਨ ਤਾਂ ਸ੍ਰੀ ਚੰਦਰਸ਼ੇਖਰ ਨੇ ਖੜੇ ਹੋਕੇ ਅਪਣੇ ਹੱਥ ਜੋੜਦੇ ਹੋਏ ਕਿਹਾ ਕਿ "ਮੈਂ ਯੇਹ ਨਹੀਂ ਕਰ ਸਕਤਾ । ਮੈਂ ਸਵਰਗੀ ਪ੍ਰਧਾਨ ਮੰਤਰੀ ਦੀ ਅੰਤੇਸ਼ਟੀ ਦਾ ਸੱਤਿਆਨਾਸ ਕਰਨ ਦੇ ਦੋਸ਼ ਨਾਲ ਬਦਨਾਮ ਨਹੀਂ ਹੋਣਾ ਚਾਹਤਾ ।"

ਆਮ ਜਨਤਾ ਦੀ ਭੂਮਿਕਾ :-

31 ਅਕਤੂਬਰ ਤੋਂ 5 ਨਵੰਬਰ ਦੇ ਵਿੱਚ ਜਿਨਾਂ ਵਾਰਦਾਤਾਂ ਨੇ ਪੂਰੇ ਦਿੱਲੀ ਸ਼ਹਿਰ ਨੂੰ ਹਿਲਾ ਦਿੱਤਾ, ਉਨ੍ਹਾਂ ਨੂੰ ਇੱਕ ਆਯੋਜਿਤ ਕੁਪ੍ਰਬੰਧ ਦਾ ਹਿੱਸਾ ਹੀ ਕਿਹਾ ਜਾ ਸਕਦਾ ਹੈ, ਜਿਸ ਵਿੱਚ ਕਈ ਜਗ੍ਹਾ ਤਾਂ ਕੁੱਝ ਵਰਗਾਂ ਵਲੋਂ ਬਹੁਤ ਹੀ ਸਾਵਧਾਨ ਤੇ ਕੁਸ਼ਲ ਆਯੋਜਨ, ਕਈ ਜਗ੍ਹਾ ਤੇ ਪ੍ਰਸ਼ਾਸਨ ਦੀ ਜਾਣ-ਬੁਝ ਕੇ ਬੇਪਰਵਾਹੀ ਅਤੇ ਇੱਕ ਵੱਡੇ ਪੱਧਰ ਦੇ ਸੀਨੀਅਰ ਮੰਤਰੀਆਂ ਅਤੇ ਵਿਰੋਧੀ ਪਾਰਟੀਆਂ ਦੀ ਸਵੈਇੱਛਤ ਜਿੰਮੇਵਾਰੀ ਤੋਂ ਬੇਮੁੱਖਤਾ ਦੇ ਸਪਸ਼ਟ ਲੱਛਣ ਮੌਜੂਦ ਸਨ । ਲੇਕਿਨ ਫਿਰ ਵੀ ਪੰਜਾਬ ਵਿੱਚ ਪਿਛਲੇ ਦੋ ਸਾਲਾਂ ਦੇ ਘਟਨਾਚੱਕਰ ਦੇ ਕਾਰਨ ਨਾਲ ਹਿੰਦੂ ਜਨ-ਸਮੂੰਹ ਦੇ ਵੱਡੇ ਹਿੱਸਿਆਂ ਵਿੱਚ ਸਿੱਖਾਂ ਦੇ ਪ੍ਰਤੀ ਪ੍ਰਗਟ ਹੋਇਆ ਅਵਿਸ਼ਵਾਸ ਤੇ ਮਨਮੁਟਾਵ ਨੂੰ ਨਕਾਰਿਆ ਨਹੀਂ ਜਾ ਸਕਦਾ ।

ਪੰਜਾਬ ਦੀਆਂ ਆਰਥਿਕ ਅਤੇ ਰਾਜਨੀਤਕ ਮੁਸ਼ਕਿਲਾਂ ਨੂੰ ਹਲ ਨਾ ਕਰਕੇ ਸਿੱਖ ਉਗਰਵਾਦ ਅਤੇ ਹਿੰਦੂ ਸੰਪਰਦਾਇਕਤਾ ਨੂੰ ਇੱਕ-ਦੂਜੇ ਦੀ ਖੁਰਾਕ ਬਨਣ ਦੀ ਛੋਟ ਦੇਕੇ, ਅਤੇ ਇਸਦੇ ਨਤੀਜਿਆਂ ਦੇ ਤੌਰ ਤੇ ਹਰਿ-ਮੰਦਰ ਸਾਹਿਬ ਤੇ ਫੌਜੀ ਹਮਲੇ ਦੀ ਕਾਰਵਾਈ ਤੋਂ ਸਿੱਖ ਵਰਗ ਦੇ ਇੱਕ ਵੱਡੇ ਹਿੱਸੇ ਨੂੰ ਪ੍ਰਤੀਰੋਧੀ ਬਣਾਕੇ, ਕੇਂਦਰ ਦੇ ਸ਼ਾਸਕ ਦਲ ਨੇ ਹਿੰਦੂ ਤੇ ਸਿੱਖਾਂ ਦੇ ਵਿੱਚ ਸੰਪਰਦਾਇਕ ਵੰਡ ਦੇ ਬੀਜ ਬੋ ਦਿੱਤੇ ਸਨ ।

ਨਤੀਜਾ ਇਹ ਹੈ ਕਿ 31 ਅਕਤੂਬਰ ਤੋਂ ਜਦੋਂ ਸਿੱਖਾਂ 'ਤੇ ਸੰਗਠਿਤ ਜ਼ੁਲਮ ਸ਼ੁਰੂ ਹੋਇਆ (ਜਿਸਦਾ ਸਰੂਪ ਉਸ ਸੁਭਾਵਕ ਗੁੱਸੇ ਤੋਂ ਬਿਲਕੁਲ ਅਲੱਗ ਸੀ, ਜਿਸਨੂੰ ਕੁਝ ਲੋਕ ਦਰਸ਼ਾਣਾ ਚਾਹ ਰਹੇ ਸੀ) ਉਦੋਂ ਐਸਾ ਲੱਗ ਰਿਹਾ ਸੀ ਕਿ ਹਿੰਦੂ ਜਨ-ਸਮੂਦਾਏ ਦੀ ਮਾਨਸਿਕ ਪਰਿਵਿਰਤੀ ਐਸੀ ਅਵਸਥਾ ਤੱਕ ਪਹੁੰਚ ਗਈ ਸੀ, ਜੋ ਕਿ ਇਨ੍ਹਾਂ ਹਮਲਿਆਂ ਦੀ ਪ੍ਰੋੜਤਾ ਕਰ ਸਕੇ । ਦਿੱਲੀ ਦੇ ਜਿੰਮੇਵਾਰ ਨਾਗਰਿਕਾਂ ਦੀਆਂ ਟਿਪਣੀਆਂ ਤੋਂ ਇਸੀ ਮਾਨਸਿਕਤਾ ਦਾ ਪ੍ਰਗਟਾਵਾ ਹੁੰਦਾ ਹੈ । ਆਈ. ਪੀ. ਐਸ. ਦੇ ਇੱਕ ਅਫ਼ਸਰ ਨੂੰ ਕਹਿੰਦੇ ਸੁਣਿਆ ਗਿਆ ਕਿ ਸਰਕਾਰ ਹਿੰਸਾ ਨੂੰ ਇਸ ਲਈ ਨਹੀਂ ਰੋਕ ਰਹੀ ਹੈ ਤਾਂਕਿ ਲੋਕ ਆਪਣਾ ਰੋਸ ਕੱਢ ਸਕਣ ਅਤੇ ਪੰਜਾਬ ਦੇ ਸਿੱਖਾਂ ਨੂੰ ਸਬਕ ਸਿਖਾਇਆ ਜਾ ਸਕੇ । ਸ੍ਰੀਮਤੀ ਗਾਂਧੀ ਦੇ ਸੰਸਕਾਰ 'ਤੇ ਜਨੇਵਾ ਤੋਂ ਆਏ ਹੋਏ ਸੰਯੁਕਤ ਰਾਸ਼ਟਰ ਸੰਘ ਦੇ ਇੱਕ ਭਾਰਤੀ ਅਧਿਕਾਰੀ ਨੇ ਦੱਸਿਆ ਕਿ ਹਿੰਸਾ ਦੇ ਤਾਂਡਵ ਨੂੰ ਇਸ ਲਈ ਸਵਕ੍ਰਿਤੀ ਮਿਲੀ ਕਿ ਸਿੱਖਾਂ ਨੂੰ ਸਬਕ ਸਿਖਾਇਆ ਜਾ ਸਕੇ । ਇਸਦੀ ਵਜ੍ਹਾ ਤੋਂ ਆਮ ਲੋਕਾਂ ਤੇ ਟੁੱਟ ਪਈਆਂ ਮੁਸੀਬਤਾਂ ਦੇ ਬਾਰੇ ਵਿੱਚ ਪੁੱਛੇ ਜਾਣ ਤੇ ਉਨ੍ਹਾਂ ਨੇ ਕਿਹਾ ਕੌਣ ਮੁਸੀਬਤ ਵਿੱਚ ਹੈ? ਪੰਜਾਬ ਵਿੱਚ ਸਿੱਖ ਉਗਰਵਾਦੀਆਂ ਦੀ ਲਗਾਤਾਰ ਲੁੱਟਪਾਟ ਦੇ ਲੰਬੇ ਇਤਿਹਾਸ ਨੇ ਸ਼ਾਇਦ ਬਦਲੇ ਦੀ ਭਾਵਨਾ ਪੈਦਾ ਕਰ ਦਿੱਤੀ ਸੀ, ਜਿਸਨੇ ਉਨ੍ਹਾਂ ਲੋਕਾਂ ਨੂੰ ਵੀ ਅੰਨਾ ਬਣਾ ਦਿੱਤਾ, ਜੋ ਹਿੰਦੂਆਂ ਵਿੱਚ ਜਿੰਮੇਵਾਰ ਸਮਝੇ ਜਾਂਦੇ ਹਨ ।

STATESMAN

ANGUISH AND ANGER: Victims of the 1984 riots demanding punishment for those involved in the killings of the Sikhs, outside Supreme Court in the Capital on Friday. — The Statesman.

ਇਨ੍ਹਾਂ ਹਾਦਸਿਆਂ ਤੋਂ ਪੀੜਤ ਸਿੱਖਾਂ ਨੇ ਆਪਣੇ ਗੁਆਂਢੀਆਂ ਦੇ ਇਸ ਰਵਈਏ ਨੂੰ ਕਿਸ ਨਿਗਾਹ ਨਾਲ ਦੇਖਿਆ? ਗੁੜਗਾਵਾਂ ਦੇ ਪੀੜਤ ਸਿੱਖਾਂ ਨੇ ਕਿਹਾ 'ਲੋਕ ਛਤੋਂ ਪਰ ਖੜੇ ਹਮਾਰੇ ਘਰੋਂ ਕੋ ਜਲਤੇ ਹੂਏ ਐਸੇ ਦੇਖ ਰਹੇ ਥੇ, ਜੈਸੇ ਛੱਬੀਸ ਜਨਵਰੀ ਕੀ ਪਰੇਡ ਦੇਖ ਰਹੇ ਹੋਂ ।' ਇਹੀ ਉਹ ਹਾਲਾਤ ਸਨ ਜਿਸ ਕਾਰਨ ਨਾਲ ਬਹੁਤੇ ਹਿੰਦੂ, ਪੀਣ ਦੇ ਪਾਣੀ ਵਿੱਚ ਜ਼ਹਿਰ ਮਿਲਾਣ ਤੋਂ ਲੈ ਕੇ ਹਿੰਦੂਆਂ ਨੂੰ ਮਾਰਣ ਲਈ ਗਲੀਆਂ ਵਿੱਚ ਹਥਿਆਰ ਚੁੱਕੀ ਘੁੰਮਦੇ ਸਿੱਖ, ਵਰਗੀਆਂ ਹਰ ਤਰ੍ਹਾਂ ਦੀਆਂ ਅਫ਼ਵਾਹਾਂ ਤੇ ਵਿਸ਼ਵਾਸ ਕਰਨ ਨੂੰ ਮਜਬੂਰ ਹੋਏ।

ਅਫ਼ਵਾਹਾਂ ਦੇ ਇਸ ਤਰ੍ਹਾਂ ਫੈਲਣ ਦਾ ਅਗਲਾ ਚਰਨ ਸੀ ਸਭ ਪਾਸੇ ਹੋ ਰਹੀ ਲੁੱਟਪਾਟ ਲਈ ਇੱਕ ਨਾ ਕਹੀ ਜਾਣ ਵਾਲੀ ਸਹਿਮਤੀ ਦੇ ਵਾਤਾਵਰਨ ਦਾ ਬਨਣਾ ਤੇ ਕਿਸੀ-ਕਿਸੀ ਜਗ੍ਹਾ ਤੇ ਹਮਲਾਵਰ ਪਰਿਵਿਰਤੀ ਦੇ ਕੁੱਝ ਹਿੰਦੂ ਜਵਾਨਾਂ ਦਾ ਸਿੱਧੇ ਤੌਰ ਤੇ ਉਸ ਵਿੱਚ ਸ਼ਾਮਲ ਹੋਣਾ ।

ਸਿੱਖ ਵਿਰੋਧੀ ਭਾਵਨਾ ਪ੍ਰਸ਼ਾਸਨ ਦੇ ਹੇਠਲੇ ਪੱਧਰ 'ਦੇ ਵੀ ਪ੍ਰਵੇਸ਼ ਕਰ ਚੁੱਕੀ ਸੀ । ਇਹਨਾ ਗੱਲਾਂ ਦੇ ਸਬੂਤ ਪੁਲਿਸ ਫੋਰਸ ਦੇ ਰਵਈਏ ਤੋਂ ਮਿਲਦੇ ਹਨ, ਜਿਨ੍ਹਾਂ ਦੇ ਹੱਥਾਂ ਵਿੱਚ ਉੱਚ ਅਫ਼ਸਰਾਂ ਨੇ ਤਿੰਨ ਚਾਰ ਦਿਨਾਂ ਲਈ ਪੂਰੀ ਵਾਗਡੋਰ ਫੜਾ ਦਿੱਤੀ ਸੀ ।

ਜਨਤਾ ਵਿੱਚ ਸਿੱਖਾਂ ਦੀ ਤਰਸਯੋਗ ਹਾਲਤ ਤੇ ਨਿਹਿਤ ਖੁਸ਼ੀ ਦੇ ਪਿਛੋਕੜ ਵਿੱਚ, ਇੱਕ ਸੰਗਠਿਤ ਗਰੋਹ ਲਈ, ਜਿਸਨੂੰ ਸਤਾਰੂੜ ਪਾਰਟੀ ਦੀ ਸੁਰਖਿਆ ਪ੍ਰਾਪਤ ਸੀ, ਲਈ ਇਹ ਆਸਾਨ ਹੋ ਗਿਆ ਕਿ ਉਹ ਆਪਣੀ ਕ੍ਰਮਬੱਧ ਖੂਨੀ ਤੇ ਮਾਰ-ਕਾਟ ਦੀ ਯੋਜਨਾ ਨੂੰ ਲਾਗੂ ਕਰੇ ।

ਕੁੱਝ ਇਲਾਕਿਆਂ ਵਿੱਚ ਸਿੱਖ ਵਿਰੋਧੀ ਭਾਵਨਾਵਾਂ ਨੂੰ ਸ੍ਰੀਮਤੀ ਗਾਂਧੀ ਦੀ ਮੌਤ ਤੇ ਕੁੱਝ ਸਿਖਾਂ ਵਲੋਂ ਖੁਸ਼ੀ ਅਭਿਵਿਅਕਤੀ ਨੂੰ ਇੱਕਾ-ਦੁੱਕਾ ਘਟਨਾਵਾਂ ਤੋਂ ਵੀ ਉਤੇਜਨਾ ਮਿਲੀ । ਕਈ ਜਗ੍ਹਾ ਉਤੇਜਨਾ ਇਸ ਲਈ ਵੀ ਭੜਕੀ ਕਿ ਹਿੰਦੂ ਭੀੜ ਦਾ ਮੁਕਾਬਲਾ ਕਰਨ ਕੁੱਝ ਸਿੱਖ ਸਾਹਮਣੇ ਆਏ । ਇਹ ਸੰਭਵ ਹੈ ਕਿ ਹਮਲਾਵਰ ਭੀੜ ਨੇ ਜੋ ਕਿ ਹਰ ਕਦਮ ਤੇ ਪੁਲਿਸ ਸੁਰਖਿਆ ਮਿਲਣ ਦੇ ਬਾਰੇ ਵਿੱਚ ਪੂਰਨ ਤੌਰ ਤੇ ਆਸਵੰਦ ਸੀ, ਮੁਕਾਬਲੇ ਦੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਇੱਕ ਚੁਣੌਤੀ ਦੀ ਤਰ੍ਹਾਂ ਸਮਝਿਆ । ਸਾਨੂੰ ਕੁੱਝ ਐਸੀਆਂ ਖਬਰਾਂ ਵੀ ਮਿਲੀਆਂ (ਜਿਨ੍ਹਾਂ ਦੀ ਪੁਸ਼ਟੀ ਆਸ-ਪਾਸ ਦੇ ਰਹਿਣ ਵਾਲੇ ਕੁੱਝ ਜਿੰਮੇਵਾਰ ਲੋਕਾਂ ਨੇ ਕੀਤੀ) ਕਿ 31 ਅਕਤੂਬਰ ਦੀ ਰਾਤ ਨੂੰ ਸਿੱਖਾਂ ਨੇ ਭੰਗੜਾ ਕੀਤਾ । ਐਸੀਆਂ ਘਟਨਾਵਾਂ ਨੇ ਸਿੱਖਾਂ ਦੇ

ਵਿਰੁੱਧ ਉਬਲਦੀ ਹੋਈ ਦੁਸ਼ਮਣੀ ਨੂੰ ਹੋਰ ਮਜ਼ਬੂਤ ਬਣਾ ਦਿੱਤਾ ।

ਲੇਕਿਨ ਐਸੀਆਂ ਛੁੱਟ-ਪੁੱਟ ਘਟਨਾਵਾਂ ਇੱਕੀਆਂ-ਦੁੱਕੀਆਂ ਹੀ ਹੋਈਆਂ ਅਤੇ ਇਨ੍ਹਾਂ ਤੋਂ ਸਾਰੇ ਭਾਰਤ ਵਿੱਚ ਉਸੀ ਦਿਨ ਤੇ ਉਸੀ ਵਕਤ ਸਾਰੇ ਸਿੱਖਾਂ ਦੇ ਵਿਰੁੱਧ ਅੰਧਾ-ਧੁੰਧ ਹਿੰਸਾ ਦੇ ਵੱਡੇ ਪੈਮਾਨੇ ਤੇ ਵਿਸਫੋਟ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ, ਜੋ ਕਿ ਕੇਵਲ ਇੱਕ ਸੰਯੋਜਿਤ ਕੂਟਰਚਨਾ ਦਾ ਨਤੀਜਾ ਹੀ ਹੋ ਸਕਦੀ ਸੀ ।

ਇਸ ਪਾਗਲਪਨ ਦੇ ਵਾਤਾਵਰਣ ਵਿੱਚ ਸਾਹਸ ਤੇ ਪਹਿਲ ਦਾ ਇੱਕ ਮਾਤਰ ਪ੍ਰਦਰਸ਼ਨ ਉਨ੍ਹਾਂ ਹਿੰਦੂ ਤੇ ਮੁਸਲਮਾਨ ਗੁਆਂਢੀਆਂ ਨੇ ਕੀਤਾ, ਜਿਨ੍ਹਾਂ ਨੇ ਹਿੰਸਾ ਗ੍ਰਸਤ ਇਲਾਕਿਆਂ ਵਿੱਚ ਸਿੱਖਾਂ ਦੀ ਮਦਦ ਕੀਤੀ । ਸਾਨੂੰ ਰਾਹਤ ਕੈਂਪਾ ਵਿੱਚ ਬਹੁਤ ਸਾਰੇ ਸਿੱਖ ਪਰਿਵਾਰਾਂ ਨੇ ਬਾਰ-ਬਾਰ ਦੱਸਿਆ ਕਿ ਜੇਕਰ ਇਹ ਪੜੋਸੀ ਉਨ੍ਹਾਂ ਦੀ ਮਦਦ ਨਾ ਕਰਦੇ ਤੇ ਉਨ੍ਹਾਂ ਨੂੰ ਵੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਜਾਂਦਾ ।

ਕਲਿਆਣਪੁਰੀ ਥਾਣੇ ਦੇ ਸਾਹਮਣੇ ਇੱਕ ਅਸਥਾਈ ਕੈਂਪ ਵਿੱਚ 3 ਨਵੰਬਰ ਨੂੰ ਅਸੀਂ ਇੱਕ ਹਿੰਦੂ ਪਰਿਵਾਰ ਨੂੰ ਮਿਲੇ ਜਿਸਦਾ ਘਰ ਦੰਗਾਈਆਂ ਨੇ ਸਾੜ ਦਿੱਤਾ ਸੀ ਕਿਉਂਕਿ ਉਸਨੇ ਆਪਣੇ ਸਿੱਖ ਗੁਆਂਢੀਆਂ ਨੂੰ ਪਨਾਹ ਦਿੱਤੀ ਸੀ ।

THE PIONEER

DELHI, SATURDAY, JULY 31, 1999

Widow stands by charges

SAJJAN KUMAR INCITED AND LED THE MOB WHICH KILLED MY HUSBAND, ASSERTS AMARJEET KAUR

Staff Reporter

New Delhi

AMARJEET KAUR, who had accused former Congress MP Sajjan Kumar of leading and instigating a 500-strong mob to burn her husband, Captain (Retd) Nazar Singh, during the anti-Sikh riots of November 1984, on Friday stood by the allegations that she had made in an affidavit to the Jain Banerjee committee.

Vouching for the authenticity of her allegations as well as her affidavit, Amarjeet Kaur said, "It was Sajjan Kumar who had addressed and instigated the mob, following which the killers had dragged out my husband and set him on fire."

"The killers included Puran Singh, Partap Singh and Dharam Singh, whom I know and can identify," said 63-year-old widow.

Ms Kaur disowned her purported statements under sections 161 and 164 of the Criminal Procedure Code, given respectively to the police and another magistrate D C Anand.

Ms Kaur's assertion before the media assumes significance as a Delhi court had set aside its earlier order summoning the former Congress MP and the three other accused persons, ruling that "there was not an iota of evidence" against anyone in the case.

Nazar Singh

Metropolitan Magistrate Praveen Kumar, while accepting the police recommendation to close the case, had set aside his predecessor Sanjay Kumar's order, which had taken cognisance of the case and had issued a summons to Sajjan Kumar and three others to stand trial.

Metropolitan Magistrate Praveen Kumar had based his order on her two statements under section 161 and 164 of the Cr PC, in which Ms Kaur is purported to have said that she never filed any affidavit before the Jain Banerjee committee alleging anything against Sajjan Kumar or anyone else.

Vouching for the authenticity of her affidavit before the Jain Banerjee committee, Ms Kaur said she was rather puzzled as to how her two statements under section 161 and 164 of the Cr P C, discrediting her affidavit to the committee, came into existence.

The widow said that she had filed the affidavit in 1987. Till 1995 nothing seemed to be happening on that front. Then some policemen visited her and took her to a senior police officer, who threatened that if she made false allegations against Sajjan Kumar, she would be prosecuted. Later she was also taken to a court, where she was made to answer queries regarding her affidavit.

नई दिल्ली, ७ मई (भाषा, वार्ता)। अखिल इंडिया सिख कॉलेज ने रंगनाथ मिश्र जांच आयोग की रिपोर्ट के विरोध में आज यहां काला दिवस मनाया तथा प्रदर्शन किया।

पदाधिकारियों को भाजपा की दिल्ली इकाई के अध्यक्ष मदनलाल खुराना, लोकदल (अ) के महासचिव डा. सुब्रह्मण्यम स्वामी, अकाली संसद सदस्य सर्वश्री लेफ्टिनेंट जनरल अरोड़ा तथा चरणजीत सिंह रोडवाले और समाजसेवी संगठन पी.वी.सी.एल. के श्री इंद्र मोहन ने सम्बोधित किया।

वक्ताओं ने मिश्रा जांच आयोग की रिपोर्ट पर आपत्ति व्यक्त करते हुए कहा कि वास्तव में जांच आयोग ने सन्‌ १९८४ के दंगों के दोषी व्यक्तियों को बरी कर दिया है।

वक्ताओं ने कहा कि जब तक पंजाब में हिन्दू तथा देश के शेष भागों में सिंह सुरक्षित नहीं है, भारत में स्थिरता कायम होना मुश्किल लगता है। इन वक्ताओं ने सन्‌ १९८४ के दंगों के लिए दोषी व्यक्तियों के विरुद्ध कार्रवाई करने की मांग की। इन्होंने दंगा-पीड़ितों का पूरा समर्थन देने की भी घोषणा की।

१९८४ के दंगों के बारे में रंगनाथ मिश्र जांच आयोग की रिपोर्ट को सच्चाई छुपाने की कोशिश बताते हुए अखिल इंडिया सिख कॉलेज ने न्यायाधीश श्री मिश्र से अपनी सिफारिश रद्द करने या अवमानना प्रारंभ कर लेने की मांग की है।

न्यायाधीश श्री मिश्र की रिपोर्ट पर यहां वोट क्लब पर आज जारी पोस्ट मार्टम रिपोर्ट में आरोप लगाया गया कि श्री मिश्र उन घटनाओं का गहराई से अध्ययन करने में असफल रहे हैं, जिन्होंने पूरे देश को झकझोर दिया था।

पोस्टमार्टम रिपोर्ट एक सर्वदलीय रैली में जारी की गई। सन्‌ १९८४ के दंगा-पीड़ित रैली में शामिल थे। इनमें महिलाएं भी थीं।

सन्‌ १९८४ के दंगों के बाद अखिल ने आई अखिल इंडिया सिख कॉलेज ने पोस्टमार्टम रिपोर्ट में यह आरोप लगाया है कि न्यायाधीश श्री मिश्र की रिपोर्ट उन कारणों का पता लगाने में भी असफल रही है जो प्रधानमंत्री इंदिरा गांधी की हत्या की वजह बने।

रिपोर्ट के अनुसार तत्कालीन केंद्रीय गृहमंत्री जैलसिंह तथा पंजाब के तत्कालीन मुख्यमंत्री दरबारा सिंह की राजनीतिक प्रतिद्वंद्विता से पंजाब में स्थिति बिगड़ी और यही बात अंततः सन्‌ १९८४ के दंगों का कारण भी बनी।

ਗ੍ਰਹਿਮੰਤਰੀ ਸ੍ਰੀ ਨਰਸਿਮ੍ਹਾ ਰਾਓ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਸੈਨਾ ਬੁਲਾਈ ਜਾਣ ਵਾਲੀ ਹੈ, ਅਤੇ ਕਰਫ਼ਿਊ ਲਗਣ ਵਾਲਾ ਹੈ ।

ਦੋ ਨਵੰਬਰ ਦੀ ਸਵੇਰੇ ਸਾਢੇ ਅੱਠ ਵਜੇ ਦੇ ਬਾਦ ਦੋ ਵਿਰੋਧੀ ਸਾਂਸਦਾਂ ਨੇ ਤੱਤਕਾਲੀਨ ਗ੍ਰਹਿਮੰਤਰੀ ਅਤੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਨਰਸਿਮ੍ਹਾ ਰਾਓ ਨੂੰ ਬਾਰ-ਬਾਰ ਬੇਨਤੀ ਕੀਤੀ ਕਿ ਪੰਜਾਬ ਤੋਂ ਆਉਣ ਵਾਲੀਆਂ ਟ੍ਰੇਨਾਂ ਵਿੱਚ ਸਵਾਰ ਸਿੱਖਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾਏ, ਲੇਕਿਨ ਕੋਈ ਫੋਜ਼ ਨਹੀਂ ਭੇਜੀ ਗਈ । ਜਿਸਦਾ ਰਿਜ਼ਲਟ ਇਹ ਹੋਇਆ ਕਿ ਸਾਰੀਆਂ ਟ੍ਰੇਨਾਂ ਅਪਰਾਧੀਆਂ ਦੀਆਂ ਮਿਹਰਬਾਨੀਆਂ ਤੇ ਛੱਡ ਦਿੱਤੀਆਂ ਗਈਆਂ ਅਤੇ ਉਨ੍ਹਾਂ ਨੇ ਟ੍ਰੇਨ ਦੇ ਡੱਬੇ ਵਿੱਚੋਂ ਖਿੱਚ-ਖਿੱਚ ਕੇ ਸਿੱਖਾਂ ਨੂੰ ਬਾਹਰ ਕੱਢਿਆ ਅਤੇ ਉਨ੍ਹਾਂ ਨੂੰ ਬਾਕਾਇਦਾ ਮਾਰ ਦਿੱਤਾ । ਉਨ੍ਹਾਂ ਦੀਆਂ ਲਾਸ਼ਾਂ ਨੂੰ ਪਲੇਟਫ਼ਾਰਮ ਜਾਂ ਰੇਲਵੇ-ਲਾਈਨਾਂ ਤੇ ਸੁੱਟ ਦਿੱਤਾ ਗਿਆ ।

ਦੋ ਨਵੰਬਰ 1984, ਦੀ ਰਾਤ ਨੂੰ ਕਈ ਸਾਂਸਦਾਂ ਨੇ ਮਿਲਕੇ ਉਸ ਵਕਤ ਦੇ ਗ੍ਰਹਿ ਮੰਤਰੀ ਨਾਲ ਸੰਪਰਕ (ਲਗਾਤਾਰ) ਕਰਨ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਗ੍ਰਹਿ ਮੰਤਰੀ ਨਹੀਂ ਮਿਲੇ ।

ਹੁਣ ਸਵਾਲ ਇਹ ਉਠਦਾ ਹੈ ਕਿ ਤੱਤਕਾਲੀਨ ਗ੍ਰਹਿ ਮੰਤਰੀ ਤੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਪੀ. ਵੀ. ਨਰਸਿਮ੍ਹਾ ਰਾਓ ਨੇ ਨਵੰਬਰ '84' ਵਿੱਚ ਜ਼ਾਲਮਾਨਾ-ਖ਼ੂਨੀਕਾਂਡ ਨੂੰ ਕਿਉਂ ਨਹੀਂ ਰੋਕਿਆ?

ਕੀ ਸ੍ਰੀ ਰਾਓ ਨਵੰਬਰ 1984 ਹਤਿਆਕਾਂਡ ਚੱਕਰਵਿਯੂ ਰਚਨਾ ਦੇ ਮੁੱਖ ਕਰਣਧਾਰ ਸੀ?

ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਤੋਂ ਬਾਦ ਹਜ਼ਾਰਾਂ ਨਿਰਦੋਸ਼ ਸਿੱਖਾਂ ਦੀਆਂ ਹਤਿਆਵਾਂ ਕਿਸੀ ਤਰ੍ਹਾਂ ਦੇ ਦੁੱਖ ਜਾਂ ਗੁੱਸੇ ਦਾ ਨਤੀਜਾ ਨਹੀਂ ਸਨ ।

ਇਹ ਜ਼ਾਲਮਾਨਾ ਹੱਤਿਆਕਾਂਡ ਇੰਕਾ ਦੇ ਪ੍ਰਮੁੱਖ ਨੇਤਾਵਾਂ, ਪੁਲਿਸ ਅਤੇ ਪ੍ਰਸ਼ਾਸਕੀ ਅਧਿਕਾਰੀਆਂ ਦੀ ਪਹਿਲਾਂ ਤੋਂ ਮਿੱਥੀ ਸਾਜ਼ਿਸ਼ ਦਾ ਨਤੀਜਾ ਸੀ ਭਾਵੇਂ ਦਿੱਲੀ ਵਿੱਚ ਦੱਖਣ ਦਾ ਮੁਨੀਰਕਾ ਹੋਵੇ ਜਾਂ ਪੱਛਮ ਦੀ ਮੰਗੋਲਪੁਰੀ ਜਾਂ ਪੂਰਵ ਦੀ ਤ੍ਰਿਲੋਕਪੁਰੀ, ਉੱਥੇ ਸਿੱਖਾਂ ਤੇ ਹਮਲੇ ਦਾ ਤਰੀਕਾ ਇੱਕੋ ਜਿਹਾ ਰਿਹਾ । ਇਸੀ ਨਾਲ ਇਹ ਸਾਬਤ ਹੁੰਦਾ ਹੈ ਕਿ ਇਨ੍ਹਾਂ ਹਮਲਿਆਂ ਦੇ ਪਿੱਛੇ ਕੁੱਝ ਤਾਕਤਵਰ ਸੰਗਠਤ ਲੋਕਾਂ ਦਾ ਹੱਥ ਸੀ । ਜਿਵੇਂ ਕਿ ਦਿੱਲੀ ਵਿੱਚ ਦੰਗਿਆਂ ਦੇ ਦੌਰਾਨ ਤੈਨਾਤ ਇੱਕ ਸੀਨੀਅਰ ਸੈਨਾ ਅਧਿਕਾਰੀ ਨੇ ਕਿਹਾ ਸੀ । ਇਹ ਅੱਗਜ਼ਨੀ ਕਿਸੀ ਖੋਜਕਾਰ ਦਾ ਕੰਮ ਹੈ, ਅਖਬਾਰਾਂ ਦੀਆਂ ਰਿਪੋਰਟਾਂ ਤੋਂ ਸਹੀ ਪਤਾ ਚਲਦਾ ਹੈ ਕਿ ਸਾਰੇ ਇੰਕਾ ਸ਼ਾਸਤ ਰਾਜਾਂ ਵਿੱਚ ਤਰੀਕਾ ਇੱਕੋ ਜਿਹਾ ਰਿਹਾ । ਜਿਸ ਤਰ੍ਹਾਂ ਚਿੱਟਾ ਪਾਊਡਰ ਸੁਟਣਾ, ਗਲ ਵਿੱਚ ਟਾਇਰ ਪਾਉਣਾ, ਮਿੱਟੀ ਦਾ ਤੇਲ, ਡੀਜ਼ਲ, ਪੈਟਰੋਲ ਪਾ ਕੇ ਸਿੱਖਾਂ ਨੂੰ ਜਿੰਦਾ ਸਰਵਜਨਿਕ ਸੜਕਾਂ ਤੇ ਸਾੜਿਆ, ਗੁਰਦਵਾਰਿਆਂ, ਘਰਾਂ, ਫ਼ੈਕਟਰੀਆਂ, ਸਕੂਲਾਂ, ਕਾਲਜਾਂ ਅਤੇ ਦੁਕਾਨਾਂ ਨੂੰ ਲੁੱਟਣਾ ਤੇ ਜਲਾਣਾ ਅਤੇ ਔਰਤਾਂ ਨਾਲ ਬਲਾਤਕਾਰ ਕਰਨਾ ਅਤੇ ਇਸੀ ਦੇ ਨਾਲ ਹੀ ਤਿੰਨ ਤਰ੍ਹਾਂ ਦੀਆਂ ਝੂਠੀਆਂ ਅਫ਼ਵਾਹਾਂ ਫ਼ੈਲਾਣਾ, ਜਿਵੇਂ :-

(1) ਸਿੱਖ ਮਠਿਆਈ ਵੰਡ ਰਹੇ ਸੀ ਅਤੇ ਸ੍ਰੀਮਤੀ ਇੰਦਰਾ ਗਾਂਧੀ ਦੀ ਮੌਤ ਦੀ ਖੁਸ਼ੀ ਵਿੱਚ ਦੀਵੇ ਜਲਾ ਰਹੇ ਸੀ ।

वीर अर्जुन
प्रताप समूह का प्रकाशन
वर्ष २, अंक १३१ शुक्रवार ११ अगस्त १९८९ मूल्य : ५० पैसे

बब्बर दिल्ली पुलिस की नजर में आतंकवादी?

—नगर संवाददाता—

नई दिल्ली, ११ अगस्त। राजधानी में स्वतंत्रता दिवस व उसके आसपास किसी भी सम्भावित आतंकवादी घटना को मद्देनजर रखते हुए विभिन्न थानों में आतंकवादियों के चित्र व विवरण भेजे गये हैं।

जिन आतंकवादियों के चित्र दिल्ली के थानों में भेजे गये हैं, उनमें सुखदेव सिंह, लखनाम सिंह सिंगर जिनके साथ एक महिला भी है तथा महेन्द्र सिंह कुलेल उर्फ जरनैल सिंह धारीवाल शामिल हैं।

थानों को भेजे गये चित्रों में दिल्ली के शिक्षाविद तथा आल इंडिया सिख कान्फ्रेंस (बब्बर गुट) के महासचिव गुरचरण सिंह बब्बर का भी चित्र है। चित्र के नीचे उनके पिता का नाम, पता उम्र, ऊंचाई, गठन, रंग व शिक्षा आदि का भी विवरण है।

पता चला है कि कलकत्ता में चली एक यात्री बस में हुए बम विस्फोट के बाद से दिल्ली में भी रेड अलर्ट लागू कर दिया गया है। जिसके अन्तर्गत विभिन्न रेलवे स्टेशनों, बस अड्डों तथा भीड़-भाड़ वाले स्थानों पर कड़ी नजर रखी जा रही है।

इस संबंध में जब इस संवाददाता ने अतिरिक्त आयुक्त श्री बी.एस. सिंह से फोन पर जानकारी लेनी चाही तो उनका कहना था कि वे लोग क्रेस के लिए इस प्रकार के चित्र नहीं जारी करते और इस बारे में कुछ भी जानकारी देने से इंकार कर दिया।

दूसरी ओर जिस थाने से इस



संवाददाता को यह चित्र मिला है वहां के एक पुलिस अधिकारी ने कहा कि गुरचरण सिंह बब्बर की तलाश है।

बाद में जब इस संवाददाता ने श्री बब्बर के यहां फोन किया तो वे घर पर ही मिल गये और उन्होंने इस प्रकार की किसी सूचना की जानकारी होने से इंकार कर दिया।

उन्होंने कहा कि वे काफी अरसे से नवम्बर ८४ के दंगों के हत्यारों के खिलाफ आवाज उठाते रहे हैं। पंजाब में बेगुनाहों की हत्याओं, देश को तोड़ने व हिन्दू-सिखों में अलगाव पैदा करने वालों के हमेशा खिलाफ रहे हैं।

उन्होंने कहा कि पिछले दिनों आतंकवादियों की ओर से मुझे मारे जाने की धमकियां भी मिल चुकी हैं। जिसके बाद वे एक शिष्ट मंडल के साथ पुलिस आयुक्त से मिले थे।

आयुक्त ने उन पर आरोप लगाया था कि वे लोग नकली पैदा कर रहे हैं। जिसके बाद उन्होंने इस संबंध में उच्चतम न्यायालय के मुख्य न्यायाधीश व राजनैतिक नेताओं के पास पत्र भी भेजे थे।

उनका कहना है कि वे देश की एकता अखण्डता के लिए संघर्षरत हैं जिसके लिए यदि उन्हें दंड भी मिले तो वे भुगतने को तैयार हैं।

(2) ਦੂਜੀ ਅਫ਼ਵਾਹ ਇਹ ਸੀ ਕਿ ਪੰਜਾਬ ਤੋਂ ਟ੍ਰੇਨਾਂ ਵਿੱਚ ਸੈਂਕੜੇ ਹਿੰਦੂਆਂ ਦੀਆਂ ਲਾਸ਼ਾਂ ਪੁਰਾਣੀ ਦਿੱਲੀ ਰੇਲਵੇ ਸਟੇਸ਼ਨ ਤੇ ਆਈਆਂ ਹਨ ।

(3) ਸਿੱਖਾਂ ਨੇ ਪਾਣੀ ਵਿੱਚ ਜ਼ਹਿਰ ਪਾ ਦਿੱਤਾ ਹੈ, ਕੁੱਝ ਇਲਾਕਿਆਂ ਵਿੱਚ ਪੁਲਿਸ ਨੇ ਗੱਡੀਆਂ ਤੇ ਬਹਿਕੇ ਲਾਊਡਸਪੀਕਰ ਤੇ ਐਸੀਆਂ ਟ੍ਰੇਨਾਂ ਦੇ ਆਉਣ ਅਤੇ ਪਾਣੀ ਨੂੰ ਜ਼ਹਿਰੀਲਾ ਹੋਣ ਦੀ ਅਨਾਊਂਸਮੈਂਟ ਕੀਤੀ । ਇਸਦੇ ਨਾਲ ਹੀ ਦੂਰਦਰਸ਼ਨ ਨੇ ਤਿੰਨ ਮੂਰਤੀ ਤੇ ਜਮਾਂ ਉਗਰ ਭੀੜ ਵਲੋਂ ਲਗਾਏ ਗਏ 'ਖ਼ੂਨ ਕਾ ਬਦਲਾ ਖ਼ੂਨ' ਵਰਗੇ ਉਤੇਜਿਤ ਨਾਰਿਆਂ ਨੂੰ ਪ੍ਰਸਾਰਤ ਕੀਤਾ ।

ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਸੀ ਕਿ ਦੁਕਾਨਾਂ ਦੇ ਨਾਂ ਹਿੰਦੀ ਜਾਂ ਅੰਗ੍ਰੇਜ਼ੀ ਵਿੱਚ ਸਨ । ਅਨਪੜ ਦੰਗਾਈਆਂ ਨੂੰ ਜਦੋਂ ਤੱਕ ਕੋਈ ਪੜ੍ਹਿਆ-ਲਿਖਿਆ ਜਾਂ ਲੋਕਲ ਆਦਮੀ ਨਹੀਂ ਦਸੇਗਾ, ਤਾਂ ਤੱਕ ਉਹ ਭਲਾ ਕਿਵੇਂ ਜਾਣ ਸਕਦੇ ਹਨ, ਕਿ ਦੁਕਾਨ ਹਿੰਦੂ ਦੀ ਹੈ ਜਾਂ ਸਿੱਖ ਦੀ ।

ਇਨ੍ਹਾਂ ਹਤਿਆਰਿਆਂ ਦੀ ਅਗਵਾਈ ਜਾਣੇ-ਪਹਿਚਾਨੇ ਇੰਕਾ ਨੇਤਾਵਾਂ ਤੇ ਵਰਕਰਾਂ ਨੇ ਕੀਤੀ ਸੀ । ਦਿੱਲੀ ਦੇ ਗੁਆਂਢੀ ਪਿੰਡਾਂ ਦੇ ਗੁੱਜਰ, ਜਾਟ, ਛੋਟੀਆਂ ਜਾਤਾਂ ਦੇ ਖ਼ਾਸ ਕਰਕੇ, ਇੰਕਾ ਸਮਰਥਕ ਕਾਫ਼ੀ ਲੋਕ ਸ਼ਾਮਲ ਸਨ । ਉਨ੍ਹਾਂ ਨੂੰ ਗੱਡੀਆਂ ਵਿੱਚ ਲਿਆਂਦਾ ਗਿਆ । ਹੱਤਿਆਰਿਆਂ ਨੇ ਆਪਣੀ ਹੱਤਿਆਰੀ ਯਾਤਰਾ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਡੀ. ਟੀ. ਸੀ. ਦੀਆਂ ਬੱਸਾਂ ਦੀ ਵਰਤੋਂ ਕੀਤੀ 'ਡੀ. ਟੀ. ਸੀ.' ਨੇ ਕਿਉਂ ਅਪਰਾਧੀਆਂ ਨੂੰ ਬੱਸਾਂ ਦਾ ਇਸਤੇਮਾਲ ਕਰਨ ਦਿੱਤਾ?

ਦਿੱਲੀ ਦੀਆਂ ਪੁਨਰਵਾਸ ਕਾਲੋਨੀਆਂ ਦੇ ਬਾਰੇ ਵਿੱਚ ਦਿੱਲੀ ਦੇ ਇੱਕ ਰਾਜਨੇਤਾ ਨੇ ਕਿਹਾ ਕਿ "ਯੇ ਕਾਂਗਰਸ (ਆਈ) ਕੀ ਰਖੈਲ ਹੈਂ ।" ਇਨ੍ਹਾਂ ਨੇ ਦੰਗਾ, ਹੱਤਿਆ ਤੇ ਲੁੱਟਪਾਟ ਵਿੱਚ ਕਾਫ਼ੀ ਮਹੱਤਵਪੂਰਨ ਰੋਲ ਅਦਾ ਕੀਤਾ ।

ਨਵੰਬਰ '84' ਵਿੱਚ ਤੱਤਕਾਲੀਨ ਗ੍ਰਹਿ-ਸੈਕਟਰੀ ਐਮ. ਐਮ. ਕੇ. ਵਲੀ ਜੋ 31 ਅਕਤੂਬਰ ਤੋਂ 3 ਨਵੰਬਰ ਤੱਕ ਭਾਰਤ ਸਰਕਾਰ ਦੇ ਗ੍ਰਹਿ-ਸੈਕਟਰੀ ਸਨ, ਕੀ ਹਜ਼ਾਰਾਂ ਲੋਕਾਂ ਦੇ ਕਤਲ ਹੋਣ ਤੇ ਗ੍ਰਹਿ ਮੰਤਰਾਲੇ ਦੀ ਪੂਰੀ ਪ੍ਰਸ਼ਾਸਨਿਕ ਜਿੰਮੇਵਾਰੀ ਨਹੀਂ ਸੀ ?

ਦੇਸ਼ ਦੇ ਪ੍ਰਸ਼ਾਸਨ ਦੇ ਮੁੱਖ ਅਧਿਕਾਰੀ ਦੀ ਪ੍ਰਮਾਣਤ ਅਸਫਲਤਾ ਦੇ ਬਾਵਜੂਦ ਉਸਨੂੰ ਦਿੱਲੀ ਦਾ ਲੈਫ਼ਟੀਨੈਂਟ ਗਵਰਨਰ ਬਣਾਇਆ ਗਿਆ ।

ਕੀ ਇਹ ਉਨ੍ਹਾਂ ਨੂੰ ਦੰਗਾ ਕਰਵਾਣ ਦੇ ਲਈ ਦਿੱਤਾ ਗਿਆ ਇਨਾਮ ਸੀ? ਨਵੰਬਰ '84' ਵਿੱਚ ਤੱਤਕਾਲੀਨ ਦਿੱਲੀ ਦੇ ਲੈਫ਼ਟੀਨੈਂਟ ਗਵਰਨਰ ਸ੍ਰੀ ਪੀ. ਜੀ. ਗਵੱਈ, ਜੋ ਇਸ ਘਟਨਾਕ੍ਰਮ ਦੇ ਦੌਰਾਨ ਦਿੱਲੀ ਪ੍ਰਸ਼ਾਸਨ ਦੇ ਪ੍ਰਮੁੱਖ ਜਿੰਮੇਵਾਰ ਸਨ ਅਤੇ ਉਨ੍ਹਾਂ ਨੂੰ ਨਿਰਦੋਸ਼ ਲੋਕਾਂ ਦੇ ਕਤਲੇਆਮ ਦੀ ਲਗਾਤਾਰ ਸੂਚਨਾ ਮਿਲਦੀ ਰਹੀ, ਪ੍ਰੰਤੂ ਉਨ੍ਹਾਂ ਨੇ ਇਨ੍ਹਾਂ ਸੂਚਨਾਵਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ।

ਦੋ ਨਵੰਬਰ ਸ਼ੁਕਰਵਾਰ ਸ਼ਾਮ ਨੂੰ ਲੈਫ਼ਟੀਨੈਂਟ ਗਵਰਨਰ ਪੀ. ਜੀ. ਗਵੱਈ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹਾਲਾਤ ਕੰਟਰੋਲ ਵਿੱਚ ਹਨ । ਲੇਕਿਨ ਉਦੋਂ ਤੱਕ ਹਜ਼ਾਰਾਂ ਸਿੱਖ ਮਾਰੇ ਜਾ ਚੁੱਕੇ ਸਨ ।

THE HINDUSTAN TIMES



Riot widows hold rally

Hindustan Times Correspondent

NEW DELHI, Oct. 12 — Over 200 November 1984 riot widows staged a march from Boat Club to Gola Mazhi Chowk today seeking pension of Rs 1,000, allotment of free flats among other demands and they said if their demands were not met by Oct. 31 they would be compelled to "march back to Punjab."

A spokesman of the All India Sikh Conference said the widows had been agitating for nearly three years for their legitimate demands but the authorities had remained apathetic. Between March and May this year, the AISC organised a series of protest meetings to press the demands of war widows following which assurances were made to them but not fulfilled.

"ਇਹ ਸਭ ਸਿੱਖਾਂ ਨੂੰ ਸਬਕ ਸਿਖਾਉਣ ਲਈ ਕੀਤਾ ਗਿਆ"

ਦੇਸ਼ ਦੇ ਇੱਕ ਵੱਡੇ ਨੇਤਾ ਅਤੇ ਇੰਦਰਾ ਗਾਂਧੀ ਦੇ ਪੁੱਤਰ ਸ੍ਰੀ ਰਾਜੀਵ ਗਾਂਧੀ ਨੇ ਦਿੱਲੀ ਹਵਾਈ ਅੱਡੇ ਤੇ ਉਤਰਦੇ ਹੀ ਆਪਣੀ ਪਾਰਟੀ ਦੇ ਵਰਕਰਾਂ ਨੂੰ ਕਿਹਾ ਕਿ "ਇੰਦਰਾ ਜੀ ਕੀ ਹੱਤਿਆ ਤੋ ਹੋ ਗਈ, ਔਰ ਆਪ ਅਬ ਯਹਾਂ ਕਿਆ ਕਰ ਰਹੇ ਹੋ, ਜਾਓ ਅਪਨੇ-ਅਪਨੇ ਰਾਜੋਂ ਮੇਂ ਜਾਕਰ ਸ਼ੋਕ ਮਨਾਓ ।

ਫਿਰ ਇਸੀ ਵੱਡੇ ਨੇਤਾ ਸ੍ਰੀ ਰਾਜੀਵ ਗਾਂਧੀ ਨੇ ਸ੍ਰੀਮਤੀ ਇੰਦਰਾ-ਗਾਂਧੀ ਦੀ ਹੱਤਿਆ ਤੋਂ ਬਾਦ ਵੋਟ ਕਲੱਬ ਤੇ ਇੱਕ ਬਹੁਤ ਵੱਡੀ ਰੈਲੀ ਵਿੱਚ ਲੱਖਾਂ ਲੋਕਾਂ ਦੇ ਸਾਹਮਣੇ ਅਤੇ ਦੂਰਦਰਸ਼ਨ ਦੇ ਰਾਹੀਂ ਕਰੋੜਾਂ ਲੋਕਾਂ ਦੇ ਸਾਹਮਣੇ ਸਿੱਖਾਂ ਦੇ ਮਾਰੇ ਜਾਣ ਨੂੰ ਠੀਕ ਦਸਦਿਆਂ ਹੋਇਆਂ ਕਿਹਾ, "ਜਬ ਭੀ ਕੋਈ ਬੜਾ ਪੇੜ ਗਿਰਤਾ ਹੈ, ਤੋ ਧਰਤੀ ਤੋ ਹਿਲਤੀ ਹੀ ਹੈ।" ਨਾਲ ਹੀ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ, "ਅਗਰ ਹਮਨੇ ਦੰਗੋਂ ਕੀ ਜਾਂਚ ਕਰਵਾਈ ਤੋ ਸਿੱਖੋਂ ਕੋ ਬਹੁਤ ਨੁਕਸਾਨ ਹੋਗਾ।"

ਸੂਤਰਾਂ ਤੋਂ ਪਤਾ ਚਲਦਾ ਹੈ ਕਿ ਦੰਗਿਆਂ ਦੀ ਵਿਯੂ-ਰਚਨਾ ਵਿੱਚ ਐਚ. ਕੇ. ਐਲ. ਭਗਤ, ਜਗਦੀਸ਼ ਟਾਈਟਲਰ, ਭਜਨ ਲਾਲ, ਅਰੁਣ ਨਹਿਰੂ, ਤੱਤਕਾਲੀਨ ਗ੍ਰਹਿ ਮੰਤਰੀ ਅਤੇ ਸਵਰਗੀ ਸ੍ਰੀ ਰਾਜੀਵ ਗਾਂਧੀ ਪਹਿਲੀ ਕਤਾਰ ਵਿੱਚ ਸਨ । ਭਜਨਲਾਲ ਨੇ ਹਰਿਆਣਾ ਤੋਂ ਰੋਡਵੇਜ਼ ਦੀਆਂ ਬੱਸਾਂ, ਟਰੱਕਾਂ ਵਿੱਚ ਸਰੀਏ, ਭਾਲੇ, ਆਰਮੀ ਦਾ ਚਿੱਟਾ ਪਾਊਡਰ ਅੱਗ ਲਗਾਣ ਲਈ, ਪੈਟਰੋਲ, ਤੇਲ, ਟਾਇਰਾਂ ਦੇ ਨਾਲ, ਹਰਿਆਣਾ ਦੇ ਪਿੰਡਾਂ ਦੇ ਲੋਕਾਂ ਨੂੰ ਲਿਆਕੇ ਅਤੇ ਦਿੱਲੀ ਦੇ ਨਜ਼ਦੀਕ ਯੂ. ਪੀ. ਦੇ ਪਿੰਡਾਂ ਤੋਂ, ਦਿੱਲੀ ਦੀਆਂ ਝੁੱਗੀ ਬਸਤੀਆਂ, ਪੁਨਰਵਾਸ ਕਾਲੋਨੀਆਂ ਤੋਂ ਲੋਕਾਂ ਨੂੰ ਟੈਂਪੂ, ਟਰੱਕਾਂ ਤੇ ਬੱਸਾਂ ਵਿੱਚ ਲਿਆਕੇ ਸਿੱਖਾਂ ਨੂੰ ਲੁੱਟਿਆ, ਜਲਾਇਆ ਅਤੇ ਉਨ੍ਹਾਂ ਦਾ ਕਤਲੇਆਮ ਕਰਵਾਇਆ ।

ਇਹ ਸਭ ਪਹਿਲਾਂ ਤੋਂ ਮਿੱਥੀ ਹੋਈ ਕਾਰਵਾਈ ਸੀ । ਸਾਰੀ ਦਿੱਲੀ ਵਿੱਚ ਸਿੱਖ ਪੁਲਿਸ ਅਫ਼ਸਰਾਂ ਤੋਂ ਉਨ੍ਹਾਂ ਦੇ ਹਥਿਆਰ ਜਮ੍ਹਾਂ ਕਰਵਾ ਲਏ, ਉਨ੍ਹਾਂ ਨੂੰ ਘਰਾਂ ਵਿੱਚ ਭੇਜ ਦਿੱਤਾ ਜਾਂ ਥਾਣਿਆਂ ਅਤੇ ਪੁਲਿਸ ਲਾਈਨ ਦੇ ਅੰਦਰ ਛੁੱਪ ਕੇ ਬਹਿ ਜਾਣ ਦੇ ਆਰਡਰ ਦੇ ਦਿੱਤੇ ਅਤੇ ਬਾਕੀ ਪੁਲਿਸ ਅਫ਼ਸਰਾਂ ਨੂੰ ਜਬਾਨੀ ਆਰਡਰ ਦਿੱਤੇ ਗਏ ਕਿ 'ਹਾਲਾਤ ਤੇ ਨਜ਼ਰ ਰਖੋਂ ਔਰ ਲੋਗੋਂ ਕੀ ਭੀੜ ਪਰ ਬਲ ਪ੍ਰਯੋਗ ਨਾ ਕਰੋਂ ।

ਖੁਦ ਹੀ ਨਿਰਦੋਸ਼ ਲੋਕਾਂ ਦੀਆਂ ਹੱਤਿਆਵਾਂ ਕਰਵਾ ਕੇ, ਖੁਦ ਹੀ ਦੰਗੇ ਰੋਕ ਕੇ ਕਾਂਗਰਸ ਦੇ ਨੇਤਾ, ਦੇਸ਼ ਦੇ ਸਾਹਮਣੇ ਬੜੇ ਬਹਾਦਰ ਬਨਣ ਲੱਗੇ ।

"ਦੇਖੋ ਸਾਹਬ—।

ਇੰਦਰਾ ਜੀ ਕੀ ਮੌਤ ਕੇ ਬਾਦ ਦੇਸ਼ ਟੂਟਨੇ ਵਾਲਾ ਥਾ, ਹਮ ਬਹਾਦੁਰੋਂ ਨੇ ਦੰਗੋਂ ਪਰ ਕਾਬੂ ਪਾ ਲਿਆ ਔਰ ਦੇਸ਼ ਕੋ ਟੂਟਨੇ ਸੇ ਬਚਾ ਲੀਆ ।"

ਬਹੁਤ ਸਾਰੇ ਹਿੰਦੂ ਭਰਾਵਾਂ ਨੂੰ ਇਸ ਲਈ ਨੁਕਸਾਨ ਪੁਚਾਇਆ ਗਿਆ ਕਿਉਂਕਿ ਉਨ੍ਹਾਂ ਨੇ ਸਿੱਖਾਂ ਦੀ ਮਦਦ ਕੀਤੀ ।

ਨਿਰਦੋਸ਼ ਸਿੱਖਾਂ ਦੇ ਕਤਲੇਆਮ ਦੇ ਵਕਤ ਸਾਹਸ, ਇਨਸਾਨੀਅਤ, ਅਤੇ ਆਪਸੀ ਭਾਈਚਾਰੇ ਦਾ

ذرا گاندھی کے قتل کے بعد دلی فسادات کی انکوائری نے ہوش اڑا دیئے

(12) سابق کانگریسی ایم پی پر مقدمہ



سجن کمار

نئی دہلی۔ تین سال قبل دہلی میں کانگریس کی حکومت اب ملک کی راجدھانی میں برسر اقتدار رہنے والی اپنی کمشنر نے اپنا اب کچھ بولا یا تھا۔ اس کا تصور اس سے کچھ اور جھوٹے سے تاثر حاصل ہوا تھا۔ سب کچھ برباد ہو گیا تھا۔

اتفاق سے کچھ کتاب بھر امیر کا پیچھا ہے اور اب اپنی کمشنر جیسی مسئولہ ہے کی زندگی میں دوبارہ ایک کرن بھرتی ہے اسے ہمیں اعتماد کے کرب سے گزرنا پڑا۔ اہم کمر دلی پولیس کی اپنی کی باتوں پر یقین آگیا اور اس سابق ممبر پارلیمنٹ کا کیا ہوا" اور دوسروں پر مقدمہ

نئی دہلی میں فساد زدگان کے دشتہ طریکم نومبر کو مظاہرہ کرتے ہوئے۔ جن میں اکثریت عورتوں کی تھی اور جن کے شوہر، باپ، بیٹے یا بھائی نومبر ۸۴ فساد میں مارے گئے تھے۔

> سجن کمار
> ان تین یا چار نمایاں جماعت کے لیڈروں میں سے تھے جنہوں نے مبینہ طور پر نومبر فساد میں بہت بڑھ چڑھ کر حصہ لیا تھا۔

ہمیں تب تک حالات بہتر نظر آنے لگے اور دلی پولیس جو بھی مجرموں کے کٹہرے میں کھڑا کرنے کا ذمہ دار تھی نومبر فساد میں ہوئے کئی حقیقت سے آگاہ ہو گئی جیسی سیفٹی کی کئی کی تفصیلات بھی جس کا تاثر آج انڈیا ٹائمز میں چھپی تھیں۔ پولیس کمشنر ویدھاوا ہاتھ باندھے بیٹھے ہوئے تھے جنکی اپنی تفصیلات کے خارج ہو جانے کے بعد انہیں باہر جانا پڑا۔

بعد میں مارپیٹ کا۔ بیان سننے میں آیا کہ وہ کہتے ہیں کہ سجن کمار کے خلاف مقدمہ تیار کر لیا گیا ہے لیکن چار ماہ شیٹ اس وقت تک پیش نہیں کی جائے گی جب تک اس سلسلے میں دلی انتظامیہ سے گفتگو نہیں ہو جاتی۔ چھٹے کے بعد تک تمام پولیس کمشنر اس مقدمے میں بات کر چکے ہیں۔

ہے کہ تحقیقات کو صحیح معنی میں ختم کیا جائے۔"

اس کے بعد کانگریس جس تحقیق کی تشکیل عمل میں آئی اصل میں سنجن کمار

سپلیمنٹ دلی بیورو

ہر سکھوں کو کھانے، جانے کا اشتعال دلایا۔ اس ہجوم کو اشتعال

اسپیکر کور نے بہت جس بازی اور اسمبلی تک جھاڑ مار کیا جا رہا ہے جی کیسے جا ہوا تھا۔ جان بچانے کے بعد اسمبلی نے اضافات کے لئے ایک مہاراز لڑا کر

ਪ੍ਰਦਰਸ਼ਨ ਉਨ੍ਹਾਂ ਹਿੰਦੂ-ਮੁਸਲਮਾਨ ਗੁਆਂਢੀਆਂ ਨੇ ਕੀਤਾ, ਜਿੰਨਾਂ ਨੇ ਜਬਰਦਸਤ ਹਿੰਸਾਗ੍ਰਸਤ ਇਲਾਕਿਆਂ ਵਿੱਚ ਸਿੱਖਾਂ ਦੀ ਮਦਦ ਕੀਤੀ ।

ਜੇਕਰ ਇਹ ਗੁਆਂਢੀ ਉਨ੍ਹਾਂ ਦੀ ਮਦਦ ਨਾ ਕਰਦੇ, ਤਾਂ ਉਨ੍ਹਾਂ ਨੂੰ ਵੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਜਾਂਦਾ । ਸ਼ਾਇਦ ਫਿਰ ਦਿੱਲੀ ਵਿੱਚ ਪੰਜ ਹਜ਼ਾਰ ਸਿੱਖਾਂ ਦੇ ਕਤਲ ਦੀ ਜਗ੍ਹਾ ਹੋਰ ਜ਼ਿਆਦਾ ਸਿੱਖਾਂ ਦਾ ਕਤਲ ਹੁੰਦਾ ।

ਕਲਿਆਣਪੁਰੀ ਵਿੱਚ ਬਹੁਤ ਸਾਰੇ ਹਿੰਦੂ ਪਰਿਵਾਰਾਂ ਨੇ ਦੰਗਾਈਆਂ ਤੋਂ ਸਿੱਖਾਂ ਨੂੰ ਬਚਾਇਆ । ਬਹੁਤ ਸਾਰੇ ਹਿੰਦੂਆਂ ਨੂੰ ਇਸ ਲਈ ਨੁਕਸਾਨ ਪੁਚਾਇਆ ਗਿਆ ਕਿਉਂਕਿ ਉਨਾਂ ਨੇ ਸਿੱਖਾਂ ਦੀ ਮਦਦ ਕੀਤੀ । ਖਿਚੜੀਪੁਰ ਦੀ ਇੱਕ ਗਲੀ ਦੇ ਮੋੜ ਤੇ ਖੜੀ ਹਮਲਾਵਰੀ ਭੀੜ ਦੀ ਪਰਵਾਹ ਨਾ ਕਰਦੇ ਹੋਏ ਉਥੋਂ ਦੇ ਹਿੰਦੂਆਂ ਨੇ ਬਹੁਤ ਸਾਰੇ ਸਿੱਖਾਂ ਨੂੰ ਬਚਾਇਆ ।

ਬਹੁਤ ਸਾਰੇ ਲਾਪਤਾ ਸਿੱਖ ਬੱਚਿਆਂ ਅਤੇ ਕੁੜੀਆਂ ਨੂੰ ਹਿੰਦੂ ਪਰਿਵਾਰਾਂ ਨੇ ਆਪਣੇ ਘਰਾਂ ਵਿੱਚ ਸੁਰਖਿਅਤ ਰਖਿਆ । ਇਸੀ ਤਰ੍ਹਾਂ ਆਜ਼ਾਦਪੁਰ, ਜੀ. ਟੀ. ਕਰਨਾਲ ਰੋਡ, ਮੁਨੀਰਕਾ ਪਿੰਡ, ਅਤੇ ਮੁਨੀਰਕਾ ਕਾਲੋਨੀ ਵਿੱਚ ਰਹਿਣ ਵਾਲੇ ਹਿੰਦੂਆਂ ਨੇ ਸਿੱਖ ਪਰਿਵਾਰਾਂ ਨੂੰ ਸ਼ਰਨ ਦੇਕੇ ਉਨ੍ਹਾਂ ਦੀ ਰੱਖਿਆ ਕੀਤੀ । ਮਯੂਰ ਵਿਹਾਰ ਵਿੱਚ ਰਹਿਣ ਵਾਲੇ ਤੀਹ ਸਿੱਖ ਪਰਿਵਾਰਾਂ ਦੀ ਇਸ ਕਾਂਡ ਦੇ ਦੌਰਾਨ ਪੂਰੇ ਮੁਹੱਲੇ ਨੇ ਰੱਖਿਆ ਕੀਤੀ ਅਤੇ ਇਨ੍ਹਾਂ ਸਿੱਖ ਪਰਿਵਾਰਾਂ ਤੇ ਬਾਹਰੀ ਤੱਤਾਂ ਦੇ ਹਮਲੇ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮਯਾਬ ਬਣਾਈਆਂ । ਵੱਖਰੇ-ਵੱਖਰੇ ਸੂਤਰਾਂ ਤੋਂ ਇੱਕਠੀਆਂ ਸੂਚਨਾਵਾਂ ਦੇ ਆਧਾਰ ਤੇ ਤ੍ਰਿਲੋਕਪੁਰੀ ਵਿੱਚ ਵੀ ਬਹੁਤ ਸਾਰੇ ਹਿੰਦੂਆਂ ਨੇ ਸਿੱਖਾਂ ਨੂੰ ਬਚਾਇਆ । ਇੱਕ ਸਿੱਖ ਫੌਜੀ ਅਫ਼ਸਰ ਦੇ ਮੁਤਾਬਕ ਜਿਨਾਂ ਇਲਾਕਿਆਂ ਵਿੱਚ ਸਿੱਖ ਪਰਿਵਾਰਾਂ ਨੂੰ ਉਨ੍ਹਾਂ ਨੇ ਬਾਹਰ ਕੱਢਿਆ, ਉਨ੍ਹਾਂ ਵਿੱਚੋਂ ਘੱਟ ਤੋਂ ਘੱਟ 70 ਪ੍ਰਤੀਸ਼ਤ ਨੂੰ ਹਿੰਦੂ ਗੁਆਂਢੀਆਂ ਨੇ ਸ਼ਰਨ ਦਿੱਤੀ ਸੀ ।

ਇੱਕ ਨਵੰਬਰ ਤੋਂ ਪੰਜ ਨਵੰਬਰ ਤੱਕ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨੇ ਦਿੱਲੀ ਵਿੱਚ ਐਸੇ ਕਈ ਮੁਹੱਲਿਆਂ ਤੇ ਪਹਿਰਾ ਦਿੱਤਾ, ਜਿੱਥੇ ਸਿੱਖ ਅਸੁਰੱਖਿਅਤ ਸਨ । ਦੰਗਿਆਂ ਦੇ ਦੌਰਾਨ ਸਿੱਖਾਂ ਨੂੰ ਬਚਾਣ ਵਿੱਚ ਦਿੱਲੀ ਯੂਨੀਵਰਸਿਟੀ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ ।

ਦਿੱਲੀ ਵਿੱਚ ਲਗਭਗ 30 ਮਦਦ ਕੈਂਪ ਸੀ (ਕੈਂਪ-ਦੰਗਾ-ਪੀੜਤ) ਜੋ ਇਸ ਤਰ੍ਹਾਂ ਹਨ :-

1 ਮਾਡਲ ਸਕੂਲ ਨੰ : 1 ਅਤੇ 2 ਲੁਡਲੋ ਕੈਸਲ, ਅਲੀਪੁਰ ਰੋਡ ।

2 ਰਾਜਕੀਯ ਉੱਚਤਰ ਮਾਧਅਮਿਕ ਵਿਦਿਆਲਯ (ਸ਼ਾਮਲਾਲ ਕਾਲਜ ਦੇ ਨਜ਼ਦੀਕ) ਸ਼ਾਹਦਰਾ ।

3 ਪੁਲਿਸ ਥਾਣਾ ਫ਼ਰਸ਼ ਬਾਜ਼ਾਰ ।

4 ਪੁਲਿਸ ਥਾਣਾ ਗਾਂਧੀ ਨਗਰ ।

5 ਰਾਜਕੀਯ ਉੱਚਤਰ ਵਿਦਿਆਲਯ, ਰਾਧੂ ਸਿਨੇਮਾ ਦੇ ਸਾਮ੍ਹਣੇ, ਪੁਲਿਸ ਥਾਣਾ, ਸ਼ੱਕਰਪੁਰ ।

6 ਭਾਈ ਮੋਤਾ ਸਿੰਘ ਸਕੂਲ 'ਏ' ਬਲਾਕ, ਜਨਕਪੁਰੀ

7 ਰਾਜਕੀਯ ਉੱਚਤਰ ਮਾਧਮਿਕ ਵਿਦਿਆਲਯ, ਸ਼ਕੂਰਪੁਰ, ਰਾਣੀ ਬਾਗ

THE HINDUSTAN TIMES

Riot-hit kids' memo to President

Evening News Correspondent

NEW DELHI, Nov. 4—The November 1984 riot-affected orphans and children, aged between 4 and 12 years, marched from Amar Jawan Jyoti to Rashtrapati Bhawan yesterday, but were stopped at the Boat Club here.

A deputation of five children was permitted in to Rashtrapati Bhawan where they presented a memorandum demanding dismissal of the Rajiv Gandhi Government for working against national interest with disastrous consequences in total disregard to normal norms."

The children's march was organised by the All-India Sikh Conference demanding prosecution of all those involved in the riots and accused the Government of not owning responsibility

8 ਰਾਜਕੀਯ ਉੱਚਤਰ ਮਾਧਮਿਕ ਕੰਨਿਆ ਵਿਦਿਆਲਯ, ਸ਼ਕੂਰਪੁਰ

9 ਪੁਲਿਸ ਥਾਣਾ, ਸਬਜ਼ੀ ਮੰਡੀ

10 ਪੁਲਿਸ ਥਾਣਾ, ਸਦਰ ਬਾਜ਼ਾਰ

11 ਬਾਲਾ ਸਾਹਿਬ ਗੁਰਦਵਾਰਾ

12 ਨਾਨਕਸਰ ਆਸ਼ਰਮ

13 ਦੁਰਗਾਪੁਰੀ ਗੁਰਦਵਾਰਾ

14 ਜਯੋਤੀ ਨਗਰ ਗੁਰਦਵਾਰਾ

15 ਬਾਬਾ ਬੰਦਾ ਸਿੰਘ ਗੁਰਦਵਾਰਾ, ਮਹਿਰੋਲੀ

16 ਤੇਲੀਵਾੜਾ ਗੁਰਦਵਾਰਾ

17 ਹਰੀਨਗਰ ਗੁਰਦਵਾਰਾ

18 ਫਤਿਹ ਨਗਰ ਗੁਰਦਵਾਰਾ

19 ਏਅਰਫੋਰਸ ਸਟੇਸ਼ਨ ਗੁਰਦਵਾਰਾ, ਸੁਬਰੋਤੋ ਪਾਰਕ

20 ਸਦਰ ਬਾਜ਼ਾਰ ਗੁਰਦਵਾਰਾ, ਦਿੱਲੀ ਕੈਂਟ

21 ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ, ਜੰਗਪੁਰਾ ਐਕਸਟੇਂਸ਼ਨ

22 ਪੰਚਸ਼ੀਲ ਪਾਰਕ ਗੁਰਦਵਾਰਾ

23 ਪਿਸ਼ੋਰੀ ਗੁਰਦਵਾਰਾ, ਤਿਲਕਨਗਰ

24 ਪਾਂਡਵ ਨਗਰ ਗੁਰਦਵਾਰਾ

25 ਔਪਨ ਸੁਲਤਾਨਪੁਰੀ ਕੈਂਪ

26 ਵਿਨੋਦ ਨਗਰ ਇਲਾਕਾ, ਪਟਪੜਗੰਜ

27 ਹੰਸਰਾਜ ਮਾਡਲ ਸਕੂਲ ਕੈਂਪ, ਕ੍ਰਿਸ਼ਨ ਨਗਰ

28 ਕਲਿਆਣਪੁਰੀ 13 ਬਲਾਕ

29 ਸ਼ੰਭੂਦਿਆਲ ਕਾਲਜ, ਗਾਜ਼ੀਆਬਾਦ

30 ਸਿੰਘ ਸਭਾ ਗੁਰਦਵਾਰਾ, ਗੁੜਗਾਂਵਾਂ ।

ਇਨ੍ਹਾਂ ਮਦਦਗਾਰ ਕੈਂਪਾਂ ਵਿੱਚ ਲਗਭਗ ਇੱਕ ਲਖ ਪੀੜਤ ਸਿੱਖ ਲੋਕ ਸ਼ਰਨ ਲਏ ਹੋਏ ਸਨ । ਇਨ੍ਹਾਂ ਦੰਗਿਆਂ ਵਿੱਚ ਲਗਭਗ 5000 ਨਿਰਦੋਸ਼ ਸਿੱਖਾਂ ਦੀ ਹੱਤਿਆ ਹੋਈ ਸੀ । ਸਰਕਾਰੀ ਆਂਕੜਿਆਂ ਵਿੱਚ ਮਰਣ ਵਾਲਿਆਂ ਦੀ ਗਿਣਤੀ 2,733 ਹੈ, ਪ੍ਰੰਤੂ ਜਿਹੜੇ ਸਿੱਖ ਦੰਗਿਆਂ ਵਿੱਚ ਲਾਪਤਾ ਹੋਏ ਹਨ, ਉਨ੍ਹਾਂ ਨੂੰ ਸਰਕਾਰ ਮਰਣ ਵਾਲਿਆਂ ਦੀ ਗਿਣਤੀ ਵਿੱਚ ਸ਼ਾਮਲ ਨਹੀਂ ਕਰਦੀ ।

TIMES OF INDIA

ਇਨਸਾਫ ਦੀ ਮੰਗ ਨੂੰ ਲੇਕੇ ਨਵੰਬਰ 1984 ਦੀਆਂ ਹਜ਼ਾਰਾਂ ਵਿਧਵਾਵਾਂ ਨੇ ਆੱਲ ਇੰਡੀਆ ਸਿੱਖ ਕਾਨਫਰੰਸ (ਬੱਬਰ) ਵਲੋਂ ਆਰਗਨਾਈਜ਼ ਇਕ ਬਹੁਤ ਵੱਡਾ ਪ੍ਰਦਰਸ਼ਨ, ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਘਰ ਦੇ ਬਾਹਰ ਕੀਤਾ।

Sarkari Qatl-e-Aam

ਨਵੰਬਰ "84" ਹਤਿਆਕਾਂਡ ਦੀ ਜਾਂਚ ਕਰਨ ਲਈ ਹੁਣ ਤੱਕ ਬਣੀਆਂ ਜਾਂਚ ਕਮੇਟੀਆਂ ਹੇਠਾਂ ਲਿਖੀਆਂ ਹਨ :-



ਹਰ ਇੱਕ ਕਮੇਟੀ ਦੇ ਬਾਦ ਦੂਜੀ ਕਮੇਟੀ ਬਣੀ, ਠੋਕਿਠ—।

STATESMAN

UNI

Activists of the All-India Sikh Conference (Babbar) demanding that the Congress oust those responsible for the bloodshed of innocent Sikhs during the 1984 riots, in the Capital on Friday.

Sikhs plan rally at AICC venue

NEW DELHI, June 8—The All India Sikh Conference has decided to stage a demonstration at the venue of the AICC session to protest against the inclusion of leaders who have criminal cases against them from participating in the session.

The AISC general secretary Gurcharan Singh Babbar said that his organisation would appeal to the session to remove Mr H. K. L. Bhagat from the chairmanship of the reception committee of the AICC session

"ਯੋਜਨਾਬੱਧ ਤਰੀਕੇ ਨਾਲ ਕਤਲੇਆਮ"

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਤਲ ਕਈ ਸਦੀਆਂ ਤੋਂ ਹੁੰਦੇ ਆਏ ਹਨ ਅਤੇ ਕਤਲ ਕਰਨ ਦਾ ਤਰੀਕਾ ਵੀ ਹਰ ਯੁੱਗ ਵਿੱਚ ਅਲੱਗ-ਅਲੱਗ ਰਿਹਾ ਹੈ । ਕਦੇ ਲੋਕ ਪੱਥਰਾਂ ਨਾਲ ਮਾਰਿਆ ਕਰਦੇ ਸਨ, ਕਦੀ ਭਾਲੇ, ਬਰਛਿਆਂ ਨਾਲ ਕਦੀ ਤੀਰ ਕਮਾਨਾਂ ਨਾਲ ਕਤਲ ਕਰਦੇ ਸਨ । ਜ਼ਮਾਨਾ ਬਦਲਿਆ, ਲੋਕ ਗੋਲੀਆਂ ਚਲਾਕੇ ਕਤਲ ਕਰਨ ਲੱਗੇ ਜਾਂ ਬੰਬ ਚਲਾਕੇ ਲੋਕਾਂ ਨੂੰ ਮਾਰਨ ਲੱਗੇ । ਅੱਜ ਦੇ ਯੁਗ ਵਿੱਚ ਜਿੱਥੇ ਕਿਧਰੇ ਵੀ ਕਤਲ ਹੋ ਰਿਹਾ ਹੈ, ਉਹ ਗੋਲੀ ਮਾਰਕੇ ਜਾਂ ਬੰਬ ਸੁੱਟ ਕੇ ਕੀਤਾ ਜਾ ਰਿਹਾ ਹੈ ਅਤੇ ਇਸ ਸਦੀ ਵਿੱਚ ਨਵੰਬਰ '84' ਦੇ ਵਕਤ ਜੱਦੋਂ ਕਤਲੇਆਮ ਹੋਇਆ, ਉਹ ਇੱਕ ਅਜੀਬੋ-ਗਰੀਬ ਤਰੀਕੇ ਦਾ ਕਤਲੇਆਮ ਸੀ । ਇਹ ਕਤਲ ਜਿੱਥੇ ਵੀ ਹੋਏ ਉੱਥੇ-ਉੱਥੇ ਕਾਂਗਰਸ (ਈ) ਦੀਆਂ ਸਰਕਾਰਾਂ ਸਨ ਅਤੇ ਜਦੋਂ ਇਹ ਕਤਲੇਆਮ ਸ਼ੁਰੂ ਹੋਇਆ ਤਾਂ ਉਸਦਾ ਵਕਤ ਹਰ ਜਗ੍ਹਾ ਇੱਕੋ ਜਿਹਾ ਸੀ ਅਤੇ ਮਾਰਨ ਦਾ ਤਰੀਕਾ ਵੀ ਇੱਕੋ ਜਿਹਾ ਹੀ ਸੀ । ਕਤਲੇਆਮ ਕਰਨ ਵਾਲੇ ਕਾਤਲਾਂ ਦਾ ਤਰੀਕਾ ਸਾਰੀ ਦਿੱਲੀ ਵਿੱਚ, ਕਾਨਪੁਰ ਵਿੱਚ ਵੀ ਉਹੀ ਬਿਹਾਰ ਦੇ ਬੋਕਾਰੋ ਵਿੱਚ ਅਤੇ ਉਹੀ ਦੇਸ਼ ਦੇ ਵੱਖੋ-ਵੱਖ ਹਿੱਸਿਆਂ ਵਿੱਚ ਸੀ । ਇੱਕ ਹੀ ਤਰੀਕੇ ਨਾਲ ਕਤਲ ਸ਼ੁਰੂ ਕਰਨਾ ਅਤੇ ਕਤਲੇਆਮ ਕਰਨਾ ਨਿਸ਼ਚਿਤ ਹੀ ਯੋਜਨਾਬੱਧ ਸੀ, ਪਹਿਲੇ ਤੋਂ ਹੀ ਤਿਆਰ ਕੀਤਾ ਗਿਆ ਪਲਾਨ ਸੀ ਜਾਂ ਕਿਸੀ ਚੰਗੀ ਕੰਪਨੀ (ਪਾਰਟੀ) ਦਾ ਕੰਮ ਸੀ, ਕਿਉਂਕਿ ਇੱਕ ਹੀ ਤਰੀਕੇ ਨਾਲ ਪੁਲਿਸ ਖਾਮੋਸ਼ ਸੀ ਅਤੇ ਹਰ ਥਾਂ ਪੁਲਿਸ ਹਤਿਆਰਿਆਂ ਦੇ ਨਾਲ ਸ਼ਾਮਲ ਸੀ ਅਤੇ ਇੱਕੋ ਹੀ ਤਰੀਕੇ ਨਾਲ ਸਾਰੇ ਦੇਸ਼ ਵਿੱਚ ਪੁਲਿਸ ਅਧਿਕਾਰੀ ਅਪਣੇ ਪੁਲਿਸ ਹੈਡਕਵਾਟਰਾਂ ਤੋਂ ਗਾਇਬ ਸੀ ਅਤੇ ਜਿਸ ਤਰੀਕੇ ਨਾਲ ਦਿੱਲੀ ਵਿੱਚ ਪੁਲਿਸ ਬੁਲਾਣ ਜਾਂ ਟੈਲੀਫੋਨ ਕਰਨ ਤੇ ਜਿਹੜਾ ਉੱਤਰ ਮਿਲਦਾ ਸੀ।

ਉਸੀ ਤਰ੍ਹਾਂ ਦਾ ਜਵਾਬ ਕਾਨਪੁਰ, ਬੋਕਾਰੋ ਦੇ ਪੁਲਿਸ ਅਧਿਕਾਰੀਆਂ ਤੋਂ ਮਿਲਦਾ ਸੀ । ਜਿਸ ਤਰ੍ਹਾਂ ਦਿੱਲੀ ਵਿੱਚ ਕਤਲੇਆਮ ਹੋਣ ਤੋਂ ਬਾਦ ਪੁਲਿਸ ਅਧਿਕਾਰੀ ਕੇਸ ਰਜਿਸਟਰਡ ਨਹੀਂ ਕਰਦੇ ਸਨ । ਉਸੀ ਤਰ੍ਹਾਂ ਕਾਨਪੁਰ, ਬੋਕਾਰੋ ਅਤੇ ਦੇਸ਼ ਦੇ ਹੋਰ ਹਿੱਸਿਆਂ ਦੇ ਪੁਲਿਸ ਅਧਿਕਾਰੀ ਕੇਸ ਰਜਿਸਟਰਡ ਨਹੀਂ ਕਰਦੇ ਸਨ । ਇੱਕ ਹੀ ਤਰੀਕੇ ਨਾਲ ਸਿੱਖਾਂ ਨੂੰ ਘਰਾਂ ਵਿੱਚੋਂ ਕੱਢਕੇ ਜਿੰਦਾ ਪੈਟਰੋਲ ਪਾ ਕੇ, ਤੇਲ ਪਾਕੇ, ਗਲੇ ਵਿੱਚ ਟਾਇਰ ਪਾਕੇ ਅੱਗ ਲਗਾ ਦਿੱਤੀ ਜਾਂਦੀ ਸੀ, ਠੀਕ ਉਸੀ ਤਰ੍ਹਾਂ ਕਾਨਪੁਰ, ਬੋਕਾਰੋ ਅਤੇ ਦੇਸ਼ ਦੇ ਦੂਜੇ ਹਿੱਸਿਆਂ ਵਿੱਚ ਕਤਲੇਆਮ ਹੋ ਰਿਹਾ ਸੀ । ਜਿਸ ਤਰ੍ਹਾਂ ਦਿੱਲੀ ਵਿੱਚ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਗਨ-ਭੇਟ ਕੀਤਾ ਜਾ ਰਿਹਾ ਸੀ, ਠੀਕ ਉਸੀ ਤਰ੍ਹਾਂ ਕਾਨਪੁਰ, ਬੋਕਾਰੋ ਅਤੇ ਦੇਸ਼ ਦੇ ਵੱਖ-ਵੱਖ ਥਾਵਾਂ 'ਤੇ ਕੀਤਾ ਜਾ ਰਿਹਾ ਸੀ, ਜਿਸ ਤਰ੍ਹਾਂ ਦਿੱਲੀ ਵਿੱਚ ਸਿੱਖ ਨੌਜਵਾਨ ਕੁੜੀਆਂ ਦੇ ਨਾਲ ਅਤੇ ਔਰਤਾਂ ਨਾਲ ਸਮੂਹਿਕ ਬਲਾਤਕਾਰ ਹੋ ਰਿਹਾ ਸੀ, ਉਸੀ ਤਰ੍ਹਾਂ ਕਾਨਪੁਰ, ਬੋਕਾਰੋ ਅਤੇ ਦੇਸ਼ ਦੇ ਦੂਜੇ ਹਿੱਸਿਆਂ ਵਿੱਚ ਵੀ ਹੋ ਰਿਹਾ ਸੀ।

ਸਾਬਕਾ ਪ੍ਰਧਾਨ ਮੰਤਰੀ ਸਵਰਗੀ ਸ਼੍ਰੀ ਚੰਦਰ ਸ਼ੇਖਰ ਨਵੰਬਰ 1984 ਦੇ ਦੰਗਾ ਪੀੜਤਾਂ ਦੀ ਰੈਲੀ ਵਿੱਚ ਸ਼ਾਮਿਲ ਹੋਏ, ਉਨ੍ਹਾਂ ਨੇ ਕਾਂਗਰਸ ਸਰਕਾਰ ਨੂੰ ਵੰਗਾਰਦੇ ਹੋਏ ਕਿਹਾ ਕਿ ਉਹ ਨਵੰਬਰ 1984 ਦੇ ਪੀੜਤਾਂ ਦੀਆਂ ਮੰਗਾ ਮੰਨੇ।(ਤਸਵੀਰ ਵਿੱਚ ਸਰਦਾਰ ਗੁਰਚਰਨ ਸਿੰਘ ਬੱਬਰ ਉਨ੍ਹਾਂ ਨਾਲ ਹਨ)

ਦਿੱਲੀ ਦੰਗਿਆਂ ਦੇ ਕਤਲੇਆਮ ਦੇ ਦੌਰਾਨ, ਲੁੱਟਪਾਟ ਦੇ ਦੌਰਾਨ ਇੱਕ ਖਾਸ ਕਿਸਮ ਦੇ ਚਿੱਟੇ ਰੰਗ ਦੇ ਪਾਊਡਰ ਦੀ ਵਰਤੋਂ ਦਿੱਲੀ ਵਿੱਚ ਹੋ ਰਹੀ ਸੀ । ਇੱਕ ਖ਼ਾਸ ਕਿਸਮ ਦਾ ਪਾਊਡਰ, ਇੱਕ ਖ਼ਾਸ ਕੈਮੀਕਲ ਨਾਲ ਬਣਿਆ ਹੁੰਦਾ ਹੈ, ਅਤੇ ਇਹ ਜੰਗ ਦੇ ਦੌਰਾਨ ਹੀ ਵਰਤਿਆ ਜਾਂਦਾ ਹੈ, ਜੋ ਮਿਲਟਰੀ ਦੇ ਕੋਲ ਹੈ । ਲੇਕਿਨ ਇਸਦੀ ਵਰਤੋਂ ਦਿੱਲੀ ਦੇ ਨਾਲ-ਨਾਲ ਕਾਨਪੁਰ, ਬੋਕਾਰੋ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵਰਤਦੇ ਹੋਏ ਦੰਗਾਈਆਂ ਨੂੰ ਦੇਖਿਆ ਗਿਆ ।

ਦੂਰਦਰਸ਼ਨ ਤੇ ਲਗਾਤਾਰ ਤਿੰਨ ਦਿਨ ਇੰਦਰਾ ਗਾਂਧੀ ਦੀ ਮ੍ਰਿਤਕ ਦੇਹ ਨੂੰ 24 ਘੰਟੇ ਦੂਰਦਰਸ਼ਨ ਤੇ ਰੱਖਕੇ ਅਤੇ ਉਸਤੇ ਨਾਰੇ ਲਗਾਂਦੇ ਹੋਏ ਦਿਖਾਣਾ ਕਿ "ਖ਼ੂਨ ਕਾ ਬਦਲਾ ਖ਼ੂਨ", "ਖ਼ੂਨ ਕਾ ਬਦਲਾ ਖ਼ੂਨ", ਇਹ ਦੰਗਾਈਆਂ ਨੂੰ ਕਾਂਗਰਸ ਪਾਰਟੀ ਦਾ ਇੱਕ ਇਸ਼ਾਰਾ ਸੀ ਕਿ ਖ਼ੂਨ ਦਾ ਬਦਲਾ ਖ਼ੂਨ ਨਾਲ ਲਵੋ ਅਤੇ ਫਿਰ ਕਤਲੇਆਮ ਦਾ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਇੱਕੋ ਹੀ ਟਾਈਮ ਤੇ ਅਚਾਨਕ ਰੁੱਕ ਜਾਣਾ ਅਤੇ ਉਸ ਵਕਤ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਪੀ. ਵੀ. ਨਰਸਿਮ੍ਹਾ ਰਾਓ ਦਾ ਦੂਰਦਰਸ਼ਨ ਤੇ ਸਪੈਸ਼ਲ ਬੁਲੇਟਿਨ ਰਾਸ਼ਟਰ ਦੇ ਨਾਂ ਦੇਣਾ ਅਤੇ ਉਸ ਵਿੱਚ ਦੰਗਾਈਆਂ ਨੂੰ ਕਹਿਣਾ ਕਿ 'ਭਾਈ ਅਬ ਤੋ ਬਸ ਕਰੋ, ਬਹੁਤ ਹੋ ਗਿਆ ਹੈ' । ਇਸਦਾ ਮਤਲਬ ਸਾਫ਼ ਹੈ ਕਿ ਭਾਈ ਅਸੀਂ ਜਿੰਨਾਂ ਚਾਹੁੰਦੇ ਸੀ, ਉਹ ਹੋ ਗਿਆ ਹੈ । ਹੁਣ ਬੱਸ ਕਰੋ । ਇਹ ਸਾਰੀਆਂ ਗੱਲਾਂ ਤੇ ਸਾਰੇ ਹਾਲਾਤ ਇਸ਼ਾਰਾ ਦੇਂਦੇ ਹਨ ਕਿ ਇਹ ਹੱਤਿਆਕਾਂਡ ਇੱਕ ਯੋਜਨਾਬੱਧ ਤਰੀਕੇ ਨਾਲ ਕੀਤਾ ਅਤੇ ਕਰਵਾਇਆ ਗਿਆ ਸੀ । ਇਸ ਵਿੱਚ ਉਸ ਵਕਤ ਦੀ ਸਰਕਾਰ, ਕਾਂਗਰਸ ਪਾਰਟੀ, ਉਸ ਵਕਤ ਦੇ ਗ੍ਰਹਿ ਮੰਤਰੀ ਅਤੇ ਪੁਲਿਸ ਦੇ ਉੱਚ ਅਧਿਕਾਰੀ ਪੂਰੀ ਤਰ੍ਹਾਂ ਨਾਲ ਸ਼ਾਮਿਲ ਸਨ ।

ਉਸ ਵਕਤ ਇੱਕ ਗੱਲ ਹੋਰ ਵੀ ਦੇਖਣ ਵਿੱਚ ਆਈ ਕਿ ਦਿੱਲੀ ਵਿੱਚ ਸਿੱਖ ਪੁਲਿਸ ਅਧਿਕਾਰੀਆਂ ਤੋਂ ਉਨ੍ਹਾਂ ਦੇ ਸਰਕਾਰੀ ਹਥਿਆਰ ਜਮ੍ਹਾਂ ਕਰਵਾ ਲਏ ਗਏ । ਇੰਝ ਦਿੱਲੀ, ਕਾਨਪੁਰ, ਬੋਕਾਰੋ ਅਤੇ ਦੇਸ਼ ਦੇ ਹਰ ਹਿੱਸੇ ਵਿੱਚ ਹੋਇਆ ਅਤੇ ਕਤਲੇਆਮ ਰੁਕਣ ਤੋਂ ਬਾਦ ਇੱਕੋ ਹੀ ਤਰੀਕੇ ਨਾਲ ਦਿੱਲੀ, ਕਾਨਪੁਰ ਤੇ ਬੋਕਾਰੋ ਅਤੇ ਦੇਸ਼ ਦੇ ਦੂਜੇ ਹਿੱਸਿਆਂ ਵਿੱਚ ਕਾਂਗਰਸੀਆਂ ਵਲੋਂ ਹਿੰਦੂ-ਸਿੱਖ ਭਾਈ-ਭਾਈ, ਗਲੀ-ਗਲੀ ਮਹੱਲੇ-ਮਹੱਲੇ ਵਿੱਚ ਨਾਰੇ ਲਗਵਾਏ ਤਾਂ ਕਿ ਲੋਕ ਸਮਝਣ ਕਾਂਗਰਸ ਹਿੰਦੂ-ਸਿੱਖ-ਭਾਈ-ਭਾਈ ਦੇ ਨਾਰੇ ਲਗਾ ਰਹੀ ਹੈ । ਇਹ ਵੀ ਇੱਕ ਯੋਜਨਾ ਸੀ । ਇਸ ਤਰ੍ਹਾਂ ਦਾ ਭਿਆਨਕ ਕਤਲੇਆਮ ਹਿੰਦੂਸਤਾਨ ਅਤੇ ਪਾਕਿਸਤਾਨ ਬਨਣ ਦੇ ਵਕਤ ਵੀ ਨਹੀਂ ਹੋਇਆ ਸੀ, ਕਿਉਂਕਿ ਯੋਜਨਾਬੱਧ ਨਹੀਂ ਸੀ । ਉਸ ਵਕਤ ਤਾਂ ਸਹੀ ਮਾਇਨੇ ਵਿੱਚ ਦੰਗਾ ਹੋਇਆ ਸੀ, ਲੇਕਿਨ 1984 ਵਿੱਚ ਦੰਗਾ ਨਹੀਂ ਬਲਕਿ, ਇੱਕ ਪਾਰਟੀ ਵਲੋਂ ਇੱਕ ਕੌਮ ਦਾ ਕਤਲੇਆਮ ਕਰਾਉਣ ਦੀ ਗਹਿਰੀ ਮਿੱਥੀ ਹੋਈ ਸਾਜਿਸ਼ ਸੀ ਅਤੇ ਉਸਦੀ ਬੁਨਿਆਦ ਨੂੰ ਜੜ੍ਹੋਂ ਪੁੱਟ ਕੇ ਸੁੱਟਣ ਦੀ ਯੋਜਨਾ ਸੀ ।

THE HINDU

LONG WAY TO AMRITSAR: Victims of the 1984 riots beginning their march to Punjab from Delhi in protest

Riot victims marching to Punjab

From Our Staff Reporter

NEW DELHI, March 21.

Having lost all faith in the authorities here, hundreds of 1984 riot victims residing in Rohini in north Delhi today packed their baggage, locked their homes and left for Punjab on foot.

It was a sight on the Grand Trunk-Karnal road this evening with hundreds of men and women, old and young, shouting "Bole Sonehaal, Sat Sri Akal" while walking towards the Haryana border. They moved on, determined to get their demands accepted by the Punjab Government.

"The Delhi Administration has failed us. The authorities here are not interested in getting us our money," they complained.

All these residents were mobilised by their leaders, Mr. Atma Singh and Mr. Gurcharan Singh Babbar. And they responded well. The plan is to reach Amritsar either on foot or by cycle irrespective of the number of days it takes and submit a memorandum to the Shiromani Committee there, urging them to press the Government to expedite matters.

The 1984 riot victims who were staying in Tilak Vihar camps were shifted to Rohini in August last year as part of Delhi Administration's rehabilitation scheme. The administration also sanctioned Rs. 20,000 to each family for building their homes on a six-by-four plot, but it failed to give them the total sum.

Appalling: The living conditions are indeed appalling. With no roofs above their four-walled structures, to bear the brunt of fluctuating weather is not easy. Diseases are rampant, and the residents also claimed that atleast 85 deaths

“ਸਬੂਤ ਮਿੱਟਦੇ ਜਾ ਰਹੇ ਹਨ”

ਵੇਦਾਂ, ਪੁਰਾਨਾਂ, ਗ੍ਰੰਥਾਂ ਦਾ ਅਧਿਅਨ ਕਰਨ ਤੇ ਪਤਾ ਚਲਦਾ ਹੈ ਕਿ ਚਾਰ ਯੁਗਾਂ ਦਾ ਵੇਦ, ਪੁਰਾਨ, ਗ੍ਰੰਥ ਇਸ ਗੱਲ ਦੇ ਸਾਖਸ਼ੀ ਹਨ ਕਿ ਸੱਤ ਯੁਗ ਵਿੱਚ ਬੰਦੇ ਦੀ ਉਮਰ ਹਜਾਰਾਂ ਸਾਲ ਹੋਇਆ ਕਰਦੀ ਸੀ । ਤਰੇਤੇ ਯੁੱਗ ਵਿੱਚ ਵੀ ਬੰਦੇ ਦੀ ਉਮਰ ਲਗਭਗ ਹਜ਼ਾਰਾਂ ਸਾਲ ਲੰਬੀ ਹੁੰਦੀ ਸੀ । ਦਵਾਪਰ ਵਿੱਚ ਵੀ ਲਗਭਗ ਸੈਂਕੜੇ ਸਾਲ ਆਦਮੀ ਜਿੰਦਗੀ ਜਿਉਂਦੇ ਸਨ । ਪ੍ਰੰਤੂ ਕਲਯੁੱਗ ਵਿੱਚ ਬੰਦੇ ਦੀ ਉਮਰ ਘਟਦੇ-ਘਟਦੇ ਹੁਣ ਬਹੁਤ ਹੀ ਘਟ ਰਹਿ ਗਈ ਹੈ । ਉਮਰ ਦੇ ਵਿਸ਼ੈ ਵਿੱਚ ਸੰਸਾਰ ਦੇ ਬੁਧੀਜੀਵੀਆਂ ਦੇ ਵਿਸ਼ਲੇਸ਼ਣ ਤੋਂ ਇਹ ਪਤਾ ਲਗਦਾ ਹੈ ਕਿ ਵਰਤਮਾਨ ਸਮੇਂ ਵਿੱਚ ਬੰਦਾ 50 ਸਾਲ ਦੀ ਉਮਰ ਤੱਕ ਜੀ ਰਿਹਾ ਹੈ ਤੇ ਦੇਸ਼ ਵਿੱਚ ਕਦੇ ਕੋਈ ਵਿਅਕਤੀ 100 ਸਾਲ ਦਾ ਸੁਨਣ ਨੂੰ ਮਿਲਦਾ ਹੈ । ਬਹੁਤ ਘਟ ਲੋਕ 80 ਤੇ 90 ਸਾਲ ਦੇ ਮਿਲਦੇ ਹਨ । ਲਗਭਗ ਇਹ ਸਰਵੇਖਣ ਸੱਚ ਹੈ ਕਿ ਵਰਤਮਾਨ ਸਮੇਂ ਵਿੱਚ ਮਨੁੱਖ ਦੀ ਉਮਰ ਬਹੁਤ ਘੱਟ ਹੈ ਤੇ ਇੰਝ ਦੇ ਮਾਹੌਲ ਵਿੱਚ ਜਦ ਆਦਮੀ ਦੇ ਸਿਰ ਤੇ ਗ਼ਮ, ਵਿਛੋੜਾ, ਤਕਲੀਫ਼ਾਂ, ਜ਼ਖਮ ਤੇ ਗਰੀਬੀ ਦਾ ਬੋਝ ਹੋਵੇ ਤਾਂ ਜੀਵਨ ਇੱਕ ਜਿੰਦਾ ਲਾਸ਼ ਦੀ ਤਰ੍ਹਾਂ ਬਣ ਜਾਂਦਾ ਹੈ । ਮੈਂ ਲਗਭਗ 1900 ਵਿਧਵਾਵਾਂ ਦੇ ਵਿੱਚ ਉਨ੍ਹਾਂ ਦੇ ਨਜ਼ਦੀਕ ਜਾ ਕੇ, ਉਨ੍ਹਾਂ ਦੇ ਮਕਾਨਾਂ ਦੀਆਂ ਚੌਖਟਾਂ ਤੇ ਰੋਜ਼ਾਨਾ ਦਸਤਕ ਦੇ ਕੇ ਉਨ੍ਹਾਂ ਦੇ ਗ਼ਮ, ਦੁਖ, ਗਰੀਬੀ ਤੇ ਵਿਛੋੜੇ ਦੇ ਕਦੀ ਨਾ ਸਹਿਣ ਵਾਲੇ ਦੁੱਖ ਨੂੰ ਅੱਥਰੂਆਂ ਵਿੱਚ ਵਹਿੰਦੇ ਦੇਖਿਆ ਹੈ । ਇਸ ਤਰ੍ਹਾਂ ਵੱਡੇ ਤੋਂ ਵੱਡਾ ਬਹਾਦਰ ਆਦਮੀ ਵੀ ਟੁੱਟ ਜਾਂਦਾ ਹੈ ਤੇ ਗਮ ਨਾਲ ਨਿਢਾਲ ਹੋ ਜਾਂਦਾ ਹੈ ਤੇ ਔਰਤ ਦੀ ਤਾਂ ਗੱਲ ਹੀ ਕੁੱਝ ਹੋਰ ਹੈ । ਉਹ ਨਾਜ਼ਕ ਤੇ ਰਹਿਮ ਦਿੱਲ ਹੁੰਦੀ ਹੈ । ਐਸੇ ਹਾਲਾਤ ਵਿੱਚ ਆਦਮੀ ਦਾ ਪਰਮਾਤਮਾ ਤੋਂ ਵਿਸ਼ਵਾਸ ਉਠ ਜਾਂਦਾ ਹੈ ਤੇ ਨਿਆਂ ਦੀ ਗੱਲ ਤਾਂ ਦੂਰ, ਮੈਨੂੰ ਦੇਖਦੇ-ਦੇਖਦੇ ਲਗਭਗ 117 ਵਿਧਵਾਵਾਂ ਬਿਮਾਰੀ, ਗਰੀਬੀ, ਗ਼ਮ ਅਤੇ ਬੱਚਿਆਂ ਤੇ ਆਦਮੀ ਦੇ ਵਿਛੜਣ ਦੇ ਜ਼ਖਮਾਂ ਨਾਲ ਮਰ ਗਈਆਂ । ਇਹ ਐਸੀ ਦੁਖਦਾਈ ਘਟਨਾ ਹੈ ਜਿਸਨੂੰ ਮੈਂ ਕਲਮਬੰਦ ਨਹੀਂ ਕਰ ਸਕਦਾ, ਕਿਉਂਕਿ ਕੁੱਝ ਗੱਲਾਂ ਕਲਮਬੰਦ ਨਹੀਂ ਕੀਤੀਆਂ ਜਾਂਦੀਆਂ । ਇੱਕ-ਇੱਕ ਅੱਥਰੂ ਵਿੱਚ ਇੱਕ-ਇੱਕ ਕਿਤਾਬ ਦਾ ਵਰਨਣ ਹੈ । ਗਰੀਬੀ, ਮਜ਼ਦੂਰੀ ਤੇ ਪ੍ਰੇਸ਼ਾਨੀਆਂ ਤੋਂ ਘਬਰਾਕੇ ਲਗਭਗ 55 ਵਿਧਵਾਵਾਂ ਨੇ ਆਤਮਦਾਹ ਕਰ ਲਿਆ । ਆਪਣੇ ਆਪ ਨੂੰ ਖਤਮ ਕਰ ਲਿਆ । ਕਈ ਸਾਲ ਬੀਤ ਗਏ ਹਨ, ‘84’ ਹੱਤਿਆਕਾਂਡ ਨੂੰ ਜਿਨ੍ਹਾਂ ਵਿਧਵਾਵਾਂ ਨੇ ਦੋਸ਼ ਲਗਾ ਰਖੇ ਸੀ, ਉਨ੍ਹਾਂ ਵਿੱਚੋਂ ਕਈ ਵਿਧਵਾਵਾਂ ਦੀ ਮੌਤ ਹੋ ਚੁੱਕੀ ਹੈ । ਜੋ ਕੁੱਝ ਬਾਕੀ ਹਨ, ਵੱਡੀ ਉਮਰ ਦੇ ਨਾਲ-ਨਾਲ ਗਰੀਬੀ, ਗ਼ਮ ਤੇ ਮਜ਼ਬੂਰੀ ਵਿੱਚ ਪਿੱਸ ਰਹੀਆਂ ਹਨ । ਕੁੱਝ ਸਾਲ ਜੇਕਰ ਹੋਰ ਬੀਤ ਗਏ ਤਾਂ ਜਿਵੇਂ ਮੈਂ ਉਪਰ ਕਿਹਾ ਸੀ ਕਿ ਵਰਤਮਾਨ ਸਮੇਂ ਵਿੱਚ ਆਦਮੀ ਦੀ ਉਮਰ 50 ਦੀ ਔਸਤ ਵਿੱਚ ਹੈ, ਤੇ ਕੁੱਝ ਸਾਲ ਬੀਤ ਜਾਣ ਤੋਂ ਬਾਦ ਹਤਿਆਰਿਆਂ ਦੇ ਖਿਲਾਫ਼ ਗਵਾਹੀ ਦੇਣ ਵਾਲੇ ਖ਼ਤਮ ਹੋ ਜਾਣਗੇ । ਸਾਰੇ ਸਬੂਤ ਮਿਟ ਜਾਣਗੇ ਜਾਂ ਕੋਈ ਗਵਾਹੀ ਲਈ ਬਚਿਆ ਵੀ ਤਾਂ ਉਹ ਗਮ, ਗਰੀਬੀ ਤੇ ਡਰ ਨਾਲ ਇਤਨਾ ਟੁੱਟ ਚੁੱਕਿਆ ਹੋਏਗਾ ਕਿ ਉਹ ਗਵਾਹੀ ਦੇ ਕਟਹਿਰੇ ਵਿੱਚ ਖੜੇ ਹੋਣ ਦੀ ਜ਼ੁਰਤ ਨਹੀਂ ਕਰ ਸਕੇਗਾ ।

ਨਵੰਬਰ 1984 ਦੇ ਹਥਿਆਰੇ ਸਾਬਕਾ ਕੇਂਦਰੀ ਮੰਤਰੀ ਜਗਦੀਸ਼ ਟਾਈਟਲਰ ਅਤੇ ਕਾਂਗਰਸ ਦੇ ਵੱਡੇ ਨੇਤਾ ਸੱਜਣ ਕੁਮਾਰ ਦੀ ਗ੍ਰਿਫ਼ਤਾਰੀ ਦੀ ਮੰਗ ਕਰਦੇ ਹੋਏ ਨਵੰਬਰ 1984 ਦੇ ਪੀੜਤ ਪਰਿਵਾਰ।

“ਭਾਰਤ ਦਾ ਨਿਆਂ ਪ੍ਰਬੰਧ”

ਜਿਹੜਾ ਪ੍ਰਬੰਧ ਸਰਕਾਰ ਦੇ ਇਸ਼ਾਰੇ ਤੇ ਕੰਮ ਕਰਦਾ ਹੋਵੇ, ਉਹ ਪੱਖਪਾਤੀ ਹੀ ਹੋਵੇਗਾ । ਸਰਕਾਰ ਕਤਲ ਕਰੇ ਤਾਂ ਵੀ ਕਾਤਲ ਨਹੀਂ ਹੈ, ਅਤੇ ਕੇਹਰ ਸਿੰਘ ਦੀ ਤਰ੍ਹਾਂ ਕੋਈ ਬੇਕਸੂਰ ਕਤਲ ਵੀ ਨਾ ਕਰੇ, ਤਾਂ ਉਸਨੂੰ ਕਾਤਲ ਸਮਝ ਕੇ ਫਾਂਸੀ ਤੇ ਚੜਾ ਦਿੱਤਾ ਜਾਂਦਾ ਹੈ । 31 ਅਕਤੂਬਰ 1984 ਨੂੰ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਹੁੰਦੀ ਹੈ ਅਤੇ ਉਸਤੋਂ ਫੌਰਨ ਬਾਦ ਹਜ਼ਾਰਾਂ ਬੇਕਸੂਰ ਸਿੱਖਾਂ ਦੀਆਂ ਹੱਤਿਆਵਾਂ ਹੁੰਦੀਆਂ ਹਨ । ਲੇਕਿਨ ਸ੍ਰੀਮਤੀ ਇੰਦਰਾ ਗਾਂਧੀ ਦੇ ਮੁਕਦਮੇ ਦਾ ਫ਼ੈਸਲਾ 3 ਸਾਲ ਵਿੱਚ ਹੋ ਜਾਂਦਾ ਹੈ । ਇਸ ਫੈਸਲੇ ਵਿੱਚ ਦੋ ਆਦਮੀਆਂ ਨੂੰ ਸਜ਼ਾ ਵੀ ਦਿੱਤੀ ਜਾਂਦੀ ਹੈ । ਜਿਸ ਵਿੱਚ ਇੱਕ ਨਿਰਦੋਸ਼ ਵਿਅਕਤੀ ਕੇਹਰ ਸਿੰਘ ਨੂੰ ਵੀ ਫ਼ਾਂਸੀ ਤੇ ਚੜਾ ਦਿੱਤਾ ਜਾਂਦਾ ਹੈ ਜਿਸਤੇ ਸਰਕਾਰ ਦਾ ਸਿਰਫ਼ ਸ਼ੱਕ ਸੀ ਕਿ ਉਹ ਵੀ ਇੰਦਰਾ ਗਾਂਧੀ ਦੀ ਹੱਤਿਆ ਵਿੱਚ ਸ਼ਾਮਿਲ ਸੀ । ਦੂਜੇ ਪਾਸੇ ਹਜ਼ਾਰਾਂ ਸਿੱਖਾਂ ਦਾ ਕਤਲ ਕਰਨ ਵਾਲੇ ਹਜ਼ਾਰਾਂ ਹੱਤਿਆਰੇ ਕਈ ਸਾਲ ਬੀਤ ਜਾਣ ਤੇ ਵੀ ਦਿੱਲੀ ਦੀਆਂ ਸੜਕਾਂ ਤੇ ਬੜੀ ਆਜ਼ਾਦੀ ਨਾਲ ਘੁੰਮ ਰਹੇ ਹਨ ਲੇਕਿਨ ਸਰਕਾਰ ਅਤੇ ਨਿਆਂ ਪ੍ਰਬੰਧ ਖਾਮੋਸ਼ ਹੈ । ਨਿਆਂ ਪ੍ਰਬੰਧ ਇਸ ਲਈ ਖਾਮੋਸ਼ ਹੈ, ਕਿਉਂਕਿ ਸਰਕਾਰ ਖਾਮੋਸ਼ ਹੈ । ਪਿਛਲੇ ਕਈ ਸਾਲਾਂ ਤੋਂ ਪੀੜਤਾਂ ਨੂੰ ਇਨਸਾਫ਼ ਦਿਵਾਉਣ ਦੇ ਨਾਂ ਤੇ ਕਈ ਜਾਂਚ ਕਮਿਸ਼ਨ ਬੈਠੇ । ਸਰਕਾਰ ਨੇ ਆਪਣੀ ਮਰਜ਼ੀ ਦੇ ਮੁਤਾਬਕ ਅਵਕਾਸ਼ ਪ੍ਰਾਪਤ ਜੱਜ ਆਈ. ਏ. ਐਸ. ਪੁਲਿਸ ਅਧਿਕਾਰੀਆਂ ਨੂੰ ਨਿਯੁਕਤ ਕੀਤਾ । ਇਸ ਵਿੱਚ ਸੁਪਰੀਮ ਕੋਰਟ ਦੇ ਜੱਜ ਜਸਟਿਸ ਰੰਗਾਨਾਥ ਮਿਸ਼ਰਾ ਨੂੰ ਵੀ ਸਭ ਤੋਂ ਪਹਿਲਾਂ ਨਿਯੁਕਤ ਕੀਤਾ ਸੀ । ਇਹ ਕਮਿਸ਼ਨ ਰੰਗਾਨਾਥ ਮਿਸ਼ਰਾ ਜਾਂਚ ਕਮਿਸ਼ਨ ਨਾਲ ਜਾਣਿਆ ਜਾਂਦਾ ਹੈ । ਰੰਗਾਨਾਥ ਮਿਸ਼ਰਾ ਕਮਿਸ਼ਨ ਨੇ ਸਰਕਾਰ ਨੂੰ ਖੁਸ਼ ਕਰਨ ਲਈ ਕਿਹਾ ਕਿ ਦੰਗਿਆਂ ਵਿੱਚ ਕਿਸੀ ਵੱਡੇ ਕਾਂਗਰਸੀ ਦਾ ਹੱਥ ਨਹੀਂ ਹੈ । ਹਾਲਾਂਕਿ ਜਸਟਿਸ ਰੰਗਾਨਾਥ ਮਿਸ਼ਰਾ ਤੋਂ ਇਹ ਨਹੀਂ ਪੁਛਿਆ ਗਿਆ ਸੀ ਕਿ ਦੰਗਿਆਂ ਵਿੱਚ ਕਾਂਗਰਸ ਦਾ ਹੱਥ ਸੀ ਜਾਂ ਨਹੀਂ । ਲੇਕਿਨ ਇਨ੍ਹਾਂ ਨੇ ਕਾਂਗਰਸ ਪਾਰਟੀ ਨੂੰ ਬੇਕਸੂਰ ਹੋਣ ਦਾ ਫ਼ੈਸਲਾ ਦੇ ਦਿੱਤਾ ਅਤੇ ਸਰਕਾਰ ਨੇ ਖੁਸ਼ ਹੋ ਕੇ ਇਨ੍ਹਾਂ ਨੂੰ ਭਾਰਤ ਦਾ ਮੁੱਖ ਜੱਜ ਬਣਾ ਦਿੱਤਾ ਅਤੇ ਜਦੋਂ ਰੰਗਾਨਾਥ ਮਿਸ਼ਰਾ ਸੁਪਰੀਮ ਕੋਰਟ ਤੋਂ ਰਿਟਾਇਰਡ ਹੋ ਗਏ, ਤਾਂ ਉਨ੍ਹਾਂ ਨੂੰ ਰਿਟਾਇਰਡ ਹੋਣ ਤੇ ਵੀ ਇਸੀ ਕਾਂਗਰਸ ਪਾਰਟੀ ਨੇ ਜਸਟਿਸ ਰੰਗਾਨਾਥ ਮਿਸ਼ਰਾ ਨੂੰ ਮਾਨਵ ਅਧਿਕਾਰ ਕਮਿਸ਼ਨ ਦਾ ਪ੍ਰਧਾਨ ਬਣਾ ਦਿੱਤਾ ਹੈ, ਕਿਉਂਕਿ ਇਨ੍ਹਾਂ ਨੇ ਕਾਂਗਰਸ ਪਾਰਟੀ ਦੇ ਨਾਲ ਪਹਿਲੇ ਵਫ਼ਾਦਾਰੀ ਨਿਭਾਈ ਸੀ, ਜਦੋਂ ਮਿਸ਼ਰਾ ਤਾਂ ਉਸ ਵਕਤ ਉਹ ਇੱਕਲੇ ਬੰਦ ਕਮਰੇ ਵਿੱਚ ਪੂਰੀ ਕਾਰਵਾਈ ਕਰਦੇ ਸੀ । ਉਹ ਕੇਵਲ ਸਿੱਖ ਪੀੜਤ ਵਿਅਕਤੀ ਜਾਂ ਵਿਧਵਾ ਔਰਤ ਨੂੰ ਜਾਂ ਫਿਰ ਰੰਗਾਨਾਥ ਮਿਸ਼ਰਾ ਨੂੰ ਹੀ ਪਤਾ ਹੁੰਦਾ ਸੀ । ਕਿਸੀ ਹੋਰ ਨੂੰ ਨਹੀਂ । ਬੰਦ ਕਮਰੇ ਵਿੱਚ ਕਮਿਸ਼ਨ ਦੇ ਅੱਗੇ ਪੀੜਤ ਕੀ ਹਲਫ਼ੀਆ ਬਿਆਨ ਦਿੰਦਾ ਹੈ ? ਕੀ ਦੋਸ਼ ਲਗਾਂਦਾ ਹੈ? ਕਿਸਨੂੰ ਦੋਸ਼ੀ ਠਹਿਰਾਂਦਾ ਹੈ? ਇਹ ਸਭ

INDIAN EXPRESS

AISC-B calls for removal of Congmen involved in riot

All India Sikh Conference (B) demonstrators on Friday urging AICC to remove Congmen from leadership who were involved in '84 riot. *Express photo*

EXPRESS NEWS SERVICE

NEW DELHI – Members of the All India Sikh Conference (Babbar) on Friday demonstrated near the venue of the AICC meeting, demanding the immediate removal of three senior city Congress leaders for their alleged role in the anti-Sikh riots of November, 1984 in the Capital.

The protesters, who set out from Gurdwara Bangla Sahib in the direction of Talkatora Stadium, were stopped by police near Pandit Pant Marg.

AISC (B) general secretary Gurcharan Singh Babbar claimed that police had earlier detained several other protesters at Janakpuri and Tilak Nagar police stations when these people tried to head for Gurdwara Bangla Sahib.

After they were prevented from moving towards Talkatora Stadium, the protesters decided to squat on the road.

Leaders then took turns to address what became an impromptu rally. Babbar claimed that their posters were forcibly taken away by police.

AISC (B) chairman Harjit Singh later condemned the police action. "All this has happened on the directives of the Congress leadership, making a mockery of democracy," he alleged.

ਗੱਲ੍ਹਾਂ ਮਾਨਯੋਗ ਜੱਜ ਸਾਹਿਬ ਨੂੰ ਹੀ ਪਤਾ ਲਗਦੀਆਂ ਸੀ, ਕਿਸੇ ਦੂਜੇ ਬੰਦੇ ਨੂੰ ਨਹੀਂ । ਪਰ ਹੈਰਾਨੀ ਇਸ ਗੱਲ ਦੀ ਹੈ ਕਿ ਜਾਂਚ ਕਮਿਸ਼ਨ ਵਿੱਚ ਬਹੁਤ ਸਾਰੇ ਐਸੇ ਐਫੀਡੈਵਿਟ ਦਾਖਲ ਕੀਤੇ ਕਿ ਜਿਸ ਵਿੱਚ ਕਿਹਾ ਗਿਆ ਸੀ ਕਿ ਸ੍ਰੀ ਐਚ. ਕੇ. ਐਲ. ਭਗਤ ਬਹੁਤ ਅੱਛੇ ਇਨਸਾਨ ਹਨ । ਉਹ ਸਿੱਖਾਂ ਦੇ ਬਹੁਤ ਚੰਗੇ ਦੋਸਤ ਹਨ । ਸਿੱਖਾਂ ਦੇ ਨਾਲ ਇਨ੍ਹਾਂ ਦਾ ਬਹੁਤ ਪਿਆਰ ਹੈ । ਸਿੱਖ ਇਨ੍ਹਾਂ ਨੂੰ ਆਪਣਾ ਨੇਤਾ ਮੰਨਦੇ ਹਨ, ਵਗੈਰਾ-ਵਗੈਰਾ । ਹੁਣ ਸਵਾਲ ਇਹ ਉਠਦਾ ਹੈ ਕਿ ਭਗਤ ਸਾਹਿਬ ਦੇ ਹੱਕ ਵਿੱਚ ਐਸੇ ਐਫ਼ੀਡੈਵਿਟ ਕਿਉਂ ਦਾਖਲ ਹੋਏ ? ਕਿਸੇ ਹੋਰ ਕਾਂਗਰਸ ਨੇਤਾ ਦੇ ਹੱਕ ਵਿੱਚ ਕਿਉਂ ਨਹੀਂ ਐਫ਼ੀਡੈਵਿਟ ਦਾਖਲ ਹੋਏ ? ਕੀ ਉਹ ਸਿੱਖਾਂ ਦੇ ਚੰਗੇ ਦੋਸਤ ਨਹੀਂ ਹਨ? ਕੀ ਉਹ ਸਿੱਖਾਂ ਦੇ ਦੁਸ਼ਮਨ ਹਨ ?

ਨਹੀਂ-ਨਹੀਂ ਐਸਾ ਨਹੀਂ ਹੈ । ਸੱਚਾਈ ਇਹ ਹੈ ਕਿ ਰੰਗਾਨਾਥ ਮਿਸ਼ਰਾ ਨੇ ਅੰਦਰ ਖਾਤੇ ਭਗਤ ਸਾਹਿਬ ਨੂੰ ਦੱਸ ਦਿੱਤਾ ਸੀ ਕਿ ਤੁਹਾਡੇ ਖਿਲਾਫ਼ ਨਵੰਬਰ '1984' ਦੇ ਪੀੜਤਾਂ ਅਤੇ ਖ਼ਾਸ ਕਰਕੇ ਵਿਧਵਾਵਾਂ ਲੁੱਟਪਾਟ, ਹੱਤਿਆ ਕਰਨ ਤੇ ਕਰਵਾਉਣ ਦੇ ਆਰੋਪ ਲਗਾ ਰਹੀਆਂ ਹਨ । ਹਲਫ਼ੀਆ ਬਿਆਨ ਵੀ ਦਾਖਲ ਕਰਾ ਰਹੀਆਂ ਹਨ । ਇਸਤੇ ਭਗਤ ਸਾਹਿਬ ਨੇ ਸਿੱਖਾਂ ਨੂੰ ਪੈਸੇ ਦਾ ਲਾਲਚ ਦੇਕੇ ਆਪਣੇ ਹੱਕ ਵਿੱਚ ਰੰਗਾਨਾਥ ਮਿਸ਼ਰਾ ਕਮਿਸ਼ਨ ਦੇ ਕੋਲ ਐਫੀਡੈਵਿਟ ਦਾਖਲ ਕਰਾਏ । ਬੜੇ ਅਫ਼ਸੋਸ ਦੀ ਗੱਲ ਹੈ ਕਿ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਦਾ ਜੱਜ ਦੇਸ਼ ਵਿੱਚ ਹੁਣ ਤੱਕ ਦੇ ਸਭ ਤੋਂ ਵੱਡੇ ਹੱਤਿਆਕਾਂਡ ਦੀ ਜਾਂਚ ਕਰ ਰਿਹਾ ਹੋਵੇ, ਸਿਰਫ ਇਸ ਲਈ ਕਿ ਦੋਸ਼ੀਆਂ ਨੂੰ ਪਕੜਿਆ ਜਾਵੇ ਜਾਂ ਦੋਸ਼ੀਆਂ ਨੂੰ ਬਖ਼ਸ਼ਿਆ (ਛੱਡਿਆ) ਜਾਵੇ । ਸਾਰਾ ਸੰਸਾਰ ਜਾਣਦਾ ਹੈ ਕਿ 3 ਦਿਨ ਲਗਾਤਾਰ '1984' ਵਿੱਚ ਕਤਲੇਆਮ ਹੋਇਆ । ਜਿਸ ਵਿੱਚ 5 ਹਜ਼ਾਰ ਨਿਰਦੋਸ਼ ਸਿੱਖ ਮੌਤ ਦੇ ਘਾਟ ਉਤਾਰ ਦਿੱਤੇ ਗਏ । ਭਾਰਤ ਸਰਕਾਰ ਨੇ ਵੀ ਸੰਸਦ ਵਿੱਚ ਆਂਕੜੇ ਦਿੱਤੇ । ਇੰਝ ਨਹੀਂ ਸੀ ਕਿ ਕੋਈ ਆਦਮੀ ਮਾਰਿਆ ਹੀ ਨਹੀਂ ਗਿਆ ਸੀ । ਜਦੋਂ ਹਜ਼ਾਰਾਂ ਲੋਕ ਮਾਰੇ ਗਏ ਤਾਂ, ਕਿਸੀ ਨੇ ਤਾਂ ਮਾਰਿਆ ਸੀ, ਕੋਈ ਤਾਂ ਕਾਤਲ ਸੀ । ਇੰਝ ਵੀ ਨਹੀਂ ਹੈ ਕਿ ਹਜ਼ਾਰਾਂ ਲੋਕ, ਹਜ਼ਾਰਾਂ ਹੱਤਿਆਰੇ ਪਾਕਿਸਤਾਨ ਤੋਂ ਆਏ ਹੋਣ ਅਤੇ ਸਿਰਫ਼ ਸਿੱਖਾਂ ਦਾ ਹੀ ਕਤਲ ਕਰਕੇ ਵਾਪਸ ਚਲੇ ਗਏ ਹੋਣ ਜਾਂ ਹੋਰ ਕਿਸੀ ਦੇਸ਼ ਤੋਂ ਆਏ ਸੀ ? ਇੰਝ ਨਹੀਂ ਹੈ ।

ਲੋਕ ਤਾਂ ਦਿੱਲੀ ਅਤੇ ਉਸਦੇ ਆਸ-ਪਾਸ ਦੇ ਹੀ ਸੀ । ਵਿਧਵਾਵਾਂ ਅਤੇ ਦੰਗਾ-ਪੀੜਤਾਂ ਨੇ ਦੰਗਾਈਆਂ ਨੂੰ ਪਹਿਚਾਣਿਆ । ਉਨ੍ਹਾਂ ਦਾ ਨਾਂ ਵੀ ਲਿਆ । ਲੇਕਿਨ ਫ਼ਿਰ ਵੀ ਰੰਗਾਨਾਥ ਮਿਸ਼ਰਾ ਨੂੰ ਕੋਈ ਦੋਸ਼ੀ ਵਿਅਕਤੀ ਨਹੀਂ ਮਿਲਿਆ । ਉਲਟਾ ਮਾਨਯੋਗ ਜੱਜ ਸਾਹਿਬ ਨੇ ਕਿਹਾ ਕਿ ਕਾਂਗਰਸ ਦਾ ਹੱਥ ਨਹੀਂ ਸੀ ਤਾਂ ਫਿਰ ਕਿਸਦਾ ਹੱਥ ਸੀ ?

(Left) The haunted houses of Trilokpuri today. (Right) An old woman at the rally by riot victims outside the Supreme Court on Monday. *Express photo by Ravi Batra.*

A decade after riots, Trilokpuri Block 32 today

EXPRESS NEWS SERVICE

NEW DELHI – There are few Sikh families left in Trilokpuri now. Most survivors have gone and settled elsewhere, many in the riot victims' colony in Tilak Vihar - unable to return to a place and home which would bring back gruesome memories, senseless yet systematic butchering of their kith and kin.

Block 32 in Trilokpuri was one of the worst affected areas during the anti-Sikh riots of November, 1984. Hundreds were killed by rampaging mobs in a three-day long orgy of violence which followed the assassination of Mrs Indira Gandhi. The entire area was surrounded, barricades put on entry-points and the killers let loose while the police watched from the sidelines.

Kanwaljeet Singh, now 26 years old, recalls that the police had come and taken away sticks, swords and other weapons from the Sikhs, convincing them that there would be no trouble in the area. There had been some stoning earlier but since that did not last long, the unsuspecting residents agreed. Their weapons were deposited in the Gurdwara.

But a little later, people began arriving in groups. And soon there was a mob surrounding the locality. The police broke open the lock on the Gurdwara door and allowed the mob to arm themselves. The killers and looters were given a free run of the place. They went from house to house, dragging out the hapless victims, clubbing and hacking them and setting them afire. The houses were stripped of every item and put to torch.

A Hindu friend asked Kanwaljeet to hide in a loft and told the rioters that he owned the house. Kanwaljeet stayed in the narrow, cramped space for three days, till the Army took over from the police. The Sikhs were taken to tents set up in Jhilmil from where they returned only after 45 days.

But they returned to houses completely destroyed. Rather than repair or re-build, many chose to move elsewhere, where others made to undergo a similar nightmare were settling down. A few stayed back, trying to piece their lives together. Compensation was woefully inadequate and could hardly make up for the loss of lives of working men and wholesale destruction of property.

Charanjit Kaur, whose family was lucky to survive the carnage, recalls not receiving anything from the Government because none in the family had been killed. For the authorities, it meant they had fulfilled their responsibility and owed nothing to the family.

... *Apni ankhon se dekha tha ritte huey ... Mujha kisse se koi dushmani nahin* (I had seen them dying. I have no enmity with anyone)," was a pained, confused reply. Ten years after the carnage, Trilokpuri's plight remains a nation's shame.

Riot victims demand justice

Victims of 1984 riots assembled outside the Supreme Court on Monday and submitted a memorandum to the Chief Justice, Mr A M Ahmadi, seeking immediate justice.

The demonstration was organised by the All India Sikh Conference (Babbar). AISC (B) general secretary Mr Gurcharan Singh Babbar said in the memo that delay in dispensing justice to riots victims has given the Sikh community an impression that they would never get justice as long as the Congress rules the roost.

He alleged that the Congress party has been subverting the Constitution and creating legal impediments in the way of prosecution of the guilty.

“ਸਿੱਖਾਂ ਨੂੰ ਕਿਹਾ ਜਾਂਦਾ ਹੈ ਕਿ “ਨਵੰਬਰ ‘84’ ਹੱਤਿਆਕਾਂਡ ਨੂੰ ਭੁੱਲ ਜਾਓ”

ਪਿਛਲੇ ਕੁੱਝ ਸਮੇਂ ਤੋਂ ਕਈ ਵੱਡੇ ਕਾਂਗਰਸੀ ਨੇਤਾਵਾਂ ਤੇ ਕਈ ਕੱਟੜ ਹਿੰਦੂ ਨੇਤਾਵਾਂ ਨੇ ਸਿੱਖਾਂ ਦੇ ਧਾਰਮਿਕ ਤੇ ਰਾਜਨੀਤਿਕ ਨੇਤਾਵਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਕਿਹਾ ਕਿ ਹੁਣ ਉਹ ਨਵੰਬਰ ‘84‘ ਹਤਿਆਕਾਂਡ ਨੂੰ ਭੁੱਲ ਜਾਣ । ਹੁਣ ਕਈ ਸਾਲ ਬੀਤ ਗਏ ਹਨ, ਜੋ ਹੋਣਾ ਸੀ ਉਹ ਤਾਂ ਹੋ ਹੀ ਗਿਆ ਹੈ । ਹੁਣ ਇਹ ਮੁੱਦਾ ਬਹੁਤ ਪੁਰਾਣਾ ਹੈ ਤੇ ਭਗਵਾਨ ਦੋਸ਼ੀਆਂ ਨੂੰ ਆਪਣੇ ਆਪ ਸਜ਼ਾ ਦੇਗਾ ਤੇ ਨਿਆਂ ਕਰੇਗਾ । ਇਸੀ ਤਰ੍ਹਾਂ ਦਾ ਉਪਦੇਸ਼ ਮੈਨੂੰ ਵੀ ਪਿਛਲੇ ਕੁੱਝ ਸਮੇਂ ਤੋਂ ਦਿੱਤਾ ਜਾ ਰਿਹਾ ਹੈ ।

ਸਰਕਾਰ ਦੇ ਕਈ ਉੱਚ-ਅਧਿਕਾਰੀ ਵਿਸ਼ੇਸ਼ ਤੌਰ ਤੇ ਮੈਨੂੰ ਮਿਲਣ ਆਏ ਤੇ ਇਨ੍ਹਾਂ ਉੱਚ ਅਧਿਕਾਰੀਆਂ ਦੇ ਇਲਾਵਾ ਇੱਕ ਬਹੁਤ ਵੱਡੇ ਸਿੱਖ ਵਪਾਰੀ ਦੇ ਨਾਲ ਕਾਂਗਰਸ ਸਮਰਥਕ ਰਾਜਨੇਤਾ ਵੀ ਮੈਨੂੰ ਮਿਲਣ ਆਏ ਤੇ ਉਨ੍ਹਾਂ ਨੇ ਮੈਨੂੰ ਬੇਨਤੀ ਕੀਤੀ ਕਿ “ਆਪ ਹਮਾਰੀ ਮਦਦ ਕਰੇਂ ਔਰ ਨਵੰਬਰ ‘84‘ ਕਤਲੇਆਮ ਕੇ ਮੁੱਦੇ ਕੋ ਸਮਾਪਤ ਕਰੇਂ । ਹਮ ਆਪਸੇ ਮਦਦ ਲੇਨੇ ਆਏ ਹੈਂ ।“ ਮੈਂ ਉਨ੍ਹਾਂ ਨੂੰ ਕਿਹਾ ਕਿ ਦਸੋ ਮੈਂ ਤੁਹਾਡੀ ਕੀ ਮਦਦ ਕਰ ਸਕਦਾ ਹਾਂ ਅਤੇ ਜੇਕਰ ਮੈਂ ਕੁੱਝ ਕਰ ਸਕਣ ਦੇ ਕਾਬਿਲ ਹੋਇਆ ਤਾਂ ਮੈਂ ਜ਼ਰੂਰ ਤੁਹਾਡੀ ਮਦਦ ਕਰਾਂਗਾ । ਇਹ ਗੱਲ ਸੁਣਕੇ ਉਹ ਬਹੁਤ ਖੁਸ਼ ਹੋਏ ਤੇ ਕਹਿਣ ਲੱਗੇ ਕਿ “ਹਮੇਂ ਆਪਸੇ ਯਹੀ ਉਮੀਦ ਥੀ ਕਿ ਆਪ ਹਮੇਂ ਨਿਰਾਸ਼ ਨਹੀਂ ਕਰੇਂਗੇ।”

ਇਸ ਤੇ ਮੈਂ ਉਨ੍ਹਾਂ ਨੂੰ ਕਿਹਾ ਕਿ “ਅਬ ਆਪ ਯੇਹ ਬਤਾਏਂ ਕਿ ਮੈਂ ਕਿਸ ਪ੍ਰਕਾਰ ਆਪ ਕੀ ਮਦਦ ਕਰ ਸਕਤਾ ਹੂੰ । ਉਹ ਦੋਨੋਂ ਬੜੇ ਮਾਸੂਮ ਬਣਕੇ ਮੈਨੂੰ ਕਹਿਣ ਲੱਗੇ ਕਿ “ਬੱਬਰ ਸਾਹਿਬ ਆਪਨੇ ਨਵੰਬਰ ‘84‘ ਕੇ ਮੁੱਦੇ ਪਰ ਬਹੁਤ ਕਾਮ ਕੀਆ ਹੈ । ਸਿਰਫ਼ ਕਾਮ ਹੀ ਨਹੀਂ ਆਪਨੇ ਤੋ ਅਪਨੇ ਜੀਵਨ ਕੇ ਬੇਹਦ ਕੀਮਤੀ ਸਾਲ ਲਗਾਏ ਹੈਂ । ਪ੍ਰੰਤੂ ਅਬ ਇਸ ਦੁਖਦ ਪਹਿਲੂ ਕੋ ਬੀਤੇ ਕਈ ਸਾਲ ਹੋ ਗਏ ਹੈਂ ਔਰ ਅੱਬ ਆਪ ਇਸ ਮੁੱਦੇ ਕੋ ਭੂਲ ਜਾਈਏ । ਜਿਸਸੇ ਦੇਸ਼ ਕਾ ਮਾਹੌਲ ਅੱਛਾ ਬਨੇਗਾ ।.

ਯੇਹ ਕਾਮ ਆਪ ਬਾਖੂਬੀ ਕਰ ਸਕਤੇ ਹੈਂ ।“ ਮੈਂ ਉਨ੍ਹਾਂ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣੀਆਂ ।

ਜਦੋਂ ਉਹ ਆਪਣੀ-ਆਪਣੀ ਗਲ ਪੂਰੀ ਕਰ ਚੁੱਕੇ ਤਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਹੁਣ ਤੁਸੀਂ ਮੈਨੂੰ ਵੀ

Compilation on 1984 riots released

By Our Staff Reporter

NEW DELHI, Nov 4

"Sarkari Qatl-e-Aam"- a compilation of news reports, eyewitness accounts and correspondence relating to the November 1984 riots - written by Mr. Gurcharan Singh Babbar, president of the All-India Shiromani Akali Dal (Babbar) and general secretary of the All-India Sikh Conference (Babbar), was released here today.

The 320-page compilation, containing photographs and letters written by the author to various people in connection with the riots also lists politicians and police officers allegedly involved in the massacre. The book has been brought out by Babbar Publications Pvt Ltd and was released by the three women, widowed in the tragedy.

According to Mr Babbar the book has been dedicated to the memory of more than 5,000 innocent Sikhs killed and hundreds of Gurdwaras and Granth Sahibs destroyed.

Describing the riots as engineered, the author accuses the former Prime Minister, Rajiv Gandhi; the then Home Minister, Mr P.V.Narasimha Rao; former Ministers Arun Nehru, Bhajan Lal, H.K.L.Bhagat and Jagdish Tytler apart from the then Home Secretary Mr M.M.K.Wali, P.G.Gawai and the then Police Commissioner, Mr Subhash Tandon.

As many as 5,000 people were killed, 50,000 rendered homeless, 20,000 injured and hundreds of gurdwaras set ablaze, he said. Women were raped publicly and property worth crores of rupees damaged. These figures are mentioned in the forward.

There is a special reference to the role played by the judiciary. As the massacre was going on, the Supreme Court remained a mute spectator. Are the Bofors, hawala, urea, Lakhubhai and fodder scams more important than the killing of thousands of innocent people, where judiciary has taken suo motu notice, the writer wondered.

There were emotional moments when Darshan Kaur and Satnami Bai, main witnesses against Mr H.K.L.Bhagat and Mr Sajjan Kumar respectively, broke down at the book release function. The first copy of the book was given to Baba Milap Singh, who lost seven members of his family in the riots at Trilokpuri.

Talking to reporters, Mr Babbar said that the book was a compilation of tragedy, truths and facts of the carnage. He said the role of the judiciary was shameful and the 14 commissions constituted to probe the riots had not done justice to the victims.

Mr Babbar said the silence of the victims was like a dormant volcano and would not be pacified until justice was meted out to them.



Victims of 1984 riots releasing a book 'Sarkare Katle Aam', written by Mr. Gurcharan Singh, president of All-India Shiromani Akali Dal (Babbar) in New Delhi on Tuesday.

ਕੁੱਝ ਕਹਿਣ ਦੀ ਇਜ਼ਾਜ਼ਤ ਦਿਓਗੇ । ਤਾਂ ਉਹ ਇਹ ਸੁਣਕੇ ਬਹੁਤ ਜ਼ੋਰ ਨਾਲ ਹੱਸ ਪਏ ਤੇ ਕਹਿਣ ਲੱਗੇ "ਬਿਨਾਂ ਆਪਕਾ ਫ਼ਰਮਾਨ ਸੁਨੇ ਹਮ ਯਹਾਂ ਸੇ ਕੈਸੇ ਜਾ ਸਕਤੇ ਹੈਂ । ਮੈਂ ਉਨ੍ਹਾਂ ਨੂੰ ਕਿਹਾ ਕਿ ਠੀਕ ਹੈ, "ਹਮ ਨਵੰਬਰ '84' ਕੋ ਭੂਲ ਜਾਤੇ ਹੈਂ" ਅਤੇ ਜਿਵੇਂ ਹੀ ਮੈਂ ਉਨ੍ਹਾਂ ਨੂੰ ਇਹ ਸ਼ਬਦ ਕਹੇ ਤਾਂ ਉਹ ਖੁਸ਼ੀ ਨਾਲ ਉੱਛਲ ਪਏ । ਮੈਂ ਉਨ੍ਹਾਂ ਨੂੰ ਕਿਹਾ ਕਿ 'ਭਾਈ ਮੇਰੀ ਬਾਤ ਤੋ ਪੂਰੀ ਸੁਣੋ' ਤਾਂ ਉਹ ਇੱਕਦਮ ਮੈਨੂੰ ਕਹਿਣ ਲੱਗੇ ਕਿ 'ਬਾਕੀ ਸਭ ਬਾਤੇਂ ਆਪਕੀ ਮਾਨ ਲੀ ਜਾਏਂਗੀ ।'

'ਮਿਸਟਰ ਬੱਬਰ ਆਪ ਸਿਰਫ਼ 'ਨਵੰਬਰ '84' ਕਤਲੇਆਮ ਕੋ ਭੂਲ ਜਾਨੇ ਕੀ ਬਾਤ ਪਰ ਆਪ ਹਮਾਰੀ ਮਦਦ ਕਰੋ ।' ਮੈਂ ਉਨ੍ਹਾਂ ਨੂੰ ਕਿਹਾ ਕਿ ਮੇਰੀ ਬਾਕੀ ਸਭ ਗੱਲਾਂ ਤਾਂ ਸੁਣ ਲਓ । ਉਨ੍ਹਾਂ ਨੇ ਕਿਹਾ ਅੱਛਾ ਠੀਕ ਹੈ ਆਪ ਕਹੋ ।

ਮੈਂ ਕਿਹਾ "ਹਮ ਤੋ ਨਵੰਬਰ '84' ਕੋ ਭੂਲ ਜਾਤੇ ਹੈਂ ਪਰ ਆਪ ਭੀ ਤੋ ਭੂਲੋ ।" ਉਹ ਕਹਿਣ ਲੱਗੇ ਹਾਂ-ਹਾਂ ਹਮ ਭੀ ਭੂਲ ਜਾਤੇ ਹੈਂ ।" ਤਾਂ ਮੈਂ ਕਿਹਾ ਕਿ 'ਠੀਕ ਹੈ, ਆਪ ਇੰਦਰਾ ਗਾਂਧੀ ਕੋ ਭੂਲ ਜਾਈਏ, ਆਪ ਅਕਬਰ ਰੋਡ ਪਰ, ਜਹਾਂ ਇੰਦਰਾ ਗਾਂਧੀ ਕੀ ਹੱਤਿਆ ਹੂਈ ਥੀ, ਉਸ ਜਗ੍ਹਾ ਕੋ ਭੂਲ ਜਾਈਏ, ਆਪ ਰਾਜੀਵ ਗਾਂਧੀ ਕੇ ਹਤਿਆਰੋਂ ਕੋ ਭੂਲ ਜਾਈਏ, ਜੇਲੋਂ ਮੇਂ ਬੰਦ ਰਾਜੀਵ ਗਾਂਧੀ ਕੇ ਹਤਿਆਰੋਂ ਕੋ ਛੋੜ ਦੋ, ਆਪ ਰਾਮ ਜਨਮ-ਭੂਮੀ ਔਰ ਬਾਬਰੀ ਮਸਜਿਦ ਕੇ ਮੁੱਦੇ ਕੋ ਭੂਲ ਜਾਈਏ।'

ਉਹ ਤੁਰੰਤ ਬੋਲੇ ਕਿ "ਐਸਾ ਨਹੀਂ ਹੋ ਸਕਤਾ।" ਤਾਂ ਮੈਂ ਉਨ੍ਹਾਂ ਨੂੰ ਕਿਹਾ ਕਿ "ਆਪ ਮੁਝੇ ਕਹਿਤੇ ਹੋ ਕਿ 'ਨਵੰਬਰ 84' ਕੋ ਕਿਤਨੇ ਸਾਲ ਬੀਤ ਚੁਕੇ ਹੈਂ ਔਰ ਯੇ ਮੁੱਦਾ ਪੁਰਾਨਾ ਹੋ ਗਿਆ ਹੈ, ਤੋ ਰਾਮ ਜਨਮ-ਭੂਮੀ ਔਰ ਬਾਬਰੀ ਮਸਜਿਦ ਕਾ ਮੁੱਦਾ ਤੋ 1947 ਸੇ ਹੈ ਔਰ ਆਪ 1947 ਕੇ ਮੁੱਦੇ ਕੋ ਨਹੀਂ ਭੂਲ ਸਕਤੇ ਤੋ ਹਮੇਂ ਆਪ ਕਹਿਤੇ ਹੋ ਕਿ ਨਵੰਬਰ '84' ਕੋ ਭੂਲ ਜਾਓ । ਆਪ ਏਕ ਮੰਦਰ ਔਰ ਮਸਜਿਦ ਕੇ ਮਸਲੇ ਕੋ ਨਹੀਂ ਭੂਲ ਸਕਤੇ ਹੋ ਔਰ ਆਪ ਹਮੇਂ ਕਹਿਤੇ ਹੋ ਕਿ ਪਾਂਚ ਸੌ ਗੁਰਦਵਾਰੋਂ ਕੋ ਭੂਲ ਜਾਓ ।' ਮੇਰਾ ਇਹ ਉੱਤਰ ਸੁਣਦੇ ਹੀ ਉਹ ਚੁੱਪ ਹੋ ਗਏ ਤੇ ਕਹਿਣ ਲੱਗੇ ਕਿ 'ਨਹੀਂ ਐਸਾ ਨਹੀਂ ਹੋ ਸਕਤਾ ਹੈ ।"

ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਵਿਸ਼ਵਨਾਥ ਪ੍ਰਤਾਪ ਸਿੰਘ ਆੱਲ ਇੰਡੀਆ ਸਿੱਖ ਕਾਨਫਰੰਸ ਬੱਬਰ ਦੇ ਵਲੋਂ ਇਕ ਵਿਸ਼ਾਲ ਰੈਲੀ ਵਿੱਚ ਸ਼ਾਮਿਲ ਹੋਏ। ਇਹ ਰੈਲੀ ਤਿਲਕ ਵਿਹਾਰ ਵਿਧਵਾ ਕਾਲੋਨੀ ਦੇ ਵਿੱਚ ਆਰਗਨਾਈਜ਼ ਕੀਤੀ ਗਈ ਸੀ। ਇਸ ਰੈਲੀ ਵਿੱਚ ਸਵਰਗੀ ਸ਼੍ਰੀ ਵੀ.ਪੀ. ਸਿੰਘ ਨੇ ਨਵੰਬਰ 1984 ਦੇ ਪੀੜਤਾਂ ਲਈ ਕਈ ਅਹਿਮ ਇਤਿਹਾਸਕ ਫੈਸਲੇ ਲਏ ਸਨ, ਅਤੇ ਦਿੱਲੀ ਦੇ ਉਸ ਵੇਲੇ ਦੇ ਲੈ. ਗਵਰਨਰ ਰਿਟਾਇਰ ਏਅਰ ਚੀਫ ਮਾਰਸ਼ਲ ਅਰਜਨ ਸਿੰਘ ਨੂੰ ਦਿਸ਼ਾ ਨਿਰਦੇਸ਼ ਵੀ ਦਿੱਤੇ ਸਨ ਕਿ ਉਹ ਪਹਿਲ ਦੇ ਆਧਾਰ ਤੇ ਨਵੰਬਰ 1984 ਦੇ ਪੀੜਤਾਂ ਦੇ ਕੰਮ ਕਰਨ।

"ਮਿਸ਼ਰਾ ਕਮਿਸ਼ਨ ਰਿਪੋਰਟ ਦੀ ਚੀਰ-ਫਾੜ"

31 ਅਕਤੂਬਰ 1984, ਨੂੰ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਦੇ ਬਾਦ ਤੋਂ 5 ਨਵੰਬਰ ਤੱਕ ਦਿੱਲੀ ਅਤੇ ਦੇਸ਼ ਦੇ ਕਈ ਹਿੱਸਿਆਂ ਵਿੱਚ ਵਿਆਪਕ ਕਤਲੇਆਮ ਹੋਏ । ਇਸ ਵਿੱਚ ਹਜ਼ਾਰਾਂ ਸਿੱਖ ਮਾਰੇ ਗਏ । ਇਨ੍ਹਾਂ ਘਟਨਾਵਾਂ ਦੇ ਇੱਕ ਹਫ਼ਤੇ ਦੇ ਅੰਦਰ ਹੀ 17 ਨਵੰਬਰ ਨੂੰ ਪੀਪਲਜ਼ ਯੂਨੀਅਨ ਫਾਰ ਡੈਮੋਕ੍ਰੇਟਿਕ ਰਾਈਟਸ (ਪੀ. ਯੂ. ਡੀ. ਆਰ.) ਅਤੇ ਪੀਪਲਸ ਯੂਨੀਅਨ ਫ਼ਾਰ ਸਿਵਿਲ ਲਿਬਰਟੀਜ਼ (ਪੀ. ਯੂ. ਸੀ. ਐਲ.) ਨੇ "ਦੋਸ਼ੀ ਕੌਣ?" ਨਾਂ ਨਾਲ ਇੱਕ ਰਿਪੋਰਟ ਛਾਪੀ । ਰਿਪੋਰਟ ਦੇ ਮੁਤਾਬਕ ਇਹ ਮਾਰਕਾਟ ਇੱਕ ਸੰਗਠਿਤ ਯੋਜਨਾਬੱਧ ਕਾਰਵਾਈ ਸੀ ਅਤੇ ਇਨ੍ਹਾਂ ਵਿੱਚ ਕਾਂਗਰਸ (ਆਈ) ਦੇ ਵੱਡੇ ਨੇਤਾਵਾਂ ਅਤੇ ਪ੍ਰਸ਼ਾਸਨ ਅਧਿਕਾਰੀਆਂ ਦਾ ਫ਼ੁਰਤੀਲਾ ਯੋਗਦਾਨ ਰਿਹਾ ਸੀ । ਵੱਖੋ-ਵੱਖ ਅਖਬਾਰਾਂ ਦੀ ਰਿਪੋਰਟ ਵੀ ਇਸ ਨਤੀਜੇ ਤੇ ਪਹੁੰਚੀ ਸੀ । ਇਸਤੋਂ ਇਲਾਵਾ ਬਹੁਤ ਸਾਰੇ ਆਜ਼ਾਦ ਦੱਲਾਂ ਅਤੇ ਸੰਗਠਨਾਂ, ਜਿਵੇਂ ਸਿਟੀਜਨਸ ਕਮਿਸ਼ਨ, ਸਿਟੀਜਨਸ ਫ਼ਾਰ ਡੈਮੋਕਰੇਸੀ, ਨਾਗਰਿਕ ਏਕਤਾ ਮੰਚ, ਫਿਰਕਾਪ੍ਰਸਤ ਵਿਰੋਧੀ ਅੰਦੋਲਨ ਵਗੈਰਾ ਨੇ ਵੀ ਆਪਣੀ-ਆਪਣੀ ਛਾਣਬੀਨ ਨਾਲ ਇਸ ਦੀ ਪੁਸ਼ਟੀ ਕੀਤੀ । ਇਨ੍ਹਾਂ ਸਾਰਿਆਂ ਤੇ ਵਿਰੋਧੀ ਰਾਜਨੀਤਕ ਪਾਰਟੀਆਂ, ਅਖਬਾਰਾਂ ਅਤੇ ਆਮ ਜਨਤਾ ਨੇ ਇਹ ਮੰਗ ਕੀਤੀ ਕਿ ਇਸ ਮਾਮਲੇ ਦੀ ਪਬਲਿਕ ਤੌਰ ਤੇ ਜਾਂਚ ਕਰਾਈ ਜਾਵੇ ।ਆਖ਼ਰਕਾਰ ਸਰਕਾਰ ਨੇ ਦਬਾਵ ਵਿੱਚ ਆਕੇ ਦਿੱਲੀ, ਕਾਨਪੁਰ ਅਤੇ ਬੋਕਾਰੋ ਦੇ ਮਾਰਕਾਟ ਦੀ ਜਾਂਚ-ਪੜਤਾਲ ਲਈ ਕਮਿਸ਼ਨ ਬਿਠਾਇਆ । ਜਿਸਦੇ ਪ੍ਰਧਾਨ ਬਣਾਏ ਗਏ ਜੱਜ ਰੰਗਾਨਾਥ ਮਿਸ਼ਰਾ ਜੋ ਸੁਪਰੀਮ ਕੋਰਟ ਦੇ ਰਿਟਾਇਰਡ ਜੱਜ ਹਨ । ਇਸ ਕਮਿਸ਼ਨ ਦੀ ਰਿਪੋਰਟ 23 ਫ਼ਰਵਰੀ 1987 ਨੂੰ ਸੰਸਦ ਵਿੱਚ ਪੇਸ਼ ਕੀਤੀ ਗਈ । ਇਸ ਰਿਪੋਰਟ ਦਾ ਵਿਸ਼ਲੇਸ਼ਣ ।

ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਦ ਜਿਹੜਾ ਕਤਲੇਆਮ ਹੋਇਆ । ਉਸਦੀ ਜਾਂਚ ਪੜਤਾਲ ਦੀ ਮੰਗ ਦੇਸ਼ ਦੇ ਵੱਖੋ-ਵੱਖ ਜਨਵਾਦੀ ਤਬਕਿਆਂ ਨੇ ਕੀਤੀ । ਇਸਦੀ ਪਹਿਲ ਪੀ. ਯੂ. ਡੀ. ਆਰ. ਅਤੇ ਪੀ. ਯੂ. ਸੀ. ਐਲ. ਦੀ ਰਿਪੋਰਟ ਨੇ ਕੀਤੀ । ਇਨ੍ਹਾਂ ਨੇ ਹਾਈ ਕੋਰਟ ਵਿੱਚ ਜਾਂਚ ਲਈ ਜਨਹਿੱਤ ਰਿੱਟ ਫਾਈਲ ਕੀਤੀ । ਪਰ ਇਸਨੂੰ ਨਾਮੰਜ਼ੂਰ ਕਰ ਦਿੱਤਾ ਗਿਆ । ਸਰਕਾਰ ਨੇ ਵੀ ਕਿਸੀ ਤਰ੍ਹਾਂ ਦੀ ਜਾਂਚ ਕਰਾਉਣ ਤੋਂ ਮਨ੍ਹਾ ਕਰ ਦਿੱਤਾ ।ਪ੍ਰਧਾਨ ਮੰਤਰੀ ਨੇ ਆਪ ਇੱਕ ਸਮੇਂ ਤੇ ਇਹ ਕਿਹਾ ਕਿ ਜਾਂਚ ਪੜਤਾਲ ਨਾਲ ਕੋਈ ਫ਼ਾਇਦਾ ਹੋਣ ਵਾਲਾ ਨਹੀਂ ਹੈ । ਇਸ ਦੌਰਾਨ ਪੰਜਾਬ ਵਿੱਚ ਇਸ ਗੱਲ ਨੂੰ ਲੈ ਕੇ ਗਰਮਾ ਗਰਮੀ ਵੱਧੀ । ਰਾਜਨੀਤਕ ਦਲਾਂ ਅਤੇ ਸਿੱਖ ਸਮੁਦਾਏ ਦੀਆਂ ਪ੍ਰਤੀਨਿਧੀ ਸੰਸਥਾਵਾਂ ਨੇ ਇਹ ਐਲਾਨ ਕੀਤਾ ਕਿ ਜਦ ਤੱਕ ਇਨ੍ਹਾਂ ਘਟਨਾਵਾਂ ਦੀ ਜਾਂਚ ਨਹੀਂ ਹੁੰਦੀ, ਪੰਜਾਬ ਦੀ ਹਾਲਤ ਸੁਧਰ ਨਹੀਂ ਸਕਦੀ । ਆਖ਼ਰਕਾਰ 26 ਅਪ੍ਰੈਲ 1985 ਨੂੰ ਧਾਰਾ 3, ਕਮਿਸ਼ਨਜ਼ ਇਨਕਵਾਇਰੀ ਐਕਟ, 1952 ਦੇ ਅਧੀਨ ਜਸਟਿਸ ਰੰਗਾਨਾਥ ਮਿਸ਼ਰਾ ਕਮਿਸ਼ਨ ਦੀ ਚੋਣ ਕੀਤੀ ਗਈ । ਪਹਿਲਾਂ ਤਾਂ ਇਸਨੂੰ ਸਿਰਫ਼ ਦਿੱਲੀ ਵਿੱਚ ਹੋਏ ਦੰਗਿਆਂ ਦੀ ਜਾਂਚ ਦਾ ਕੰਮ ਸੌਂਪਿਆ ਗਿਆ । ਬਾਦ ਵਿੱਚ ਜਦੋਂ ਪ੍ਰਧਾਨਮੰਤਰੀ ਅਤੇ ਮਰਹੂਮ ਨੇਤਾ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਵਿੱਚ ਸਮਝੌਤਾ ਹੋਇਆ ਤਾਂ ਕਾਨਪੁਰ ਅਤੇ ਬੋਕਾਰੋ ਦੀਆਂ ਘਟਨਾਵਾਂ ਨੂੰ ਵੀ ਜਾਂਚ ਵਿੱਚ ਜੋੜ ਦਿੱਤਾ ਗਿਆ । ਬਾਦ ਵਿੱਚ ਚਾਸ ਤਹਿਸੀਲ ਨੂੰ ਵੀ, ਜੋ ਬੋਕਾਰੋ ਦੀ ਸੀਮਾ ਤੇ ਹੈ, ਇਸ ਵਿੱਚ ਜੋੜਿਆ ਗਿਆ । ਹਾਲਾਂਕਿ ਜਾਂਚ ਕਮਿਸ਼ਨ ਦਾ ਗਠਨ ਆਪਣੇ ਆਪ ਵਿੱਚ ਇੱਕ ਚੰਗਾ ਕਦਮ ਸੀ, ਪਰ ਜਿਸ ਤਰ੍ਹਾਂ ਪਹਿਲਾਂ ਸਰਕਾਰ ਨੇ ਇਸ ਮੰਗ ਨੂੰ ਅਣਸੁਣਿਆ ਕੀਤਾ ਅਤੇ ਬਾਦ ਵਿੱਚ ਮੰਨ ਲਿਆ, ਇਸ ਨਾਲ ਇੱਕ ਬੁਨਿਆਦੀ ਸਵਾਲ ਉਠਦਾ ਹੈ । ਸ਼ੁਰੂ ਵਿੱਚ ਇਹ ਮੰਗ ਇੱਕ ਜਨਵਾਦੀ ਮੰਗ ਸੀ, ਜੋ ਸਾਡੇ ਸੰਵਿਧਾਨ ਵਿੱਚ ਦਿੱਤੇ ਗਏ ਆਮ ਆਦਮੀ ਦੇ ਮੂਲ ਅਧਿਕਾਰਾਂ-ਜੀਵਨ ਦਾ ਅਧਿਕਾਰ ਅਤੇ ਆਜ਼ਾਦੀ ਦਾ ਅਧਿਕਾਰ ਨੂੰ ਲੈ ਕੇ ਚੁੱਕੀ ਗਈ ਸੀ । ਬਾਦ ਵਿੱਚ ਫ਼ਿਰਕਾਪ੍ਰਸਤੀ ਦਲਾਂ ਨੇ ਇਸ ਨੂੰ ਫਿਰਕਾਪ੍ਰਸਤੀ ਮੰਗ ਦੀ ਤਰ੍ਹਾਂ ਚੁੱਕਿਆ

THE HINDU

Nov. '84 widows storm Delhi High Court

From Our Staff Reporter

NEW DELHI, Nov. 15.

Alarmed over a poke-face made by the November 1984 anti-Sikh riot widow Satwant Bai, nearly 300 anti-Sikh riot widows got together today and laid siege to the Delhi High Court to press for immediate hearing of their petitions and bringing the accused to book.

The siege was broken late tonight when the Registrar of the High Court, Mr. M. A. Khan, appeared before the widows and agreed to take up their cases on Monday morning. In their petition, the widows have demanded that the enquiry committee report on the riots be made public, cases which have not been registered so far be registered, and statements of widows whose houses had been looted be recorded.

They have also called for institution of a CBI enquiry to investigate why Satwant Bai — who had earlier accused the former Union Minister, Mr. H. K. L. Bhagat, of instigating the mob which killed her husband during the November '84 riots — changed her statement.

The widows dispersed around 10-30 p.m., nearly 15 hours after they had left their homes in Tilak Nagar and adjoining areas in West Delhi to raise their voice against the delay in action against those guilty of spearheading the 1984 riots following the assassination of the then Prime Minister, Indira Gandhi.

According to some of the widows, they left their homes around 9 a.m. "En route, we were stopped at Tilak Nagar and Tilak Vihar by the police. Satwant Bai, who was with us, left us when the police stopped us at Tilak Nagar." They were again stopped at Jantar Mantar on Parliament Street where they brought all traffic to a grinding halt for a couple of hours in the afternoon.

Meanwhile, others managed to reach the High Court and entered the building in small groups. They refused to leave the premises when the Court closed for the day. For the greater part of the evening they sat in the lounge of the Court. They refused to budge, insisting that the Chief Justice give them a personal hearing and accept their petition directly. They insisted that fresh cases be registered against the guilty.

The Chief Justice, however, managed to give them the slip around 6-45 p.m. Two and a half hours later, a five-widow delegation led by Mr. Gurcharan Singh Babbar of the All-India Shiromani Akali Dal (Babbar) was allowed to meet the Registrar and some senior police officers.

They were closeted inside the room for nearly half an hour during which time one of the widows had an epileptic fit and began raving and ranting against the killers and the police. She was pacified only when Mr. Babbar appeared to place the proceedings of his meeting with Court officials before the widows for their approval.

Mr. Babbar told the widows that the Registrar, acting on behalf of the Chief Justice, had agreed to take up the first case for hearing on Monday. Also, senior police officers had given an assurance that the widows would not be stopped from coming to the Court. Following this assurance, the widows agreed to lift the siege and were escorted home in police vehicles.

See also Page 2

November 1984 anti-Sikh riots widows coming out of the Delhi High Court on Friday night after ending siege of the court premises to press for action against the guilty. — Pic. by Anu Pushkarna

ਅਤੇ ਇਸੀ ਆਧਾਰ ਤੇ ਸਰਕਾਰ ਨੇ ਇਸਨੂੰ ਮੰਨਿਆ ਵੀ । ਸਰਕਾਰ ਦਾ ਇਹ ਰਵਈਆ ਸਾਡੇ ਦੇਸ਼ ਦੇ ਧਰਮ ਨਿਰਪੇਖਤਾ ਦੇ ਸਿਧਾਂਤ ਲਈ ਘਾਤਕ ਹੈ ਕਿਉਂਕਿ ਇਸ ਨਾਲ ਸਿਰਫ਼ ਫ਼ਿਰਕਾਪ੍ਰਸਤ ਤਾਕਤਾਂ ਨੂੰ ਤਾਕਤ ਮਿਲਦੀ ਹੈ ।

ਪਿਛਲੇ ਸਾਲਾਂ ਵਿੱਚ ਕਮਿਸ਼ਨ ਇਨਕਵਾਇਰੀ ਐਕਟ ਦੇ ਅਧੀਨ ਫ਼ਿਰਕਾਪ੍ਰਸਤੀ ਦੰਗਿਆਂ ਦੀ ਜਾਂਚ ਲਈ ਦਸ ਤੋਂ ਜ਼ਿਆਦਾ ਕਮਿਸ਼ਨ ਬਿਠਾਏ ਜਾ ਚੁੱਕੇ ਹਨ । ਇਨ੍ਹਾਂ ਵਿੱਚ ਪ੍ਰਮੁੱਖ ਹਨ, ਮਾਲੇਗਾਂਵ (1967), ਅਹਿਮਦਾਬਾਦ (1969), ਭਿਵੰਡੀ (1971), ਜਮਸ਼ੇਦਪੁਰ (1979) ਅਤੇ ਹੈਦਰਾਬਾਦ (1984) । ਪਰ ਇਨ੍ਹਾਂ ਸਭ ਵਿੱਚ ਅਤੇ ਮਿਸ਼ਰਾ ਕਮਿਸ਼ਨ ਵਿੱਚ ਦੋ ਖ਼ਾਸ ਫ਼ਰਕ ਹਨ । ਪੁਰਾਨੇਸ ਵੀ ਕਮਿਸ਼ਨ ਦੰਗਿਆਂ ਦੇ ਫੌਰਨ ਬਾਦ ਨਿਯੁਕਤ ਕੀਤੇ ਗਏ ਸੀ। ਸਿਰਫ਼ ਮਾਲੇਗਾਂਵ ਕਮਿਸ਼ਨ ਦੀ ਨਿਯੁਕਤੀ ਵਿੱਚ ਪੂਰੇ 6 ਮਹੀਨੇ ਲਗ ਗਏ-ਨਵੰਬਰ 1984 ਦੇ ਬਾਦ ਅਪ੍ਰੈਲ 1985 ਵਿੱਚ ਜਾਕੇ ਕਮਿਸ਼ਨ ਬਿਠਾਇਆ ਗਿਆ । ਇਸਤੋਂ ਬਾਦ ਉਨ੍ਹਾਂ ਦੀ ਪਹਿਲੀ ਸੁਣਵਾਈ 29 ਜੁਲਾਈ ਨੂੰ ਹੀ ਹੋ ਪਾਈ । ਇੱਕ ਬੈਠਕ ਦੇ ਬਾਦ ਕਮਿਸ਼ਨ ਸ਼ਾਇਦ ਫ਼ਿਰ ਸੌਂ ਗਿਆ । ਦੂਜੀ ਸੁਣਵਾਈ 2 ਸਤੰਬਰ ਨੂੰ ਹੋਈ । 11 ਸਤੰਬਰ ਨੂੰ ਕਮਿਸ਼ਨ ਨੇ ਮੰਗ ਕੀਤੀ ਕਿ ਧਾਰਾ 5-ਏ ਦੇ ਤਹਿਤ ਉਨ੍ਹਾਂ ਨੂੰ ਆਪਣੀ ਛਾਨ-ਬੀਨ ਕਰਣ ਲਈ ਇੱਕ ਏਜੰਸੀ ਦਿੱਤੀ ਜਾਵੇ । ਪਰ ਸਰਕਾਰ ਨੇ ਇਸ 'ਤੇ ਧਿਆਨ ਨਹੀਂ ਦਿੱਤਾ । 5 ਨਵੰਬਰ ਨੂੰ ਕਮਿਸ਼ਨ ਨੇ ਦਿੱਲੀ ਪ੍ਰਸ਼ਾਸਨ ਅਤੇ ਕੇਂਦਰੀ ਸਰਕਾਰ ਨੂੰ ਸਖ਼ਤ ਲਫ਼ਜ਼ਾਂ ਵਿੱਚ ਆਦੇਸ਼ ਭੇਜਿਆ ਕਿ ਉਨ੍ਹਾਂ ਨੂੰ ਏਜੰਸੀ ਦਿੱਤੀ ਜਾਏ । ਇਸ ਤਰ੍ਹਾਂ ਕਮਿਸ਼ਨ ਨੂੰ ਠੀਕ ਤਰ੍ਹਾਂ ਨਾਲ ਕੰਮ ਸ਼ੁਰੂ ਕਰਨ ਵਿੱਚ ਪੂਰਾ ਇੱਕ ਸਾਲ ਲੱਗ ਗਿਆ । ਫਿਰ ਰਿਪੋਰਟ ਪੇਸ਼ ਕਰਨ ਵਿੱਚ ਦਸ ਮਹੀਨੇ ਲੱਗੇ, ਜੋ ਅਗਸਤ 1986 ਵਿੱਚ ਸਰਕਾਰ ਨੂੰ ਦਿੱਤੀ ਗਈ । ਇਸਤੋਂ ਬਾਦ 6 ਮਹੀਨੇ ਸਰਕਾਰ ਕੋਲ ਇਹ ਰਿਪੋਰਟ ਪਈ ਰਹਿਣ ਤੋਂ ਬਾਦ ਫ਼ਰਵਰੀ 1987 ਵਿੱਚ ਸੰਸਦ ਵਿੱਚ ਰੱਖੀ ਗਈ ।

ਕਮਿਸ਼ਨ ਦੇ ਬਾਰੇ ਵਿੱਚ ਦੂਜੀ ਖ਼ਾਸ ਗੱਲ ਸੀ-ਉਸਦਾ ਦਾਇਰਾ ਅਤੇ ਉਦੇਸ਼ । ਸਾਰੇ ਪਹਿਲੇ ਕਮਿਸ਼ਨਾਂ ਦੇ ਸਾਹਮਣੇ ਮੁੱਖ ਸਵਾਲ ਹੁੰਦਾ ਸੀ "ਦੰਗਿਆਂ ਦੇ ਕਾਰਨਾਂ ਅਤੇ ਘਟਨਾਵਾਂ ਦੇ ਕ੍ਰਮ ਦੀ ਜਾਂਚ-ਪੜਤਾਲ ਕਰਨਾ ।" ਇਸ ਵਾਰੀ ਕਮਿਸ਼ਨ ਦਾ ਮੰਤਵ ਸੀ "ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਦ ਹੋਏ ਦੰਗਿਆਂ ਨੂੰ ਲੈ ਕੇ ਜੋ ਸੰਗਠਿਤ ਹਿੰਸਾ ਦੀਆਂ ਵਾਰਦਾਤਾਂ ਦਾ ਇਲਜ਼ਾਮ ਲਗਾਇਆ ਗਿਆ ਹੈ, ਉਨ੍ਹਾਂ ਦੀ ਜਾਂਚ ਕਰਨਾ।" ਇਸਦਾ ਸਾਫ਼ ਅਰਥ ਹੈ ਕਿ ਇਹ ਕਮਿਸ਼ਨ ਦੰਗਿਆਂ ਦੇ ਕਾਰਨਾਂ ਦੀ ਜਾਂਚ ਕਰਨ ਲਈ ਨਹੀਂ ਸੀ ।

ਇਸਦਾ ਮਕਸਦ ਹੀ ਦੂਜਾ ਸੀ । (ਹਾਲਾਂਕਿ ਕਾਨਪੁਰ, ਬੋਕਾਰੋ ਅਤੇ ਚਾਂਸ ਦੇ ਦੰਗਿਆਂ ਦੇ ਬਾਰੇ ਵਿੱਚ ਇਸਦਾ ਕੰਮ ਦੰਗਿਆਂ ਦੀ ਜਾਂਚ ਕਰਨਾ ਹੀ ਸੀ ।) ਪਹਿਲਾਂ ਇਹ ਕਿ ਇਸ ਕਮਿਸ਼ਨ ਦਾ ਉਦੇਸ਼ ਹੀ ਅਜੀਬੋ ਗਰੀਬ ਸੀ । ਦੂਜਾ ਆਮ ਜਨਤਾ ਵਿੱਚ ਇਹ ਵਿਸ਼ਵਾਸ ਬਣ ਗਿਆ ਸੀ ਕਿ ਸ਼ਾਸਕ ਪਾਰਟੀ ਦਾ ਦੰਗਿਆਂ ਵਿੱਚ ਭਾਰੀ ਹੱਥ ਰਿਹਾ ਸੀ । ਤੀਜਾ ਇਹ ਕਿ ਕਮਿਸ਼ਨ ਨਿਯੁਕਤ ਕਰਨ ਵਿੱਚ ਸਰਕਾਰ ਨੇ ਬਹੁਤ ਹੀਲ-ਹੁੱਜਤ ਤੇ ਦੇਰੀ ਕੀਤੀ ਸੀ । ਇਨ੍ਹਾਂ ਸਭ ਕਾਰਨਾਂ ਨਾਲ ਜਨਤਾ ਦੀਆਂ ਨਜ਼ਰਾਂ ਵਿੱਚ, ਖਾਸ ਕਰਕੇ ਦੰਗਾ ਪੀੜਤਾਂ ਦੀਆਂ ਨਜ਼ਰਾਂ ਵਿੱਚ ਕਮਿਸ਼ਨ ਦੀ ਸਾਖ ਡਿੱਗ ਚੁੱਕੀ ਸੀ ।

ਕਮਿਸ਼ਨ ਦਾ ਮੁੱਖ ਕੰਮ ਸੀ ਦੰਗਿਆਂ ਵਿੱਚ ਸੰਗਠਤ ਹਿੰਸਾ ਦੀਆਂ ਵਾਰਦਾਤਾਂ ਦੇ ਇਲਜ਼ਾਮਾਂ ਦੀ ਜਾਂਚ-ਪੜਤਾਲ ਕਰਨਾ । ਇਹ ਇਲਜ਼ਾਮ ਸਭ ਤੋਂ ਪਹਿਲੇ ਪੀ. ਯੂ. ਡੀ. ਆਰ. ਅਤੇ ਪੀ. ਯੂ. ਸੀ. ਐਲ. ਨੇ ਲਗਾਏ ਸੀ । ਪਰ ਦੋਨਾਂ ਸੰਗਠਨਾਂ ਨੂੰ ਕਮਿਸ਼ਨ ਦੀ ਕਾਰਵਾਈ ਵਿੱਚ ਹਿੱਸਾ ਲੈਣ ਦੀ ਇਜ਼ਾਜ਼ਤ ਨਹੀਂ ਦਿੱਤੀ ਗਈ । ਇਸੀ ਤਰ੍ਹਾਂ ਨਾਗਰਿਕ ਏਕਤਾ ਮੰਚ ਨੂੰ ਵੀ, ਜਿਸਨੇ ਪੀੜਤਾਂ ਦੀ ਮਦਦ ਕਰਨ ਅਤੇ ਪੁਨਰਵਾਸ ਲਈ ਬਹੁਤ ਕੰਮ ਕੀਤਾ ਸੀ, ਕਮੀਸ਼ਨ ਦੇ ਸਾਹਮਣੇ ਆਪਣੀ ਗੱਲ ਕਹਿਣ ਅਤੇ ਕਾਰਵਾਈ ਵਿੱਚ ਹਿੱਸਾ ਲੈਣ ਦਾ

Patriot

EDNESDAY, MAY 24, 1989

Sikh widows and children, victims of the November 1984 riots demonstrating outside the residence of Lt. Governor, Romesh Bhandari on Tuesday, demanding rehabilitation — Patriot Photo.

ਸੀਮਿਤ ਅਵਸਰ ਹੀ ਮਿਲ ਸਕਿਆ । ਪਰ ਪਹਿਲੇ ਦੋ ਸੰਗਠਨਾਂ ਨੇ ਮਜ਼ਬੂਰ ਹੋ ਕੇ ਆਪਣੇ ਆਪ ਨੂੰ ਕਮਿਸ਼ਨ ਦੀ ਕਾਰਵਾਈ ਤੋਂ ਅਲੱਗ ਕਰ ਲਿਆ ਕਿਉਂਕਿ ਉਨ੍ਹਾਂ ਨੂੰ ਕਮਿਸ਼ਨ ਦੇ ਕੰਮ ਕਰਨ ਦੇ ਢੰਗ ਤੋਂ ਸ਼ਿਕਾਇਤ ਸੀ । ਉਨ੍ਹਾਂ ਦਾ ਕਹਿਣਾ ਸੀ ਕਿ ਕਮਿਸ਼ਨ ਦੀ ਜਾਂਚ ਗੁਪਤ ਨਹੀਂ ਰੱਖੀ ਜਾਣੀ ਚਾਹੀਦੀ ਅਤੇ ਨਾ ਹੀ ਅਖ਼ਬਾਰਾਂ ਨੂੰ ਇਸਦੀ ਰਿਪੋਰਟ ਛਾਪਣ ਤੇ ਮਨਾਹੀ ਹੋਣੀ ਚਾਹੀਦੀ ਹੈ । ਕਮਿਸ਼ਨ ਦੀ ਰਿਪੋਰਟ ਵਿੱਚ ਸੀ. ਜੇ. ਸੀ. ਦੇ ਭਾਗ ਨਾ ਲੈਣ ਦੇ ਫ਼ੈਸਲੇ ਨੂੰ ਗੈਰ ਜਿੰਮੇਦਾਰਾਨਾ ਕਿਹਾ ਗਿਆ ਹੈ । ਪਰ ਇਹ ਦੱਸਣ ਦੀ ਲੋੜ ਨਹੀਂ ਸਮਝੀ ਗਈ ਕਿ ਸੀ. ਜੇ. ਸੀ. ਨੇ ਇੰਝ ਕਿਉਂ ਕੀਤਾ । ਰਿਪੋਰਟ ਵਿੱਚ ਇਸ ਗੱਲ ਦਾ ਜ਼ਿਕਰ ਵੀ ਨਹੀਂ ਕੀਤਾ ਗਿਆ ਕਿ ਅਕਾਲੀ ਦੱਲ ਤੇ ਨਾਗਰਿਕ ਏਕਤਾ ਮੰਚ ਨੇ ਵੀ ਕਮਿਸ਼ਨ ਦੇ ਨਾਲ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ ਸੀ । ਦੂਜੇ ਪਾਸੇ ਚਾਰ ਐਸੇ ਸੰਗਠਨਾਂ ਨੂੰ, ਜਿੰਨਾਂ ਦੇ ਬਾਰੇ ਵਿੱਚ ਕਿਸੀ ਨੂੰ ਵੀ ਠੀਕ ਤਰ੍ਹਾਂ ਜਾਣਕਾਰੀ ਨਹੀਂ ਸੀ, ਕਮਿਸ਼ਨ ਦੀ ਕਾਰਵਾਈ ਵਿੱਚ ਹਿੱਸਾ ਲੈਣ ਦੀ ਇਜ਼ਾਜ਼ਤ ਮਿਲ ਗਈ ਅਤੇ ਉਹ ਸ਼ੁਰੂ ਤੋਂ ਆਖ਼ਿਰ ਤਕ ਇਸ ਵਿੱਚ ਹਿੱਸਾ ਲੈਂਦੇ ਰਹੇ ।

